# ਸਾਲਾਨਾ ਰਿਪੋਰਟ
## 2017 - 2018

ਇਹ ਸਾਲਾਨਾ ਰਿਪੋਰਟ 1 ਜੁਲਾਈ 2017 ਤੋਂ 30 ਜੂਨ 2018 ਤੱਕ ਦੀ ਹੈ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ
ਲੁਧਿਆਣਾ

**ਅਨੁਵਾਦ**
**ਨਰਿੰਦਰ ਪਾਲ ਸਿੰਘ**
**ਜਗਵਿੰਦਰ ਸਿੰਘ**

ਛਾਪਕ ਅਤੇ ਪ੍ਰਕਾਸ਼ਕ, ਐਡੀਸ਼ਨਲ ਡਾਇਰੈਕਟਰ (ਸੰਚਾਰ) ਨੇ ਪੀ ਏ ਯੂ ਪ੍ਰਿੰਟਿੰਗ ਪ੍ਰੈਸ, ਲੁਧਿਆਣਾ ਤੋਂ
ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲਈ ਪ੍ਰਕਾਸ਼ਤ ਕੀਤਾ।
adcomm@pau.edu

# ਤਤਕਰਾ

**ਖੋਜ**............ 1-16
ਫ਼ਸਲ ਸੁਧਾਰ............ 1
ਖੇਤ ਫ਼ਸਲਾਂ............ 1
ਹੋਰ ਜ਼ੋਨਾਂ ਲਈ ਜ਼ਾਰੀ ਕੀਤੀਆਂ ਖੇਤ ਫ਼ਸਲਾਂ ਦੀਆਂ ਕਿਸਮਾਂ............ 2
ਬਾਗਬਾਨੀ ਦੀਆਂ ਫ਼ਸਲਾਂ............ 3
ਸਬਜ਼ੀਆਂ ਦੀਆਂ ਫ਼ਸਲਾਂ............ 3
ਫੁੱਲ ਅਤੇ ਸਜਾਵਟੀ ਬੂਟੇ............ 4
ਜਰਮਪਲਾਜ਼ਮ ਇਕੱਠੇ ਕਰਨਾ ਅਤੇ ਉਹਨਾਂ ਦੀ ਵਰਤੋਂ............ 4
ਬਾਇਓਤਕਨਾਲੋਜੀ............ 5
ਬੀਜ ਤਕਨਾਲੋਜੀ............ 6
ਫ਼ਸਲ ਉਤਪਾਦਨ ਤਕਨੀਕਾਂ............ 6
ਖੇਤ ਫ਼ਸਲਾਂ............ 7
ਬਾਗਬਾਨੀ ਫ਼ਸਲਾਂ............ 8
ਫ਼ਸਲ ਸੁਰੱਖਿਆ ਤਕਨੀਕਾਂ............ 8
ਖੇਤ ਫ਼ਸਲਾਂ............ 9
ਬਾਗਬਾਨੀ ਫ਼ਸਲਾਂ............ 10
ਭੋਜਨ ਵਿਗਿਆਨ ਅਤੇ ਤਕਨਾਲੋਜੀ............ 11
ਕਟਾਈ ਉਪਰੰਤ ਤਕਨੀਕਾਂ............ 12
ਵਣ ਖੇਤੀ............ 12
ਸ਼ਹਿਦ ਮੱਖੀ ਪਾਲਣ............ 13
ਖੁੰਭਾਂ ਦੀ ਕਾਸ਼ਤ............ 13
ਖੇਤੀ ਮਸ਼ੀਨੀਕਰਨ............ 13
ਬਾਇਓਮਾਸ ਅਧਾਰਿਤ ਊਰਜਾ ਦਾ ਉਤਪਾਦਨ............ 14
ਧਰਤੀ ਹੇਠਲੇ ਪਾਣੀ ਦੀ ਵਰਤੋਂ ਅਤੇ ਰੀਚਾਰਜ............ 14
ਖੇਤੀ ਅਰਥ ਸਾਸ਼ਤਰ ਅਤੇ ਸਮਾਜ ਵਿਗਿਆਨ............ 15
ਬਾਇਓਕਮਿਸਟਰੀ............ 15
ਭੋਜਨ ਅਤੇ ਪੋਸ਼ਣ............ 15
ਐਪੇਰਿਲਜ਼ ਅਤੇ ਟੈਕਸਟਾਇਲਜ਼............ 16
ਤਕਨੀਕਾਂ ਦਾ ਵਪਾਰੀਕਰਨ............ 16

**ਸਿੱਖਿਆ**............17-28
ਪ੍ਰੀਖਿਆ ਸੈੱਲ............ 18
ਨਵੇਂ ਕੋਰਸ............18
ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ............ 23
ਪੀ ਏ ਯੂ ਵੱਲੋਂ ਪ੍ਰਦਾਨ ਕੀਤੇ ਪੁਰਸਕਾਰ............ 23
ਵਜ਼ੀਫੇ ਅਤੇ ਵਿੱਤੀ ਸਹਾਇਤਾ............ 24
ਕਨਵੋਕੇਸ਼ਨ............ 25
ਵਿਦਿਆਰਥੀ ਭਲਾਈ ਗਤੀਵਿਧੀਆਂ............ 25

**ਪਸਾਰ**............29-34
ਕਿਸਾਨ ਮੇਲੇ............ 29
ਵਿਸ਼ੇਸ਼ ਮੁਹਿੰਮਾਂ............ 29
ਖੇਤ ਦਿਵਸ............ 30
ਅਪਨਾਏ ਖੋਜ ਤਜਰਬੇ............ 30

ਆਨ ਫਾਰਮ ਟ੍ਰਾਇਲਜ਼ (ਖੇਤਾਂ ਵਿੱਚ ਤਜਰਬੇ)........ 31
ਪ੍ਰਦਰਸ਼ਨੀਆਂ........ 32
ਸਿਖਲਾਈਆਂ ਅਤੇ ਨੁਮਾਇਸ਼ਾਂ........ 32
ਕਾਰਜਸ਼ਾਲਾਵਾਂ........ 33
ਕਿਸਾਨਾਂ ਦੀਆਂ ਜੱਥੇਬੰਦੀਆਂ........ 33
ਸੂਚਨਾ ਅਤੇ ਸੰਚਾਰ ਦੇ ਸਾਧਨ........ 33
ਜਨ-ਸਾਧਨਾਂ ਰਾਹੀਂ ਸੰਚਾਰ........ 34
ਖੇਤੀ ਪ੍ਰਕਾਸ਼ਨਾਵਾਂ........ 34

**ਮਾਨਵ ਸਰੋਤ, ਵਿੱਤ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ........35-47**
ਨਵੀਆਂ ਨਿਯੁਕਤੀਆਂ, ਤਰੱਕੀਆਂ ਅਤੇ ਸੇਵਾ ਮੁਕਤੀਆਂ........ 35
ਪੁਰਸਕਾਰ, ਮਾਣ ਅਤੇ ਸਨਮਾਨ........ 36
ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਪਰਕ........ 38
ਸਿਖਲਾਈਆਂ ਅਤੇ ਵਿਦੇਸ਼ੀ ਦੌਰੇ........ 41
ਵਿੱਤ........ 44
ਖਰੀਦੇ ਗਏ ਨਵੇਂ ਉਪਕਰਨ (20 ਲੱਖ ਰੁਪਏ ਤੋਂ ਉੱਪਰ)........ 46
ਨਵੀਆਂ ਲੈਬਾਰਟਰੀਆਂ ਅਤੇ ਢਾਂਚੇ ਦੀ ਸਿਰਜਨਾ ਅਤੇ ਨਵਿਆਉਣਾ........ 47

**ਐੱਮ ਐੱਸ ਰੰਧਾਵਾ ਲਾਇਬ੍ਰੇਰੀ........48**

**ਪ੍ਰਭਾਵ........49**

**ਪ੍ਰਸ਼ਾਸਨ........51**
ਅਕਾਦਮਿਕ ਕੌਂਸਲ........53

**ਪ੍ਰਬੰਧਕੀ ਬੋਰਡ ਦੇ ਮਹੱਤਵਪੂਰਨ ਫੈਸਲੇ........54**

**ਅਕਾਦਮਿਕ ਕੌਂਸਲ ਦੇ ਮਹੱਤਵਪੂਰਨ ਫੈਸਲੇ........55**

**ਅਨੁਲੱਗ-1........56**

**ਅਨੁਲੱਗ-2........57**

**ਸਲਾਨਾ ਰਿਪੋਰਟ ਦੀਆਂ ਮੁੱਖ ਝਲਕੀਆਂ ਅਤੇ ਸਾਰ........94-100**
ਖੋਜ........94
ਫ਼ਸਲ ਸੁਧਾਰ ........94
ਫ਼ਸਲ ਉਤਪਾਦਨ ਤਕਨੀਕਾਂ........95
ਫ਼ਸਲ ਸੁਰੱਖਿਆ ਤਕਨੀਕਾਂ........96
ਬੀਜ ਅਤੇ ਨਰਸਰੀ ਉਤਪਾਦਨ........97
ਫੂਡ ਸਾਇੰਸ ਤਕਨਾਲੋਜੀ ਅਤੇ ਪ੍ਰੋਸੈਸਿੰਗ........97
ਕਟਾਈ ਉਪਰੰਤ ਤਕਨੀਕਾਂ........97
ਮਧੂ ਮੱਖੀ ਪਾਲਣ ਅਤੇ ਖੁੰਬ ਉਤਪਾਦਨ........97
ਖੇਤ ਮਸ਼ੀਨਰੀ........98
ਬਾਇਓਮਾਸ ਅਧਾਰਿਤ ਊਰਜਾ ਅਤੇ ਧਰਤੀ ਹੇਠਲਾ ਪਾਣੀ ਰੀਚਾਰਜ ਕਰਨਾ........98
ਐਪਰਿਲਜ਼ ਅਤੇ ਟੈਕਸਟਾਇਲਜ਼........98
ਤਕਨੀਕਾਂ ਦਾ ਵਪਾਰੀਕਰਨ........98
ਸਿੱਖਿਆ ਅਤੇ ਮਾਨਵ ਸਰੋਤ ਵਿਕਾਸ........98
ਪਸਾਰ........99
ਸਮਝੌਤੇ ਦੇ ਯਾਦ ਪੱਤਰ........100
ਮਾਣ-ਸਨਮਾਨ........100

# ਖੋਜ

ਖੋਜ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਪ੍ਰਮੁੱਖ ਕਾਰਜ ਖੇਤਰ ਹੈ । ਯੂਨੀਵਰਸਿਟੀ ਵੱਲੋਂ ਖਿੱਤੇ ਦੀ ਖੇਤੀਬਾੜੀ ਨੂੰ ਦਰਪੇਸ਼ ਚੁਣੌਤੀਆਂ ਅਤੇ ਸਥਿਤੀਆਂ/ਪ੍ਰਸਥਿਤੀਆਂ ਨਾਲ ਨਜਿੱਠਣ ਲਈ ਕਾਰਜਸ਼ੀਲ ਖੋਜ ਏਜੰਡਾ ਲਾਗੂ ਕੀਤਾ ਜਾਂਦਾ ਹੈ। ਯੂਨੀਵਰਸਿਟੀ ਵੱਲੋਂ ਕੀਤੇ ਜਾ ਰਹੇ ਮੌਜੂਦਾ ਖੋਜ ਕਾਰਜਾਂ ਵਿੱਚ ਫ਼ਸਲ ਸੁਧਾਰ, ਵਾਤਾਵਰਨ ਅਨੁਕੂਲ ਤਕਨੀਕਾਂ, ਕੁਦਰਤੀ ਸੋਮਿਆਂ ਦਾ ਰੱਖ-ਰਖਾਅ, ਫ਼ਸਲੀ ਰਹਿੰਦ ਖੂੰਹਦ ਦੀ ਸਾਂਭ ਸੰਭਾਲ, ਸੰਯੁਕਤ ਕੀਟ ਅਤੇ ਰੋਗ ਪ੍ਰਬੰਧਣ, ਖੇਤੀ ਲਾਗਤਾਂ ਦੀ ਸੁਚੱਜੀ ਵਰਤੋਂ ਅਤੇ ਖੇਤੀ ਮਸ਼ੀਨੀਕਰਨ ਸ਼ਾਮਲ ਹਨ । ਕਟਾਈ ਉਪਰੰਤ ਫ਼ਸਲਾਂ ਦੀ ਸਾਂਭ-ਸੰਭਾਲ ਅਤੇ ਪ੍ਰੋਸੈਸਿੰਗ ਤਕਨੀਕਾਂ, ਸਹਾਇਕ ਧੰਦੇ, ਮੰਡੀਆਂ ਦਾ ਵਿਸਲੇਸ਼ਣ ਅਤੇ ਵਾਜਬ ਮੁੱਲ ਅਦਾ ਕਰਨ ਵਾਲੀਆਂ ਚੇਨਜ਼ ਦੀ ਖੋਜ ਕਰਨ ਅਤੇ ਇਸਨੂੰ ਹੁਲਾਰਾ ਦੇਣ ਤਾਂ ਜੋ ਕਿਸਾਨ ਜਾਣਕਾਰੀ ਨਾਲ ਲੈਸ ਹੋ ਕੇ ਆਪਣੇ ਫੈਸਲੇ ਲੈ ਸਕਣ, ਰਾਹੀਂ ਕਿਸਾਨਾਂ ਦੀ ਆਮਦਨ ਅਤੇ ਗੁਣਵਤਾ ਵਧਾਉਣ ਲਈ ਵੀ ਯਤਨ ਕੀਤੇ ਗਏ ।

## ਫ਼ਸਲ ਸੁਧਾਰ

ਫ਼ਸਲ ਸੁਧਾਰ ਪ੍ਰੋਗਰਾਮਾਂ ਵਿੱਚ ਮਿੱਥੇ ਟੀਚਿਆਂ ਦੀ ਪੂਰਤੀ ਕਰਨ ਲਈ ਉਤਪਾਦਨ, ਜੈਵਿਕ ਅਤੇ ਅਜੈਵਿਕ ਦਬਾਅ ਪ੍ਰਤੀ ਰੋਧਿਕਤਾ ਦੇ ਨਾਲ ਨਾਲ ਪੋਸ਼ਟਿਕਤਾ ਅਤੇ ਪ੍ਰੋਸੈਸਿੰਗ ਗੁਣਵਤਾ ਨੂੰ ਵੀ ਸ਼ਾਮਲ ਕੀਤਾ ਗਿਆ । ਖੇਤ ਫ਼ਸਲਾਂ ਦੀਆਂ ਕਿਸਮਾਂ ਜਿਨ੍ਹਾਂ ਵਿੱਚ ਕਮਾਦ, ਦਾਲਾਂ, ਤੇਲਬੀਜ ਅਤੇ ਚਾਰੇ ਵੀ ਸ਼ਾਮਲ ਹਨ, ਜੋ ਕਿ ਖੇਤੀ ਵੰਨ-ਸੁਵੰਨਤਾ ਲਈ ਜ਼ਰੂਰੀ ਹਨ, ਜ਼ਾਰੀ ਕੀਤੀਆਂ ਗਈਆਂ। ਫ਼ਲਾਂ, ਸਬਜ਼ੀਆਂ ਅਤੇ ਸਜਾਵਟੀ ਬੂਟਿਆਂ ਦੀਆਂ ਨਵੀਆਂ ਕਿਸਮਾਂ ਜ਼ਾਰੀ ਕੀਤੀਆਂ ਗਈਆਂ । ਝਾੜ ਅਤੇ ਪ੍ਰਤੀਰੋਧਿਕਤਾ ਦੇ ਨਾਲ ਨਾਲ ਸਬਜ਼ੀਆਂ ਦੀ ਬਰੀਡਿੰਗ ਦੇ ਪ੍ਰੋਗਰਾਮ ਦਾ ਮੁੱਖ ਟੀਚਾ ਬੇਮੌਸਮ ਦੌਰਾਨ ਵੱਧ ਭਾਅ ਵਸੂਲਣਾ ਅਤੇ ਉੱਚ ਸੁਰੱਖਿਤ ਕਾਸ਼ਤਕਾਰੀ ਅਧੀਨ ਉੱਚ ਮਿਆਰੀ ਉਤਪਾਦਨ ਪੈਦਾ ਕਰਨਾ ਰਿਹਾ ।

ਯੂਨੀਵਰਸਿਟੀ ਨੇ ਪੰਜਾਬ ਵਿੱਚ ਕਾਸ਼ਤ ਲਈ ਵੱਖੋ-ਵੱਖ ਫ਼ਸਲਾਂ ਦੀਆਂ 25 ਕਿਸਮਾਂ (ਖੇਤੀ ਫ਼ਸਲਾਂ ਦੀਆਂ 13, ਫ਼ਲਾਂ ਦੀਆਂ 4, ਸਬਜ਼ੀਆਂ ਦੀਆਂ 6 ਅਤੇ ਸਜਾਵਟੀ ਫ਼ਸਲਾਂ ਦੀਆਂ 2) ਵਿਕਸਿਤ ਕੀਤੀਆਂ/ਪ੍ਰਵਾਨਗੀ ਦਿੱਤੀ । ਪੀਏਯੂ ਵੱਲੋਂ ਵਿਕਸਿਤ ਕੀਤੀਆਂ ਪੰਜ ਕਿਸਮਾਂ ਜਿਵੇਂ ਕਿ ਸੀ ਓ ਪੀ ਬੀ-92 (ਕਮਾਦ), ਓ ਐੱਲ-11, ਓ ਐੱਲ-12 ਅਤੇ ਓ ਐੱਲ 1769 (ਜਵੀਂ) ਅਤੇ ਪੀ ਐੱਮ ਐੱਚ 12 (ਮੱਕੀ) ਨੂੰ ਰਾਸ਼ਟਰੀ ਪੱਧਰ ਤੇ ਜ਼ਾਰੀ ਕੀਤਾ ਗਿਆ । ਇਨ੍ਹਾਂ ਵਿੱਚੋਂ ਤਿੰਨ ਕਿਸਮਾਂ ਜ਼ੋਨ ਪੱਧਰ ਲਈ ਹਨ, ਜਿਨ੍ਹਾਂ ਵਿੱਚ ਪੰਜਾਬ ਰਾਜ ਸ਼ਾਮਲ ਨਹੀਂ ਹੈ ।

## ਖੇਤ ਫ਼ਸਲਾਂ

- **ਪੀ ਆਰ 127 (ਝੋਨਾ)** : ਇਹ ਕਿਸਮ ਵੱਧ ਝਾੜ ਦੇਣ ਵਾਲੀ, ਅਗੇਤੀ ਪੱਕਣ ਵਾਲੀ ਅਤੇ ਪੰਜਾਬ ਵਿੱਚ ਬੈਕਟੀਰੀਅਲ ਝੁਲਸ ਰੋਗ ਦੀਆਂ ਸਾਰੀਆਂ 10 ਕਿਸਮਾਂ ਦਾ ਟਾਕਰਾ ਕਰਨ ਵਾਲੀ ਹੈ । ਬੈਕਟੀਰੀਅਲ ਝੁਲਸ ਰੋਗ ਦਾ ਟਾਕਰਾ ਕਰਨ ਵਾਲੇ ਜੀਨ ਇਸਨੇ ਓਰਾਈਜ਼ਾ ਗਲੈਬੀਰੀਮਾ ਤੋਂ ਹਾਸਲ ਕੀਤੇ ਹਨ । ਇਸਦੇ ਪੌਦੇ ਦੀ ਲੰਬਾਈ 104 ਸੈ.ਮੀ. ਅਤੇ ਇਹ ਬਿਜਾਈ ਤੋਂ ਲਗਭਗ 107 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ । ਪੀ ਆਰ 127 ਕਿਸਮ ਦਾ ਔਸਤ ਝਾੜ 30.0 ਕੁਇੰਟਲ/ਏਕੜ ਹੈ ।
- **ਪੂਸਾ ਬਾਸਮਤੀ 1637 (ਬਾਸਮਤੀ ਚੌਲ)** : ਇਹ ਕਿਸਮ ਭਾਰਤੀ ਖੇਤੀ ਖੋਜ ਸੰਸਥਾਨ (ਆਈ ਏ ਆਰ ਆਈ) ਨਵੀਂ ਦਿੱਲੀ ਵੱਲੋਂ ਵਿਕਸਿਤ ਕੀਤੀ ਗਈ ਹੈ । ਇਹ ਪੂਸਾ ਬਾਸਮਤੀ I ਦਾ ਮੁਰਝਾਅ/ਸੋਕੇ ਪ੍ਰਤੀ ਰੋਧਿਕ ਰੂਪ ਹੈ । Pi9 ਜੀਨ ਵੱਲੋਂ ਪ੍ਰਦਾਨ ਸੋਕੇ ਪ੍ਰਤੀ ਰੋਧਿਕਤਾ ਨਾਲ ਕੀਟਨਾਸ਼ਕ ਰਹਿੰਦ-ਖੂੰਹਦ ਦੇ ਘਟਣ ਵਿੱਚ ਵੀ ਮਦਦ ਮਿਲੇਗੀ । ਇਹ ਕਿਸਮ ਬਿਜਾਈ ਤੋਂ 108 ਦਿਨਾਂ ਬਾਅਦ ਪੱਕ ਕੇ ਤਿਆਰ ਹੋ ਜਾਂਦੀ ਹੈ ਅਤੇ ਇਸਦੇ ਬੂਟੇ ਦੀ ਲੰਬਾਈ 109 ਸੈ.ਮੀ. ਹੁੰਦੀ ਹੈ । ਇਸ ਕਿਸਮ ਦਾ ਔਸਤ ਝਾੜ 17.5 ਕੁਇੰਟਲ/ਏਕੜ ਹੈ ।
- **ਉੱਨਤ ਪੀ ਬੀ ਡਬਲਯੂ 550 (ਕਣਕ)** : ਕਣਕ ਦੀ ਇਹ ਕਿਸਮ ਪੀ ਬੀ ਡਬਲਯੂ 550 ਦੀ ਕੁੰਗੀ ਪ੍ਰਤੀਰੋਧਿਕ ਕਿਸਮ ਹੈ ਅਤੇ ਇਸਨੂੰ ਐਮ ਏ ਐੱਸ ਵਿਧੀ ਰਾਹੀਂ ਵਿਕਸਿਤ ਕੀਤਾ ਗਿਆ ਹੈ । ਇਸ ਕਿਸਮ ਦੀ ਪੰਜਾਬ ਵਿੱਚ ਦਰਮਿਆਨੀ-ਪਿਛੇਤੀ ਬਿਜਾਈ (ਨਵੰਬਰ ਦੇ ਦੂਜੇ ਤੋਂ ਚੌਥੇ ਹਫ਼ਤੇ) ਦੌਰਾਨ ਸੇਂਜੂ ਹਾਲਤਾਂ ਅਧੀਨ ਬੀਜਣ ਦੀ ਸਿਫ਼ਾਰਿਸ਼ ਕੀਤੀ ਗਈ ਹੈ । ਘੱਟ ਸਮਾਂ ਲੈਣ ਕਰਕੇ ਉੱਨਤ ਪੀ ਬੀ ਡਬਲਯੂ 550 ਕਿਸਮ ਨਾਲ ਝੋਨੇ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ ਅਤੇ ਗਰਮ ਰੁੱਤ ਦੀ ਮੂੰਗੀ ਦੀ ਬਿਜਾਈ ਸਮੇਂ ਸਿਰ ਕਰਨ ਵਿੱਚ ਮਦਦ ਮਿਲਦੀ ਹੈ । ਦਾਣੇ ਵਧੀਆ ਹੋਣ ਕਰਕੇ ਇਸਦੀ ਰੋਟੀ ਵਧੀਆ ਬਣਦੀ ਹੈ । ਇਸਦੇ ਪੌਦੇ ਦੀ ਔਸਤ ਉਚਾਈ 86 ਸੈ.ਮੀ. ਹੈ ਅਤੇ ਇਹ ਲਗਭਗ 145 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ । ਇਸ ਕਿਸਮ ਦਾ ਔਸਤ ਝਾੜ 23.0 ਕੁਇੰਟਲ/ਏਕੜ ਹੈ ।
- **ਐੱਲ ਡੀ 1019 (ਦੇਸੀ ਕਪਾਹ)** : ਦੇਸੀ ਨਰਮੇ ਦੀ ਇਹ ਕਿਸਮ ਟੀਂਡੇ ਝੜਣ ਪ੍ਰਤੀ ਰੋਧਿਕਤਾ ਰੱਖਦੀ ਹੈ ਭਾਵ ਇਹ ਕਪਾਹ ਦੇ ਬੀਜ ਨੂੰ ਖੁੱਲੇ ਟੀਂਡਿਆਂ ਵਿੱਚ ਲੰਬੇ ਚਿਰ ਤੱਕ ਸਥਿਰ ਰੱਖ ਸਕਦੀ ਹੈ। ਜਿਸ ਸਦਕਾ ਇਸ ਕਿਸਮ ਨੂੰ ਸਿਰਫ਼ ਦੋ ਜਾਂ ਤਿੰਨ ਤੁੜਾਈਆਂ ਦੀ ਹੀ ਲੋੜ ਪੈਂਦੀ ਹੈ, ਜਦੋਂ ਕਿ ਦੇਸੀ ਨਰਮੇ ਦੀਆਂ ਹੋਰ ਕਿਸਮਾਂ ਦੀਆਂ ਲਗਭਗ ਪੰਜ ਤੁੜਾਈਆਂ ਕਰਨੀਆਂ ਪੈਂਦੀਆਂ ਹਨ। ਇਸ ਨਾਲ ਇਸ ਕਿਸਮ ਵਿੱਚ ਮਜ਼ਦੂਰੀ ਦੀ ਲਾਗਤ ਵੀ ਘੱਟ ਆਉਂਦੀ ਹੈ। ਇਸਦਾ ਔਸਤ ਝਾੜ 8.6 ਕੁਇੰਟਲ/ਏਕੜ ਹੈ । ਇਹ

ਕਿਸਮ ਜੈਸਿਡ, ਚਿੱਟੀ ਮੱਖੀ, ਫਿਉਜ਼ੇਰੀਅਮ ਮੁਰਝਾਅ ਅਤੇ ਬੈਕਟੀਰੀਅਲ ਝੁਲਸ ਪ੍ਰਤੀ ਸਹਿਣਸ਼ੀਲਤਾ ਰੱਖਦੀ ਹੈ ।

- **ਸੀ ਓ ਪੀ ਬੀ 92 (ਕਮਾਦ)** : ਕਮਾਦ ਦੀ ਅਗੇਤੀ ਪੱਕਣ ਵਾਲੀ ਇਸ ਕਿਸਮ ਵਿੱਚ ਨਵੰਬਰ-ਦਸੰਬਰ ਦੌਰਾਨ 16.2-17.4 ਪ੍ਰਤੀਸ਼ਤ ਸੁਕਰੋਜ਼ ਮਾਤਰਾ ਹੁੰਦੀ ਹੈ ਅਤੇ ਇਸਦਾ ਗੁੜ ਬਹੁਤ ਉੱਤਮ ਕਿਸਮ ਦਾ ਹੁੰਦਾ ਹੈ । ਇਸ ਕਿਸਮ ਦਾ ਔਸਤ ਝਾੜ 335 ਕੁਇੰਟਲ/ਏਕੜ ਹੈ । ਇਸਦੇ ਗੰਨੇ ਦਰਮਿਆਨੇ ਮੋਟੇ, ਲੰਬੇ, ਕਚੂਚ ਹਰੇ ਰੰਗੇ ਹੁੰਦੇ ਹਨ ਅਤੇ ਇਹ ਕਿਸਮ ਕੋਰੇ ਅਤੇ ਲਾਲ ਗਾਲੇ ਦੇ ਰੋਗ ਦੀਆਂ ਮੌਜੂਦਾ ਪੈਥੋ ਕਿਸਮਾਂ ਪ੍ਰਤੀ ਰੋਧਿਕਤਾ ਰੱਖਦੀ ਹੈ। ਚੈੱਕ ਕਿਸਮਾਂ ਨਾਲੋਂ ਇਸ ਕਿਸਮ ਨੂੰ ਗੜੂੰਏ ਦਾ ਰੋਗ ਘੱਟ ਲੱਗਦਾ ਹੈ । ਇਹ ਇੱਕ ਵਧੀਆ ਰੈਟੂਨਰ ਹੈ ।
- **ਸੀ ਓ ਪੀ ਬੀ 93 (ਕਮਾਦ)** : ਕਮਾਦ ਦੀ ਅੱਧ-ਪਿਛੇਤੀ ਪੱਕਣ ਵਾਲੀ ਇਹ ਕਿਸਮ ਪੱਕ ਕੇ (ਜਨਵਰੀ-ਫਰਵਰੀ) 17.1-19.6 ਪ੍ਰਤੀਸ਼ਤ ਸੁਕਰੋਜ਼ ਮਾਤਰਾ ਵਾਲੀ ਹੋ ਜਾਂਦੀ ਹੈ ਅਤੇ ਇਸਦਾ ਔਸਤ ਝਾੜ 390 ਕੁਇੰਟਲ/ਏਕੜ ਹੈ। ਇਸਦਾ ਗੁੜ ਉੱਤਮ ਕਿਸਮ ਦਾ ਹੁੰਦਾ ਹੈ । ਇਹ ਵਧੀਆ ਰੈਟੂਨਰ ਹੈ, ਜਿਸਦੇ ਗੰਨੇ, ਲੰਬੇ, ਦਰਮਿਆਨੇ ਮੋਟੇ ਅਤੇ ਪੀਲੇ ਰੰਗੇ ਹੁੰਦੇ ਹਨ । ਇਹ ਕਿਸਮ ਲਾਲ ਗਾਲੇ ਦੇ ਰੋਗ ਦੀਆਂ ਮੌਜੂਦਾ ਪੈਥੋਟਾਈਪਜ਼ ਦਾ ਮੁਕਾਬਲਾ ਕਰਨ ਦੇ ਸਮਰੱਥ ਹੈ ।
- **ਸੀ ਓ ਪੀ ਬੀ 94 (ਕਮਾਦ)** : ਕਮਾਦ ਦੀ ਅੱਧ-ਪਿਛੇਤੀ ਪੱਕਣ ਵਾਲੀ ਇਸ ਕਿਸਮ ਦਾ ਔਸਤ ਝਾੜ 400 ਕੁਇੰਟਲ/ਏਕੜ ਹੈ ਅਤੇ ਜਨਵਰੀ-ਮਾਰਚ ਦੌਰਾਨ ਇਸ ਵਿੱਚ ਸੁਕਰੋਜ਼ ਦੀ ਮਾਤਰਾ 16.4-19.2 ਪ੍ਰਤੀਸ਼ਤ ਮਿਲਦੀ ਹੈ । ਇਸਦੇ ਗੰਨੇ ਲੰਬੇ, ਮੋਟੇ, ਗੋਲ ਅਤੇ ਪੀਲੇ ਹਰੇ ਰੰਗੇ ਹੁੰਦੇ ਹਨ । ਇਹ ਕਿਸਮ ਰੱਤਾ ਰੋਗ ਅਤੇ ਕਾਂਗਿਆਰੀ ਦੀਆਂ ਮੌਜੂਦਾ ਪੈਥੋਟਾਈਪਜ਼ ਪ੍ਰਤੀ ਰੋਧਿਕਤਾ ਰੱਖਦੀ ਹੈ ।
- **ਏ ਐੱਲ 882 (ਅਰਹਰ)** : ਅਰਹਰ ਦੀ ਇਹ ਕਿਸਮ ਘੱਟ ਉਚਾਈ (1.6-1.8 ਮੀ.) ਅਤੇ ਅਗੇਤੀ ਪੱਕਣ ਵਾਲੀ (132 ਦਿਨ) ਕਿਸਮ ਹੈ । ਅਗੇਤੀ ਪੱਕਣ ਵਾਲੀ ਹੋਣ ਕਰਕੇ ਇਹ ਕਣਕ ਦੀ ਬਿਜਾਈ ਲਈ ਜਲਦੀ ਖੇਤ ਖਾਲੀ ਕਰਦੀ ਹੈ ਅਤੇ ਸੰਘਣੀ ਹੋਣ ਕਰਕੇ ਇਸ ਉੱਤੇ ਕੀਟਨਾਸ਼ਕ ਰਸਾਇਣਾਂ ਦਾ ਅਸਰ ਜ਼ਿਆਦਾ ਹੁੰਦਾ ਹੈ । ਇਸਦੀਆਂ ਫ਼ਲੀਆਂ ਪੌਦੇ ਦੇ ਸਿਖਰ ਤੇ ਗੁੱਛਿਆਂ ਵਿੱਚ ਲਗਦੀਆਂ ਹਨ । ਇਸ ਕਿਸਮ ਦਾ ਔਸਤ ਝਾੜ 5.4 ਕੁਇੰਟਲ/ਏਕੜ ਹੈ ।
- **ਗਿਰੀਰਾਜ (ਰਾਇਆ)** : ਰਾਇਆ ਸਰ੍ਹੋਂ ਦੀ ਇਹ ਕਿਸਮ ਰੇਪਸੀਡ ਅਤੇ ਮਸਟਰਡ ਰਿਸਰਚ ਡਾਇਰੈਕਟੋਰੇਟ, ਭਰਤਪੁਰ, ਰਾਜਸਥਾਨ ਵੱਲੋਂ ਵਿਕਸਿਤ ਕੀਤੀ ਗਈ ਹੈ ਅਤੇ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਦੇ ਕੁਝ ਹਿੱਸਿਆਂ ਵਿੱਚ ਕਾਸ਼ਤ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ । ਮੋਟੇ ਦਾਣਿਆਂ ਵਾਲੀ ਇਹ ਕਿਸਮ ਅੰਤਿਮ ਤਪਸ਼ ਦੇ ਦਬਾਅ ਪ੍ਰਤੀ ਰੋਧਿਕ ਹੈ । ਚਿੱਟੀ ਕੁੰਗੀ ਪ੍ਰਤੀ ਇਹ ਕਿਸਮ ਹਲਕੀ ਜਿਹੀ ਸਹਿਣਸ਼ੀਲਤਾ ਰੱਖਦੀ ਹੈ। ਇਹ ਕਿਸਮ 144 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਇਸ ਵਿੱਚ 40.3 ਪ੍ਰਤੀਸ਼ਤ ਤੇਲ ਦੀ ਮਾਤਰਾ ਮਿਲਦੀ ਹੈ ਅਤੇ ਇਸਦਾ ਔਸਤ ਝਾੜ 7.7 ਕੁਇੰਟਲ/ਏਕੜ ਹੈ ।
- **ਟੀ ਜੀ 37 ਏ (ਮੂੰਗਫਲੀ)** : ਮੂੰਗਫਲੀ ਦੀ ਇਹ ਕਿਸਮ ਭਾਬਾ ਐਟੋਮਿਕ ਰਿਸਰਚ ਸੈਂਟਰ, ਮੁੰਬਈ ਵੱਲੋਂ ਵਿਕਸਿਤ ਕੀਤੀ ਗਈ ਹੈ । ਇਸਦੀ ਹਰ ਫ਼ਲੀ ਵਿੱਚ 2-3 ਦਾਣੇ ਹੁੰਦੇ ਹਨ । ਇਹ 101 ਦਿਨਾਂ ਵਿੱਚ ਪੱਕ ਕੇ ਤਿਆਰ ਹੋ ਜਾਂਦੀ ਹੈ, ਇਸ ਵਿੱਚ 48.6 ਪ੍ਰਤੀਸ਼ਤ ਤੇਲ ਮਾਤਰਾ, 5.8 ਪ੍ਰਤੀਸ਼ਤ ਘੁਲਣਸ਼ੀਲ ਸ਼ੂਗਰ ਹੁੰਦੀ ਹੈ ਅਤੇ ਇਸਦਾ ਔਸਤ ਝਾੜ 12.3 ਕੁਇੰਟਲ/ਏਕੜ ਹੈ । ਅਗੇਤੀ ਪੱਕਣ ਅਤੇ ਗੁੱਛਿਆਂ ਵਿੱਚ ਲੱਗਣ ਵਾਲੀ ਮੂੰਗਫਲੀ ਦੀ ਇਹ ਕਿਸਮ ਆਲੂ/ਮਟਰਾਂ ਤੋਂ ਬਾਅਦ ਬੀਜਣ ਲਈ ਸੁਯੋਗ ਹੈ ।
- **ਓ ਐੱਲ 11 (ਜਵੀਂ)** : (ਦੱਖਣੀ ਜ਼ੋਨ ਵਿੱਚ ਬਤੌਰ ਓ ਐੱਲ 1760 ਜ਼ਾਰੀ ਕੀਤੀ ਗਈ) ਜਵੀਂ ਦੀ ਇਕਹਿਰੀ ਕਟਾਈ ਵਾਲੀ ਇਹ ਕਿਸਮ ਪੰਜਾਬ ਦੇ ਸੇਂਜੂ ਇਲਾਕਿਆਂ ਵਿੱਚ ਕਾਸ਼ਤ ਲਈ ਸਿਫ਼ਾਰਿਸ਼ ਕੀਤੀ ਗਈ ਹੈ । ਇਸਦੇ ਚਾਰੇ ਦੀ ਗੁਣਵਤਾ ਓ ਐੱਲ 9 ਅਤੇ ਕੈਂਟ ਨਾਲੋਂ ਉੱਤਮ ਹੈ । ਇਸ ਕਿਸਮ ਦੇ ਹਰੇ ਚਾਰੇ ਦਾ ਔਸਤ ਝਾੜ 245 ਕੁਇੰਟਲ ਅਤੇ ਬੀਜ 8.5 ਕੁਇੰਟਲ ਪ੍ਰਤੀ ਏਕੜ ਹੈ ।
- **ਓ ਐੱਲ 12 (ਜਵੀਂ)** : (ਓ ਐੱਲ 12 ਨੂੰ ਓ ਐੱਲ 1802-I ਵਜੋਂ ਵੀ ਜਾਣਿਆ ਜਾਂਦਾ ਹੈ) ਜਵੀਂ ਦੀ ਇਕਹਿਰੀ ਕਟਾਈ ਵਾਲੀ ਇਹ ਕਿਸਮ ਉੱਤਰ ਪੱਛਮੀ ਜ਼ੋਨ (ਪੰਜਾਬ, ਹਰਿਆਣਾ, ਰਾਜਸਥਾਨ, ਉਤਰਾਖੰਡ ਅਤੇ ਪੱਛਮੀ ਉੱਤਰ ਪ੍ਰਦੇਸ਼) ਵਿੱਚ ਕਾਸ਼ਤ ਲਈ ਸਿਫ਼ਾਰਸ਼ ਕੀਤੀ ਗਈ । ਇਸਦੇ ਹਰੇ ਚਾਰੇ ਦਾ ਔਸਤ ਝਾੜ 215 ਕੁਇੰਟਲ/ਏਕੜ ਅਤੇ ਬੀਜ ਉਤਪਾਦਨ 8.6 ਕੁਇੰਟਲ ਏਕੜ ਹੈ ।
- **ਬੀ ਐੱਲ 43 (ਬਰਸੀਮ)** : ਇਹ ਜਲਦੀ ਵਧਣ ਵਾਲੀ ਕਿਸਮ ਹੈ । ਜਿਸਦੀ ਕਈ ਵਾਰ ਕਾਸ਼ਤ ਕੀਤੀ ਜਾ ਸਕਦੀ ਹੈ। ਇਸਦਾ ਚਾਰਾ ਉੱਤਮ ਕਿਸਮ ਦਾ ਹੈ । ਇਹ ਕਿਸਮ ਤਣੇ ਦੇ ਗਾਲੇ ਪ੍ਰਤੀ ਰੋਧਿਕਤਾ ਰੱਖਦੀ ਹੈ । ਇਸ ਕਿਸਮ ਦੇ ਹਰੇ ਚਾਰੇ ਦਾ ਔਸਤ ਝਾੜ ਜੂਨ ਦੇ ਪਹਿਲੇ ਹਫ਼ਤੇ ਤੱਕ 390 ਕੁਇੰਟਲ/ਏਕੜ ਹੈ । ਪਹਿਲੀ ਅਤੇ ਆਖਰੀ ਕਟਾਈ ਵਿੱਚ ਮਿਲਣ ਵਾਲੇ ਵੱਧ ਝਾੜ ਸਦਕਾ ਔਖੇ ਸਮਿਆਂ ਵਿੱਚ ਚਾਰੇ ਦੀ ਕਮੀ ਨਹੀਂ ਆਉਂਦੀ। ਮਾਰਚ ਦੇ ਅਖੀਰ ਵਿੱਚ ਆਖਰੀ ਕਟਾਈ ਦੌਰਾਨ ਬੀਜ ਦਾ ਝਾੜ (1.61 ਕੁਇੰਟਲ/ਏਕੜ) ਵੀ ਵਧੀਆ ਮਿਲਦਾ ਹੈ ।

### ਹੋਰ ਜ਼ੋਨਾਂ ਲਈ ਜ਼ਾਰੀ ਕੀਤੀਆਂ ਖੇਤ ਫ਼ਸਲਾਂ ਦੀਆਂ ਕਿਸਮਾਂ :

- **ਓ ਐੱਲ 1769 (ਜਵੀਂ)** : ਜਵੀਂ ਦੀ ਇਕਹਿਰੀ ਕਟਾਈ ਵਾਲੀ ਇਹ ਕਿਸਮ ਕੇਂਦਰੀ ਜ਼ੋਨ (ਉੱਤਰ ਪ੍ਰਦੇਸ਼, ਮਹਾਰਾਸ਼ਟਰ, ਗੁਜਰਾਤ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼) ਲਈ ਸਿਫ਼ਾਰਿਸ਼ ਕੀਤੀ ਗਈ ਹੈ । ਇਸ ਕਿਸਮ ਦੇ ਹਰੇ ਚਾਰੇ ਦਾ ਔਸਤ ਝਾੜ 200 ਕੁਇੰਟਲ ਪ੍ਰਤੀ ਏਕੜ ਹੈ ।

- **ਓ ਐੱਲ 1760 (ਜਵੀਂ)** : ਜਵੀਂ ਦੀ ਇਕਹਿਰੀ ਕਟਾਈ ਵਾਲੀ ਇਹ ਕਿਸਮ ਦੱਖਣੀ ਜ਼ੋਨ (ਤਾਮਿਲਨਾਡੂ, ਤੇਲੰਗਾਨਾ, ਆਂਧਰਾ ਪ੍ਰਦੇਸ਼ ਅਤੇ ਕਰਨਾਟਕ) ਲਈ ਸਿਫ਼ਾਰਸ਼ ਕੀਤੀ ਗਈ। ਇਸ ਕਿਸਮ ਦੇ ਹਰੇ ਚਾਰੇ ਦਾ ਔਸਤ ਝਾੜ 145 ਕੁਇੰਟਲ ਪ੍ਰਤੀ ਏਕੜ ਹੈ । ਇਸਦੇ ਚਾਰੇ ਦੀ ਗੁਣਵਤਾ, ਵਧੇਰੇ ਪ੍ਰੋਟੀਨ ਅਤੇ ਘੱਟ ਨਾਈਟ੍ਰੇਟ ਮਾਤਰਾ ਹੋਣ ਕਰਕੇ, ਚੈੱਕ ਕਿਸਮਾਂ ਓ ਐੱਸ 6 ਅਤੇ ਕੈਂਟ ਨਾਲੋਂ ਉੱਤਮ ਹੈ । ਇਸ ਕਿਸਮ ਦੇ ਪੌਦੇ ਲੰਬੇ ਅਤੇ ਵਧੇਰੇ ਪੱਤਿਆਂ ਵਾਲੇ ਹੁੰਦੇ ਹਨ ।
- **ਪੀ ਐੱਮ ਐੱਚ 12 (ਮੱਕੀ)** : ਸਾਉਣੀ ਦੀ ਦਰਮਿਆਨੇ ਸਮੇਂ ਵਿੱਚ ਪੱਕਣ ਵਾਲੀ ਇਹ ਹਾਈਬ੍ਰਿਡ ਮੱਕੀ ਜ਼ੋਨ III (ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਉੜੀਸਾ ਅਤੇ ਪੂਰਬੀ ਉੱਤਰ ਪ੍ਰਦੇਸ਼) ਲਈ ਸਿਫ਼ਾਰਸ਼ ਕੀਤੀ ਗਈ ਹੈ । ਇਸ ਕਿਸਮ ਦੇ ਦਾਣਿਆਂ ਦਾ ਔਸਤ ਝਾੜ 28.4 ਕੁਇੰਟਲ/ਏਕੜ ਹੈ। ਇਹ ਕਿਸਮ ਮੇਅਡਿਸ ਪੱਤਾ ਝੁਲਸ ਰੋਗ, ਇਰਵੀਨੀਆ ਤਣਾ ਗਾਲਾ, ਭੂਰੀ ਜਾਲੇਦਾਰ ਉੱਲੀ ਅਤੇ ਬੂਰ ਪੈਣ ਉਪਰੰਤ ਤਣੇ ਦੇ ਗਾਲੇ ਪ੍ਰਤੀ ਹਲਕੀ ਰੋਧਿਕਤਾ ਰੱਖਦੀ ਹੈ ।

**ਰਾਸ਼ਟਰੀ ਪੱਧਰ ਤੇ ਜ਼ਾਰੀ ਕੀਤੀਆਂ ਖੇਤ ਫ਼ਸਲਾਂ ਦੀਆਂ ਕਿਸਮਾਂ**

| ਕਿਸਮ | ਰਾਸ਼ਟਰੀ ਜ਼ੋਨ |
|---|---|
| ਸੀ ਓ ਪੀ ਬੀ 92 (ਕਮਾਦ) | ਉੱਤਰੀ ਪੱਛਮੀ ਜ਼ੋਨ |
| ਓ ਐੱਲ 1802-I (ਜਵੀਂ) | ਉੱਤਰ ਪੱਛਮੀ ਜ਼ੋਨ |
| ਓ ਐੱਲ 1769 (ਜਵੀਂ) | ਕੇਂਦਰੀ ਜ਼ੋਨ |
| ਓ ਐੱਲ 1760 (ਜਵੀਂ) | ਦੱਖਣੀ ਜ਼ੋਨ |
| ਪੀ ਐੱਮ ਐੱਚ 12 (ਮੱਕੀ) | ਪੂਰਬੀ ਜ਼ੋਨ |

## ਬਾਗਬਾਨੀ ਦੀਆਂ ਫ਼ਸਲਾਂ

### ਫ਼ਲਾਂ ਦੀਆਂ ਫ਼ਸਲਾਂ

- **ਪੰਜਾਬ ਸਫ਼ੈਦਾ (ਅਮਰੂਦ)** : ਇਸ ਕਿਸਮ ਦੇ ਅਮਰੂਦ ਦਾ ਫ਼ਲ ਆਕਾਰ ਪੱਖੋਂ ਵੱਡਾ, ਗੋਲ ਅਤੇ ਮੁਲਾਇਮ ਕਰੀਮ-ਚਿੱਟੀ ਛਿੱਲ, ਚਿੱਟੇ ਗੁੱਦੇ ਵਾਲਾ ਅਤੇ ਸਖਤ ਹੁੰਦਾ ਹੈ । ਇਸਦੇ ਫ਼ਲ ਵਿੱਚ ਟੀ ਐੱਸ ਐੱਸ ਦੀ ਮਾਤਰਾ 13.4% ਅਤੇ 0.62% ਐਸਿਡਟੀ ਹੁੰਦੀ ਹੈ । ਇਸਦਾ ਪ੍ਰਤੀ ਦਰਖਤ ਔਸਤ ਝਾੜ 28 ਕਿੱਲੋ ਹੁੰਦਾ ਹੈ। ਇਸ ਕਿਸਮ ਨੇ ਝਾੜ, ਟੀ ਐੱਸ ਐੱਸ ਅਤੇ ਫ਼ਲ ਦੇ ਭਾਰ ਪੱਖੋਂ ਅਲਾਹਾਬਾਦ ਸਫ਼ੈਦਾ ਕਿਸਮ ਨੂੰ ਪਿੱਛੇ ਛੱਡ ਦਿੱਤਾ ਹੈ ।
- **ਪੰਜਾਬ ਕਿਰਨ (ਅਮਰੂਦ)** : ਇਸ ਕਿਸਮ ਦੇ ਫ਼ਲ ਦਾ ਆਕਾਰ ਦਰਮਿਆਨਾ, ਗੋਲ ਤੋਂ ਲੰਬੂਤਰਾ ਅਤੇ ਗੁਲਾਬੀ ਗੁੱਦੇ ਵਾਲਾ ਹੁੰਦਾ ਹੈ । ਇਹ ਕਿਸਮ ਗੁਲਾਬੀ ਗੁੱਦੇ ਵਾਲੇ ਅਮਰੂਦਾਂ ਦੀਆਂ ਕਿਸਮਾਂ ਵਿੱਚੋਂ ਛੋਟੇ ਅਤੇ ਨਰਮ ਬੀਜਾਂ ਕਰਕੇ ਵਿਲੱਖਣ ਮੰਨੀ ਜਾਂਦੀ ਹੈ । ਇਸਦੇ ਫ਼ਲ ਵਿੱਚ ਟੀ ਐੱਸ ਐੱਸ ਦੀ ਮਾਤਰਾ 12.3% ਅਤੇ ਐਸਿਡਟੀ 0.44% ਹੁੰਦੀ ਹੈ । ਇਸਦਾ ਪ੍ਰਤੀ ਦਰੱਖਤ ਝਾੜ 48 ਕਿੱਲੋ ਹੈ ।
- **ਅਰਲੀ ਗੋਲਡ (ਮਿੱਠਾ ਸੰਗਤਰਾ)** : ਇਸ ਕਿਸਮ ਦੇ ਸੰਗਤਰੇ ਵਿੱਚ ਘੱਟ ਬੀਜ (2-6 ਬੀਜ/ਫ਼ਲ) ਅਤੇ ਜੂਸ ਦੀ ਵੱਧ ਮਾਤਰਾ (47.2%) ਅਤੇ ਰੰਗ ਬੜਾ ਲੁਭਾਵਾਂ ਸੁਨਹਿਰੀ ਪੀਲੇ ਰੰਗਾਂ (ਮੁਸੰਮੀ ਦੇ ਹਲਕੇ ਰੰਗੇ ਜੂਸ ਅਤੇ ਗੁੱਦੇ ਦੇ ਮੁਕਾਬਲਤਨ) ਅਤੇ ਮਿੱਠੇ ਅਤੇ ਐਸਿਡਟੀ ਦੇ ਵਧੀਆ ਮਿਸ਼ਰਨ ਵਾਲਾ ਹੁੰਦਾ ਹੈ । ਇਸ ਕਿਸਮ ਦੇ ਫ਼ਲ ਅਕਤੂਬਰ ਦੇ ਅਖੀਰਲੇ ਹਫ਼ਤੇ ਤੋਂ ਅੱਧ ਨਵੰਬਰ ਤੱਕ ਪੱਕ ਜਾਂਦੇ ਹਨ । ਇਸਦਾ ਪ੍ਰਤੀ ਦਰੱਖਤ ਔਸਤ ਝਾੜ 45 ਕਿੱਲੋ ਹੁੰਦਾ ਹੈ ।
- **ਕੈਰੀਜ਼ੋ (ਕਿਨੂੰ ਮੈਂਡਰਿਨ ਲਈ ਨਵੀਂ ਰੂਟ ਸਟਾਕ)** : ਇਹ ਰੂਟਸਟਾਕ ਫਾਈਟੋਪੈਥੋਰਾ ਰੋਗ ਪ੍ਰਤੀ ਰੋਧਿਕਤਾ ਰੱਖਦੀ ਹੈ ਅਤੇ ਇਸਨੂੰ ਲੱਗਣ ਵਾਲੇ ਕਿੰਨੂ ਵਿੱਚ ਟੀ ਐੱਸ ਐੱਸ (11.3%) ਅਤੇ ਫ਼ਲ ਦਾ ਭਾਰ (211.2 ਗ੍ਰਾਮ) ਹੁੰਦਾ ਹੈ ਜੋ ਕਿ ਰਫ਼ ਲੈਮਨ ਦੇ ਪੌਦਿਆਂ ਦੇ ਮੁਕਾਬਲਤਨ ਵਧੇਰੇ ਹੁੰਦਾ ਹੈ। ਇਹ ਰੂਟਸਟਾਕ 8.0 ਤੋਂ ਘੱਟ ਪੀ ਐੱਚ ਵਾਲੀਆਂ ਜ਼ਮੀਨਾਂ ਲਈ ਸੁਯੋਗ ਹੋਣ ਕਰਕੇ ਇਸ ਨੂੰ ਪੰਜਾਬ ਦੇ ਕੰਢੀ ਖੇਤਰ (ਨੀਮ ਪਹਾੜੀ ਇਲਾਕਿਆਂ) ਅਤੇ ਕੇਂਦਰੀ ਜੋਨਜ਼ ਲਈ ਸਿਫ਼ਾਰਿਸ਼ ਕੀਤਾ ਗਿਆ ਹੈ । ਕੈਰੀਜ਼ੋ ਰੂਟ ਸਟਾਕ ਤੇ ਲੱਗੇ ਕਿੰਨੂ ਰਫ਼ ਲੈਮਨ ਨਾਲੋਂ 7.3 ਪ੍ਰਤੀਸ਼ਤ ਵਧੇਰੇ ਝਾੜ ਦਿੰਦੇ ਹਨ। ਇਸ ਸਟਾਕ ਉੱਤੇ ਡੇਜ਼ੀ ਅਤੇ ਡਬਲਯੂ ਮੁਰਕੋਟ ਮੈਂਡਰਿਨ ਕਿਸਮਾਂ ਵੀ ਨੀਮ ਪਹਾੜੀ ਅਤੇ ਕੇਂਦਰੀ ਇਲਾਕਿਆਂ ਵਿੱਚ ਵਧੀਆਂ ਚਲਦੀਆਂ ਹਨ ।

## ਸਬਜ਼ੀਆਂ ਦੀਆਂ ਫ਼ਸਲਾਂ

- **ਪੀ ਏ ਯੂ ਮਗਜ਼ ਕੱਦੂ-1 (ਪੇਠਾ)** : ਪੇਠੇ ਦੀ ਇਹ ਬੀਜਾਂ ਵਾਲੀ ਕਿਸਮ ਹੈ । ਇਸਦੇ ਬੀਜ ਛਿਲਕੇ ਤੋਂ ਬਿਨਾਂ ਹੁੰਦੇ ਹਨ ਅਤੇ ਇਨ੍ਹਾਂ ਨੂੰ ਮਗਜ਼ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ । ਇਸਦੇ ਕੱਚੇ ਫ਼ਲ ਨੂੰ ਸਬਜ਼ੀ ਲਈ ਵਰਤਿਆ ਜਾ ਸਕਦਾ ਹੈ। ਇਸਦੇ ਫ਼ਲ ਦਰਮਿਆਨੇ ਅਕਾਰ ਦੇ ਅਤੇ ਗੋਲ ਹੁੰਦੇ ਹਨ ਜੋ ਕਿ ਪੱਕਣ ਤੇ ਸੁਨਹਿਰੇ ਪੀਲੇ ਰੰਗੇ ਹੋ ਜਾਂਦੇ ਹਨ । ਇਸਦੇ ਬੀਜਾਂ ਵਿੱਚ ਓਮੇਗਾ-6 ਫੈਟੀ ਐਸਿਡ 32 ਪ੍ਰਤੀਸ਼ਤ, ਪ੍ਰੋਟੀਨ 3 ਪ੍ਰਤੀਸ਼ਤ ਅਤੇ ਤੇਲ ਦੀ ਮਾਤਰਾ 27 ਪ੍ਰਤੀਸ਼ਤ ਹੁੰਦੀ ਹੈ । ਇਸਦੇ ਬੀਜ ਦਾ ਝਾੜ 2.9 ਕੁਇੰਟਲ/ਏਕੜ ਹੁੰਦਾ ਹੈ ।
- **ਪੰਜਾਬ ਖੀਰਾ-I (ਖੀਰਾ)**: ਖੀਰੇ ਦੀ ਇਹ ਕਿਸਮ ਸੁਰੱਖਿਅਤ ਕਾਸ਼ਤਕਾਰੀ ਲਈ ਲਾਹੇਵੰਦ ਹੈ । ਇਸਦੇ ਫੁੱਲ ਅਨਿਸ਼ੇਕ ਫਲਣ ਹੁੰਦੇ ਹਨ ਅਤੇ ਫ਼ਲ ਗੂੜ੍ਹੇ ਹਰੇ ਰੰਗ ਦੇ, ਬੀਜ ਰਹਿਤ, ਕੁੜੱਤਣ ਮੁਕਤ, ਦਰਮਿਆਨੇ ਅਕਾਰ ਦੇ (125 ਗ੍ਰਾਮ), 13-15 ਸੈ.ਮੀ. ਲੰਬੇ ਹੁੰਦੇ ਹਨ, ਜਿਨ੍ਹਾਂ ਦਾ ਛਿਲਕਾ ਉਤਾਰਨਾ ਨਹੀਂ ਪੈਂਦਾ । ਸਤੰਬਰ ਅਤੇ ਜਨਵਰੀ ਦੌਰਾਨ ਬੀਜੀਆਂ ਫ਼ਸਲਾਂ ਕ੍ਰਮਵਾਰ 45 ਅਤੇ 60 ਦਿਨਾਂ ਉਪਰੰਤ ਤੁੜਾਈ ਦੇ ਯੋਗ ਹੋ ਜਾਂਦੀਆਂ ਹਨ, ਜਿਨ੍ਹਾਂ ਦਾ ਕ੍ਰਮਵਾਰ ਝਾੜ 300 ਕੁਇੰਟਲ/ਏਕੜ ਅਤੇ 370 ਕੁਇੰਟਲ/ਏਕੜ ਮਿਲਦਾ ਹੈ ।

ਇਸ ਕਿਸਮ ਨਾਲ ਰੁੱਤ ਨਾ ਹੋਣ ਦੇ ਬਾਵਜੂਦ ਉੱਤਮ ਮਿਆਰ ਵਾਲਾ ਖੀਰਾ ਮੰਡੀ ਵਿੱਚ ਮਿਲਦਾ ਰਹਿੰਦਾ ਹੈ ।

- **ਪੰਜਾਬ ਟਿੰਡਾ-1 (ਟਿੰਡਾ)** : ਇਹ ਅਗੇਤੀ ਪੱਕਣ ਵਾਲੀ ਕਿਸਮ (ਬਿਜਾਈ ਤੋਂ 54 ਦਿਨਾਂ ਬਾਅਦ ਪਹਿਲੀ ਤੁੜਾਈ ਲਈ ਤਿਆਰ) ਹੈ ਅਤੇ ਬਹਾਰ ਰੁੱਤ ਵਿੱਚ ਕਾਸ਼ਤ ਕਰਨ ਲਈ ਸੁਯੋਗ ਹੈ । ਇਸ ਦੇ ਫਲ ਗੋਲ, ਚਮਕਦਾਰ, ਹਰੇ, ਚਿੱਟੇ ਗੁੱਦੇ ਵਾਲੇ ਹੁੰਦੇ ਹਨ, ਜਿਨ੍ਹਾਂ ਦਾ ਭਾਰ ਔਸਤਨ 60 ਗ੍ਰਾਮ (ਕੱਚੇ) ਹੁੰਦਾ ਹੈ । ਇਸ ਕਿਸਮ ਦਾ ਔਸਤ ਝਾੜ 72 ਕੁਇੰਟਲ/ਏਕੜ ਹੈ ।
- **ਪੰਜਾਬ ਸਵਰਨਾ (ਟਮਾਟਰ)** : ਟਮਾਟਰਾਂ ਦੀ ਇਹ ਕਿਸਮ ਸੁਰੱਖਿਅਤ ਕਾਸ਼ਤਕਾਰੀ ਲਈ ਸੁਯੋਗ ਹੈ । ਇਸ ਦੇ ਫ਼ਲ ਦਾ ਆਕਾਰ ਦਰਮਿਆਨਾ, ਅੰਡਾਕਾਰੀ ਅਤੇ ਸੰਤਰੀ ਰੰਗਾ ਹੁੰਦਾ ਹੈ । ਇਸ ਨੂੰ ਫ਼ਲ 8-10 ਦੇ ਗੁੱਛਿਆਂ ਵਿੱਚ ਲੱਗਦੇ ਹਨ, ਜਿਨ੍ਹਾਂ ਵਿੱਚ ਟੀ ਐੱਸ ਐੱਸ 4% ਅਤੇ ਕੈਰੋਟੀਨ ਦੀ ਮਾਤਰਾ 14 ਮਿ.ਗ੍ਰਾਮ ਪ੍ਰਤੀ 100 ਗ੍ਰਾਮ ਤਾਜਾ ਫ਼ਲ ਹੁੰਦੀ ਹੈ । ਇਸ ਦੀ ਪਹਿਲੀ ਤੁੜਾਈ ਬਿਜਾਈ ਤੋਂ 120 ਦਿਨਾਂ ਬਾਅਦ ਹੋ ਸਕਦੀ ਹੈ ਅਤੇ ਅਗੇਤਾ ਝਾੜ 166 ਕੁਇੰਟਲ/ਏਕੜ ਮਿਲਦਾ ਹੈ । ਇਸ ਦਾ ਔਸਤ ਕੁੱਲ ਝਾੜ 1,087 ਕੁਇੰਟਲ/ਏਕੜ ਮਿਲਦਾ ਹੈ ।
- **ਕੁਫਰੀ ਗੰਗਾ (ਆਲੂ)** : ਆਮ ਵਰਤੇ ਜਾਣ ਵਾਲੇ ਆਲੂਆਂ ਦੀ ਇਹ ਕਿਸਮ ਸੰਘਣੇ ਬੂਟਿਆਂ ਵਾਲੀ ਹੁੰਦੀ ਹੈ, ਜਿਸ ਦੇ ਹਲਕੇ ਹਰੇ ਰੰਗ ਦੇ ਪੱਤੇ ਹੁੰਦੇ ਹਨ । ਇਸ ਦੇ ਫ਼ਲ ਵੱਡੇ ਅਕਾਰ ਦੇ, ਅੰਡਾਕਾਰੀ, ਕਰੀਮ ਚਿੱਟੇ ਰੰਗ ਦੇ, ਸਤਹੀ ਅੱਖਾਂ ਵਾਲੇ ਅਤੇ ਚਿੱਟੇ ਗੁੱਦੇ ਵਾਲੇ ਹੁੰਦੇ ਹਨ । ਇਸ ਕਿਸਮ ਦਾ ਝਾੜ ਔਸਤਨ 187 ਕੁਇੰਟਲ/ਏਕੜ ਮਿਲਦਾ ਹੈ ।
- **ਪੰਜਾਬ ਰੌਣਕ (ਬੈਂਗਣ)** : ਲੰਬੇ ਫ਼ਲਾਂ ਅਤੇ ਗੁੱਛਿਆਂ ਵਿੱਚ ਲੱਗਣ ਵਾਲੀ ਇਹ ਬੈਂਗਣਾਂ ਦੀ ਅਗੇਤੀ ਪੱਕਣ ਵਾਲੀ ਕਿਸਮ ਹੈ । ਇਸ ਦੇ ਫ਼ਲ ਬੜੇ ਲੁਭਾਵੇਂ, ਚਮਕਦਾਰ ਗੂੜ੍ਹੇ ਬੈਂਗਣੀ ਰੰਗੇ ਅਤੇ ਹਰੇ ਰੰਗ ਦੀ ਪੁਸ਼ਪਕੋਸ਼ ਵਾਲੇ ਹੁੰਦੇ ਹਨ । ਇਸ ਕਿਸਮ ਦਾ ਔਸਤਨ ਝਾੜ 242 ਕੁਇੰਟਲ/ਏਕੜ ਹੈ ।

## ਫੁੱਲ ਅਤੇ ਸਜਾਵਟੀ ਬੂਟੇ

- **ਪੰਜਾਬ ਸ਼ਿੰਗਾਰ (ਗੁਲਦਾਊਦੀ)** : ਇਹ ਮੱਧ ਤੋਂ ਦੇਰ ਰੁੱਤ ਤੱਕ ਚਲਣ ਵਾਲੀ ਕਿਸਮ ਹੈ, ਜੋ ਕਿ ਖੁੱਲ੍ਹੇ ਫੁੱਲਾਂ ਦੀ ਕਾਸ਼ਤ ਲਈ ਸੁਯੋਗ ਹੈ ਅਤੇ ਇਸ ਨੂੰ ਫੁੱਲ ਪੈਣ ਲਈ 122 ਦਿਨ ਲੱਗਦੇ ਹਨ । ਇਸ ਦੇ ਪੌਦੇ 62 ਸੈ.ਮੀ. ਲੰਬੇ, ਸੰਘਣੇ ਅਤੇ ਸਿੱਧੇ ਵਿਕਾਸ ਵਾਲੇ ਹੁੰਦੇ ਹਨ। ਇਸ ਦੇ ਫੁੱਲ ਚਿੱਟੇ ਅਤੇ ਸਜਾਵਟੀ ਹੁੰਦੇ ਹਨ । ਇਸ ਕਿਸਮ ਦੇ ਫੁੱਲਾਂ ਦਾ ਝਾੜ 71.8 ਕੁਇੰਟਲ/ਏਕੜ ਹੈ ।
- **ਪੰਜਾਬ ਮੋਹਿਨੀ (ਗੁਲਦਾਊਦੀ)** : ਇਹ ਅਗੇਤੀ ਤੋਂ ਅੱਧ ਰੁੱਤ ਤੱਕ ਚਲਣ ਵਾਲੀ ਕਿਸਮ ਹੈ, ਜਿਸ ਨੂੰ ਫੁੱਲ ਪੈਣ ਵਿੱਚ 93 ਦਿਨ ਲੱਗਦੇ ਹਨ । ਇਸ ਦੇ ਪੌਦੇ ਸੰਘਣੇ ਅਤੇ ਲਗਭਗ 15 ਸੈ.ਮੀ. ਲੰਬੇ ਹੁੰਦੇ ਹਨ । ਇਸ ਦੇ ਫੁੱਲ ਇਕਹਿਰੇ, ਕੋਰੀਅਨ ਟਾਈਪ, ਚਿੱਟੇ ਅਤੇ ਕੇਂਦਰ ਵਿੱਚੋਂ ਪੀਲੇ ਰੰਗੇ ਅਤੇ 3.1 ਸੈ.ਮੀ. ਚੌੜੇ ਹੁੰਦੇ ਹਨ । ਇਹ ਕਿਸਮ ਗਮਲੇ ਲਈ ਸੁਯੋਗ ਹੈ ਅਤੇ ਇਸ ਨੂੰ ਪ੍ਰਤੀ ਪੌਦਾ 331 ਫੁੱਲ ਲੱਗਦੇ ਹਨ ਅਤੇ ਫੁੱਲ ਪੈਣ ਦਾ ਸਮਾਂ 30 ਦਿਨ ਰਹਿੰਦਾ ਹੈ। ਇਹ ਕਿਸਮ ਸੈਪਟੋਰੀਆ ਪੱਤਿਆਂ ਦੇ ਧੱਬਾ ਰੋਗ ਪ੍ਰਤੀ ਹਲਕੀ ਸਹਿਣਸ਼ੀਲਤਾ ਰੱਖਦੀ ਹੈ ।

## ਜਰਮਪਲਾਜ਼ਮ ਇਕੱਠੇ ਕਰਨਾ ਅਤੇ ਉਹਨਾਂ ਦੀ ਵਰਤੋਂ

ਯੂਨੀਵਰਸਿਟੀ ਵੱਲੋਂ ਫ਼ਸਲ ਸੁਧਾਰ ਪ੍ਰੋਗਰਾਮਾਂ ਨੂੰ ਹੁਲਾਰਾ ਦੇਣ ਹਿੱਤ ਜਰਮਪਲਾਜ਼ਮ ਸਰੋਤ ਅਧਾਰ ਨੂੰ ਮਜ਼ਬੂਤ ਕਰਨ ਲਈ ਨੈਸ਼ਨਲ ਬਿਓਰੋ ਆਫ਼ ਪਲਾਂਟ ਜੈਨੇਟਿਕ ਰਿਸੋਰਸਿਸ ਵਰਗੀਆਂ ਏਜੰਸੀਆਂ ਨਾਲ ਲਗਾਤਾਰ ਰਾਬਤਾ ਕਾਇਮ ਰੱਖਿਆ ਜਾਂਦਾ ਹੈ। ਇਸ ਮੰਤਵ ਦੀ ਪੂਰਤੀ ਲਈ ਕੁੱਲ 10,638 ਜਰਮਪਲਾਜ਼ਮ ਅਕਸੈਸ਼ਨ ਇਕੱਠੇ ਕੀਤੇ ਗਏ ।

ਮਾਈਨਰ ਮਿਲਿਟਜ਼ ਦੇ ਕੁੱਲ 5017 ਅਕਸੈਸ਼ਨ ਐਨ ਬੀ ਪੀ ਜੀ ਆਰ ਤੋਂ ਹਾਸਲ ਕੀਤੇ ਗਏ ਅਤੇ ਉਨ੍ਹਾਂ ਦਾ ਮੁਲਾਂਕਣ ਕੀਤਾ ਗਿਆ ਤਾਂ ਜੋ ਉਨ੍ਹਾਂ ਦੀ ਪੌਸ਼ਟਿਕ ਗੁਣਵਤਾ ਅਤੇ ਤਪਸ਼/ਸੋਕੇ ਪ੍ਰਤੀ ਰੋਧਿਕਤਾ ਨੂੰ ਮੱਦੇਨਜ਼ਰ ਰੱਖਦਿਆਂ ਗਰਮ ਰੁੱਤ ਦੀਆਂ ਫ਼ਸਲਾਂ (ਹਾੜ੍ਹੀ ਅਤੇ ਸਾਉਣੀ ਦੇ ਵਿਚਕਾਰ ਦੇ ਮੌਸਮਾਂ) ਵਿੱਚ ਉਨ੍ਹਾਂ ਦੀ ਸਮਰਥਾ ਨੂੰ ਪਰਖਿਆ ਜਾ ਸਕੇ (ਵੇਖੋ ਸਾਰਨੀ)

| ਫ਼ਸਲ | ਅਕਸੈਸ਼ਨਾਂ ਦੀ ਗਿਣਤੀ |
|---|---|
| ਫਿੰਗਰ ਮਿਲਿਟ (ਇਲੂਜ਼ਿਨ ਕੋਰਾਕਨਾ ਗੈਰਟਨ) | 1505 |
| ਬਾਰਨਯਾਰਡ ਮਿਲਿਟ (ਈਚਿਨੋਚਲੋਆ ਫਰੂਮਿਨਟੇਸੀਆ) | 1,002 |
| ਫਾਕਸਟੇਲ ਮਿਲਿਟ (ਸਿਟੇਰੀਆ ਇਟੇਲਿਕਾ ਐਲ.) | 1,002 |
| ਪਰੋਸੋ ਮਿਲਿਟ (ਪੈਨੀਕਮ ਮਿਲੇਸੀਅਮ ਐਲ.) | 1,000 |
| ਲਿਟਲ ਮਿਲਿਟ (ਪੈਨੀਕਮ ਸੁਮਾਟਰੀਨੀਜ਼ ਰੋਟ.) | 508 |
| ਕੁੱਲ | 5017 |

- ਚਿੱਟੀ ਮੱਖੀ, ਨਰਮੇ ਦੇ ਪੱਤਾ ਮਰੋੜ ਵਿਸ਼ਾਣੂੰ ਅਤੇ ਖਾਸ ਤੌਰ ਤੇ ਤੇਲੇ ਦਾ ਟਾਕਰਾ ਕਰਨ ਲਈ ਨਰਮੇ ਦੇ 770 ਅਕਸੈਸ਼ਨ ਐਨ ਬੀ ਪੀ ਜੀ ਆਰ ਤੋਂ ਲਏ ਗਏ । ਗਲੈਬੋਰਸ ਵਰਗੇ ਤੇਲੇ ਪ੍ਰਤੀ ਰੋਧਿਕ ਜ਼ਿਆਦਾ ਵਧੀਆ ਰਹੇ ਕਿਉਂਕਿ ਲੂੰ ਰਹਿਤ ਪੱਤੇ ਚਿੱਟੀ ਮੱਖੀ ਦੀ ਅਬਾਦੀ ਨੂੰ ਰੋਕਦੇ ਹਨ ।
- ਫਿਲੋਡੀ ਪ੍ਰਤੀ ਰੋਧਿਕ ਅਤੇ ਅਗੇਤੇਪਣ ਨੂੰ ਰੋਕਣ ਲਈ ਸਰ੍ਹੋਂ ਦੀਆਂ 2669 ਐਂਟਰੀਜ਼ ਹਾਸਲ ਕੀਤੀਆਂ ਗਈਆਂ ।
- ਅਨਾਜ, ਬਾਜਰੇ ਅਤੇ ਚਾਰਾ ਫ਼ਸਲਾਂ ਦੀ ਹਾਸਲ ਕੀਤੀ ਸਮਗਰੀ ਵਿੱਚ ਕਣਕ (997), ਝੋਨਾ (1194), ਪਰਲ ਬਾਜਰਾ (30), ਰਵਾਂਹ (5), ਗੁਆਰ ਅਤੇ ਮੱਕਚਰੀ (1-1) ਸ਼ਾਮਲ ਹਨ ।

- ਕਣਕ ਵਿੱਚ ਸੋਕੇ ਅਤੇ ਠੰਡ ਨੂੰ ਬਰਦਾਸ਼ਤ ਕਰਨ ਵਾਲੇ ਈਲੀਮਸ ਅਤੇ ਥਿਨੋਪਾਈਰਮ ਘਾਹ ਨੂੰ ਹਿਮਾਚਲ ਪ੍ਰਦੇਸ਼ ਦੇ ਲਹੌਲ-ਸਪਿਤੀ ਖੇਤਰ ਤੋਂ ਇਕੱਠਾ ਕੀਤਾ ਗਿਆ ।
- ਦਾਲਾਂ, ਤੇਲ ਬੀਜਾਂ ਅਤੇ ਪੁਦੀਨੇ ਦੇ ਤੇਲ ਦੀਆਂ ਫ਼ਸਲਾਂ ਦੀਆਂ ਐਂਟਰੀਆਂ ਜਿਨ੍ਹਾਂ ਵਿੱਚ ਛੋਲੇ (280), ਅਰਹਰ (60), ਰਾਜਮਾਂਹ (22) ਅਤੇ ਮੂੰਗਬੀਨ (13), ਸੋਇਆਬੀਨ (250), ਸੂਰਜਮੁਖੀ (139) ਅਤੇ ਮੈਂਥਾ (4) ਸ਼ਾਮਲ ਹਨ, ਇਕੱਠੀਆਂ ਕੀਤੀਆਂ ਗਈਆਂ ।
- ਸਬਜ਼ੀਆਂ ਦੀਆਂ ਫ਼ਸਲਾਂ ਦੀ ਜਰਮਪਲਾਜ਼ਮ ਸਮਗਰੀ ਵਿਚ ਮਿਰਚਾਂ (12), ਆਲੂ, ਟਮਾਟਰ ਅਤੇ ਬੈਂਗਣ (ਹਰੇਕ ਦੀਆਂ 10), ਪਿਆਜ਼ (8), ਪੇਠਾ (6), ਸਨੈਪਮੈਲਨ ਅਤੇ ਤਰਬੂਜ਼ (ਹਰੇਕ ਦੀਆਂ 5), ਖੀਰਾ ਅਤੇ ਕਰੇਲਾ (ਹਰੇਕ ਦੀਆਂ 4) ਅਤੇ ਮਟਰ, ਖਰਬੂਜਾ ਅਤੇ ਜੰਗਲੀ ਖੱਖੜੀ (ਹਰੇਕ ਦੀਆਂ 2) ਨੂੰ ਸ਼ਾਮਲ ਕੀਤਾ ਗਿਆ ।
- ਫ਼ਲਾਂ ਦੇ ਦਰਖਤ ਦੇ ਜਰਮਪਲਾਜ਼ਮ ਵਿੱਚ ਅੰਬ (24), ਬੇਰ (4), ਆੜੂ ਅਤੇ ਆਲੂ ਬੁਖਾਰਾ (ਹਰੇਕ ਦੀਆਂ 2), ਅਮਰੂਦ, ਨਾਸ਼ਪਾਤੀ, ਡਰੇਗਨ ਫ਼ਲ ਅਤੇ ਪੇਕਾਨ ਗਿਰੀ (ਹਰੇਕ ਦੀ 1) ਨੂੰ ਸ਼ਾਮਲ ਕੀਤਾ ਗਿਆ ।
- ਦਰਖਤਾਂ, ਸਜਾਵਟੀ ਬੂਟਿਆਂ ਅਤੇ ਫੁੱਲਾਂ ਵਿੱਚ ਇਕੱਠੇ ਕੀਤੇ ਜਰਮਪਲਾਜ਼ਮ ਵਿੱਚ ਨਿੰਮ (38), ਗਲੈਡੀਓਲਸ (3), ਬੋਗਨਵਿਲੀਆ (4), ਸਾਲਾਨਾ ਫੁੱਲ (10), ਗੁਲਾਬ (2) ਅਤੇ ਗੁਲਦਾਉਦੀ (3) ਨੂੰ ਸ਼ਾਮਲ ਕੀਤਾ ਗਿਆ । ਨਿੰਮ ਦੀਆਂ 25 ਕਿਸਮਾਂ ਦੇ ਬੀਜ (ਪੱਛਮੀ ਰਾਜਸਥਾਨ, ਪੂਰਬੀ ਰਾਜਸਥਾਨ, ਹਰਿਆਣਾ, ਪੰਜਾਬ ਅਤੇ ਗੁਜਰਾਤ) ਤੋਂ ਇਕੱਠੇ ਕੀਤੇ ਗਏ । ਇਨ੍ਹਾਂ ਨੂੰ ਨਰਸਰੀ ਉਤਪਾਦਨ ਅਤੇ ਅਜ਼ੈਡੀਰੇਕਟਿਨ ਮਾਤਰਾ ਦੇ ਮੁਲਾਂਕਣ ਲਈ ਵਰਤਿਆ ਗਿਆ। ਇਹ ਮਾਤਰਾ 0.59-2.03 ਪ੍ਰਤੀਸ਼ਤ (>0.60% ਅਜ਼ੈਡੀਰੇਕਟਿਨ ਮਾਤਰਾ ਨੂੰ ਵੱਧ ਮੰਨਿਆ ਜਾਂਦਾ ਹੈ) ਰਹੀ।
- ਅਮਰੀਕਨ ਨਰਮੇ ਦੇ ਇਨ-ਹਾਊਸ ਜਰਮਪਲਾਜ਼ਮ ਵਿਕਸਿਤ ਕਰਨ ਨਾਲ ਨਵੇਂ ਪੌਦੇ ਦੀ ਪਛਾਣ ਹੋ ਸਕੀ, ਜੋ ਵੱਧ ਸੰਘਣਤਾ ਅਤੇ ਮਸ਼ੀਨੀ ਤੁੜਾਈ ਲਈ ਢੁਕਵਾਂ ਰਿਹਾ ।

## ਬਾਇਓਤਕਨਾਲੋਜੀ

ਸਕੂਲ ਆਫ਼ ਐਗਰੀਕਲਚਰਲ ਬਾਇਓਤਕਨਾਲੋਜੀ ਵੱਲੋਂ ਕਰਾਪ ਬਰੀਡਿੰਗ ਗਰੁੱਪਾਂ ਨਾਲ ਨੇੜਲੀ ਸਾਂਝ ਬਣਾਈ ਗਈ ਤਾਂ ਜੋ ਵੱਖੋ-ਵੱਖ ਬਾਇਓਤਕਨਾਲੋਜੀਕਲ ਵਿਧੀਆਂ ਦੀ ਵਰਤੋਂ ਕਰਦਿਆਂ ਕਿਸਮਾਂ ਵਿਕਸਿਤ ਕੀਤੀਆਂ ਜਾ ਸਕਣ।

## ਖੇਤ ਫ਼ਸਲਾਂ

### ਕਣਕ

- ਐੱਸ ਐੱਸ ਆਰ/ਐੱਸ ਐੱਨ ਪੀ (ਸਿੰਪਲ ਸਿਕਿਊਐਂਸ ਰਪੀਟ/ਸਿੰਗਲ ਨਿਊਕਲੋਟਾਈਡ ਪੋਲੀਮਾਰਫਿਜ਼ਮ) ਮਾਰਕਰਜ਼, ਜੋ ਕਿ ਮਾਰਕਰ ਅਸਿਸਟਿਡ ਸਿਲੈਕਸ਼ਨ (ਐਮ ਏ ਐੱਸ) ਲਈ ਢੁਕਵੇਂ ਹਨ, ਨੂੰ ਪੱਤੇ ਦੀ ਕਾਂਗਿਆਰੀ ਅਤੇ ਧਾਰੀਦਾਰ ਕੁੰਗੀ ਪ੍ਰਤੀ ਰੋਧਿਕਤਾ ਰੱਖਣ ਵਾਲੇ ਜੀਨਜ਼ ਲਈ ਕਣਕ ਦੀਆਂ ਜੰਗਲੀ ਕਿਸਮਾਂ ਏਜੀਲੋਪਸ ਜੀਨੀਕੁਲਾਟਾ ਅਤੇ ਪੈਰੀਗਰੀਨਾ ਤੋਂ ਵਿਕਸਿਤ ਕੀਤਾ ਗਿਆ । ਧਾਰੀਦਾਰ ਕੁੰਗੀ ਪ੍ਰਤੀ ਰੋਧਿਕਤਾ ਰੱਖਣ ਵਾਲੇ 6 ਜੀਨ ਏਈ. ਤਾਓਸਚੀ, ਏਈ. ਸਪਿਲਟੋਆਇਡਜ਼, ਟੀ. ਡੀਕੋਕੁਆਇਡਜ਼, ਟੀ. ਏਰਾਰਾਟੀਕਮ ਅਤੇ ਏਈ ਟਰਾਈਉਨਸੀਅਲੀਸ ਨੂੰ ਕਾਸ਼ਤ ਕੀਤੀ ਕਣਕ ਦੀ ਪਿੱਠ ਭੂਮੀ ਵਿੱਚ ਤਬਦੀਲ ਕੀਤਾ ਗਿਆ।
- ਕਰਨਾਲ ਬੰਟ ਪ੍ਰਤੀ ਰੋਧਿਕ ਇੰਟਰੋਗ੍ਰੈਸ਼ਨ ਲਾਈਨਾਂ ਨੂੰ ਏਈ. ਟਰਾਈਉਨਸੀਅਲੀਸ ਅਤੇ ਟੀ. ਮੋਨੋਕੋਕੁਮ ਤੋਂ ਵਿਕਸਿਤ ਕੀਤਾ ਗਿਆ ਤਾਂ ਜੋ ਕਣਕ ਦੇ ਬਰੀਡਿੰਗ ਪ੍ਰੋਗਰਾਮਾਂ ਵਿੱਚ ਉਨ੍ਹਾਂ ਨੂੰ ਵਰਤਿਆ ਜਾ ਸਕੇ ।
- ਦਾਣਿਆਂ ਦਾ ਵੱਧ ਭਾਰ ਅਤੇ ਪ੍ਰੋਟੀਨ ਦੀਆਂ ਵਿਸ਼ੇਸ਼ਤਾਵਾਂ ਰੱਖਣ ਵਾਲੇ ਅਤੇ ਧਾਰੀਦਾਰ ਕੁੰਗੀ ਪ੍ਰਤੀ ਰੋਧਿਕ ਜੀਨਾਂ ਨੂੰ ਸਰਵੋਤਮ ਕਿਸਮਾਂ ਦੀ ਪਿੱਠਭੂਮੀ ਵਿੱਚ ਪਿਰਾਮਿਡ ਕੀਤਾ ਗਿਆ ਅਤੇ ਇਨ੍ਹਾਂ ਦਾ ਐਗਰੋਨੋਮਿਕ ਮੁਲਾਂਕਣ ਕੀਤਾ ਜਾ ਰਿਹਾ ਹੈ ।
- ਕਣਕ ਦੀਆਂ ਸਟਾਰਚ ਪ੍ਰਤੀ ਉੱਚ ਪ੍ਰਤੀਰੋਧਿਕਤਾ ਰੱਖਣ ਅਤੇ ਘੱਟ ਐਕਰੀਲੇਮਾਈਡ ਲਾਈਨਾਂ ਵਿਕਸਿਤ ਕਰਨ ਲਈ ਜੀਨੋਮ ਐਡਿੰਟਿੰਗ ਦੀ ਵਰਤੋਂ ਕੀਤੀ ਜਾ ਰਹੀ ਹੈ ।

### ਝੋਨਾ

- ਪੌਦੇ ਦੇ ਭੂਰੇ ਟਿੱਡੇ ਪ੍ਰਤੀ ਸਹਿਣਸ਼ੀਲਤਾ ਰੱਖਣ ਵਾਲੇ ਨਵੇਂ ਜੀਨਜ਼ ਨੂੰ ਓ. ਨਿਵਾਰਾ ਅਤੇ ਓ. ਰੂਫੀਪੋਗੋਨ ਤੋਂ ਪਛਾਣਿਆ ਗਿਆ ਅਤੇ ਪੀ ਆਰ 122 ਕਿਸਮ ਵਿੱਚ ਤਬਦੀਲ ਕੀਤਾ ਗਿਆ ।
- ਜੜ੍ਹ ਗੰਢ ਨੀਮਾਟੋਡ (ਆਰ ਕੇ ਐੱਨ) ਪ੍ਰਤੀ ਉੱਚ ਪੱਧਰ ਦੀ ਸਹਿਣਸ਼ੀਲਤਾ ਵਾਲੇ ਓ. ਗਲੈਬੀਰੀਮਾ ਅਕਸੈਸ਼ਨਜ਼ ਦੀ ਪਛਾਣ ਕੀਤੀ ਗਈ । ਤਿੰਨ ਅਕਸੈਸ਼ਨਾਂ ਨੂੰ ਆਰ ਕੇ ਐੱਨ ਰੋਧਿਕਤਾ ਲਈ ਪੀ ਆਰ-122 ਕਿਸਮ ਦੀ ਪਿੱਠ ਭੂਮੀ ਵਿੱਚ ਬਦਲਣ ਲਈ ਵਰਤਿਆ ਗਿਆ । ਗਰਦਨ ਤੋਂ ਝੜਣ ਦੇ ਰੋਗ ਪ੍ਰਤੀ ਰੋਧਿਕ ਜੀਨਾਂ ਨੂੰ ਓ. ਗਲੁਮਪੇਟੁਲਾ ਅਤੇ ਓ. ਗਲੇਬੀਰੀਮਾ ਤੋਂ ਲਈਆਂ 2 ਇੰਟ੍ਰੋਗ੍ਰੈਸ਼ਨ ਲਾਈਨਾਂ ਤੋਂ ਪਛਾਣਿਆ ਗਿਆ ਅਤੇ ਪੰਜਾਬ ਬਾਸਮਤੀ 5 ਕਿਸਮ ਵਿੱਚ ਤਬਦੀਲ ਕੀਤਾ ਗਿਆ ।
- ਸ਼ੀਥ ਝੁਲਸ ਰੋਗ ਪ੍ਰਤੀ ਰੋਧਿਕਤਾ ਲਈ ਓ ਨਿਵਾਰਾ ਤੋਂ ਲਏ ਕਿਊ ਟੀ ਐੱਲ ਦੀ ਝੋਨੇ ਦੇ ਕਰੋਮੋਜ਼ੋਮ-I ਉੱਤੇ ਨਿਸ਼ਾਨਦੇਹੀ ਕੀਤੀ ਗਈ ।

### ਮੱਕੀ

- ਤਪਸ਼ ਪ੍ਰਤੀ ਰੋਧਿਕ ਕਿਊ ਟੀ ਐੱਲ/ਜੀਨਜ਼ ਦੀ ਐੱਸ ਐੱਸ ਆਰ ਅਤੇ ਜੀਨ ਅਧਾਰਿਤ ਮਾਰਕਰਾਂ ਦੀ ਵਰਤੋਂ ਰਾਹੀਂ ਮੱਕੀ ਦੀਆਂ ਐੱਲ ਐੱਮ 11 ਅਤੇ ਸੀ ਐੱਮ ਐੱਲ 25 ਜੀਨੋ

ਕਿਸਮਾਂ ਦੇ ਕਰਾਸ ਤੋਂ ਵਿਕਸਿਤ ਕੀਤੀ $F_{23}$ ਗਿਣਤੀ ਵਿੱਚ ਨਿਸ਼ਾਨਦੇਹੀ ਦਾ ਖੋਜ ਕਾਰਜ ਚਲ ਰਿਹਾ ਹੈ ।

- ਮੈਟ੍ਰੀਲੀਨੀਅਲ ਜੀਨ ਜੋ ਕਿ ਮੱਕੀ ਸਟਾਕ 6 ਦੀ ਹੈਪਲੁਆਇਡ ਇੰਡਕਸ਼ਨ ਸਮਰਥਾ ਲਈ ਜ਼ਿੰਮੇਵਾਰ ਹੈ, ਮੱਕੀ ਦੀਆਂ ਇਨਬਰਿਡ ਲਾਈਨਜ਼ ਐੱਲ ਐੱਮ 13, ਐੱਲ ਐੱਮ 14, ਐੱਲ ਐੱਮ 23 ਅਤੇ ਐੱਲ ਐੱਮ 24 ਵਿੱਚ ਸਿਕਿਊਐਂਸਿੰਗ ਰਾਹੀਂ ਵਿਸ਼ਲੇਸਣ ਕੀਤਾ ਗਿਆ । ਮੈਟ੍ਰੀਲੀਨੀਅਲ ਜੀਨ ਨੂੰ ਮੱਕੀ ਅਤੇ ਝੋਨੇ ਦੀਆਂ ਲਾਈਨਾਂ ਵਿੱਚ ਸੀ ਆਰ ਆਈ ਐੱਸ ਪੀ ਆਰ/ਸੀ ਏ ਐੱਸ 9 ਰਾਹੀਂ ਪਾਇਆ ਜਾਵੇਗਾ ਤਾਂ ਜੋ ਹੈਪਲੁਆਇਡ ਇੰਡੂਸਰ ਲਾਈਨਜ਼ ਵਿਕਸਿਤ ਕੀਤੀਆਂ ਜਾ ਸਕਣ ।

## ਦਾਲਾਂ ਅਤੇ ਤੇਲ ਬੀਜ

- ਐੱਸ ਐੱਸ ਆਰ ਅਤੇ ਐੱਸ ਐੱਨ ਪੀ ਮਾਰਕਰਾਂ ਨੂੰ ਵਿਜਨਾ ਮੂੰਗੋ ਅਤੇ ਵੀ. ਰੇਡੀਏਟਾ ਜੀਨੋਮ ਸਿਕਿਊਐਂਸ ਤੋਂ ਵਿਕਸਿਤ ਕੀਤਾ ਗਿਆ ਅਤੇ ਇਨ ਸਿਲੀਕੋ ਪੋਲੀਮਾਰਫਿਕ ਮਾਰਕਰਾਂ ਨੂੰ 48 ਵੱਖੋ ਵੱਖ ਵਿਜਨਾ ਜੀਨੋ ਕਿਸਮਾਂ ਦੇ ਸੈੱਟ ਵਿੱਚ ਪ੍ਰਮਾਣਿਕ ਕੀਤਾ ਗਿਆ ।
- ਛੋਲਿਆਂ ਦੀ ਉੱਤਮ ਕਿਸਮ ਦੀ ਬੈਕਗਰਾਊਂਡ ਵਿੱਚ Cry1AC ਜੀਨ ਨੂੰ ਗਤੀਸ਼ੀਲ ਕਰਨ ਲਈ ਮਾਰਕਰ ਅਸਿਸਟਿਡ ਸਿਲੈਕਸ਼ਨ ਦੀ ਵਰਤੋਂ ਕੀਤੀ ਗਈ । ਲਗਭਗ 100 $BC_2F_2$ ਪੌਦੇ, ਜੋ ਕਿ Cry1AC ਲਈ ਹਾਂ ਪੱਖੀ ਸਨ, ਦੀ ਪਛਾਣ ਕੀਤੀ ਗਈ ।
- ਐਸਕੋਕਾਈਟਾ ਝੁਲਸ ਰੋਗ ਪ੍ਰਤੀ ਰੋਧਿਕਤਾ ਨੂੰ ਜਰਮਪਲਾਜ਼ਮ ਤੋਂ ਕਾਬਲੀ ਛੋਲਿਆਂ ਦੀ ਬੈਕਗਰਾਊਂਡ ਵਿੱਚ ਤਬਦੀਲ ਕੀਤਾ ਗਿਆ ਅਤੇ ਇਸ ਲਈ ਮੋਲੀਕਿਊਲਰ ਨਿਸ਼ਾਨਦੇਹੀ ਖੋਜ ਅਧੀਨ ਹੈ ।
- ਐਮ ਏ ਐੱਸ ਦੀ ਵਰਤੋਂ ਬਰਾਸਿਕਾ ਤੇਲਬੀਜਾਂ ਦੇ ਬਰੀਡਿੰਗ ਪ੍ਰੋਗਰਾਮਾਂ ਵਿੱਚ ਤੇਲ ਦੀ ਗੁਣਵਤਾ ਅਤੇ ਚਿੱਟੀ ਕੁੰਗੀ ਪ੍ਰਤੀ ਰੋਧਿਕਤਾ ਹਿਤ ਕੀਤੀ ਗਈ ।
- ਤੇਲੇ ਪ੍ਰਤੀ ਰੋਧਿਕਤਾ ਨੂੰ ਬਰਾਸਿਕਾ ਫਰੂਟੀਕੁਲੋਸਾ ਤੋਂ ਬਰਾਸਿਕਾ ਤੇਲਬੀਜਾਂ ਵਿੱਚ ਤਬਦੀਲ ਕੀਤਾ ਗਿਆ ।

## ਬਾਗਬਾਨੀ ਦੀਆਂ ਫ਼ਸਲਾਂ

- ਅਮਰੂਦ ਦੇ ਜੀਨੋਮ ਇਕੱਤਰ ਕੀਤੇ ਗਏ ਅਤੇ ਐੱਸ ਐੱਸ ਆਰ ਅਤੇ ਐੱਸ ਐੱਨ ਪੀ ਮਾਰਕਰ ਵਿਕਸਿਤ ਕੀਤੇ ਗਏ ਤਾਂ ਜੋ ਪ੍ਰੋਸੈਸਿੰਗ ਅਤੇ ਪੌਸ਼ਟਿਕਤਾ ਦੀ ਗੁਣਵਤਾ ਲਈ ਵਿਸ਼ੇਸ਼ਤਾਵਾਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ ।
- ਖਰਬੂਜ਼ੇ ਵਿੱਚ ਐੱਸ ਐੱਸ ਆਰ ਮਾਰਕਰਾਂ ਦੀ ਵਰਤੋਂ ਕਰਦਿਆਂ ਨਰ ਜਣਨ ਸ਼ਕਤੀ ਅਤੇ ਫਿਊਜ਼ੇਰੀਅਮ ਮੁਰਝਾਅ ਪ੍ਰਤੀ ਰੋਧਿਕ ਜੀਨਜ਼ ਦੀ ਨਿਸ਼ਾਨਦੇਹੀ ਕ੍ਰੋਮੋਜ਼ੋਮ 6 ਅਤੇ 5 ਉੱਤੇ ਕ੍ਰਮਵਾਰ ਕੀਤੀ ਗਈ ।
- ਪੀਲੇ ਵੇਨ ਮੋਜ਼ੇਕ ਵਿਸ਼ਾਣੂੰ ਪ੍ਰਤੀ ਰੋਧਿਕਤਾ ਨੂੰ ਜੰਗਲੀ ਭਿੰਡੀ ਐਬਿਲਪੋਸਕਸ ਤੋਂ ਕਾਸ਼ਤਕਾਰੀ ਵਾਲੀਆਂ ਭਿੰਡੀ ਦੀਆਂ ਜੀਨੋ ਕਿਸਮਾਂ ਵਿੱਚ ਤਬਦੀਲ ਕੀਤਾ ਗਿਆ ।
- ਫਾਈਟੋਪੈਥੋਰਾ ਪ੍ਰਤੀ ਰੋਧਿਕ $F_1$ ਹਾਈਬ੍ਰਿਡ, ਜਿਨ੍ਹਾਂ ਨੂੰ ਰੂਟਸਟਾਕ ਪ੍ਰਤੀ ਰੋਧਿਕ ਰਫ਼ ਲੈਮਨ ਦੇ ਕਰਾਸਿਸ ਤੋਂ ਵਿਕਸਿਤ ਕੀਤਾ ਗਿਆ, ਦੀ ਲੈਬਾਰਟਰੀ ਸਥਿਤੀਆਂ ਅਧੀਨ ਪਛਾਣ ਕੀਤੀ ਗਈ । ਯਕੀਨੀਕਰਨ ਲਈ ਖੇਤਾਂ ਵਿੱਚ ਇਨ੍ਹਾਂ ਦੀ ਸਕਰੀਨਿੰਗ ਚਲ ਰਹੀ ਹੈ ।
- ਸੀਆਰਆਈ ਐੱਸਪੀਆਰ/ਸੀਏਐੱਸ 9 ਦੀ ਵਰਤੋਂ ਟਮਾਟਰ ਵਿੱਚ ਪਿਕਟੇਟ ਲਾਇਏਸ ਜੀਨ ਦੂਰ ਕਰਨ ਲਈ ਕੀਤੀ ਗਈ ਤਾਂ ਜੋ ਉਨ੍ਹਾਂ ਦੀ ਵਰਤੋਂ ਯੋਗ ਮਿਆਦ ਵਧਾਈ ਜਾ ਸਕੇ ।

## ਬੀਜ ਤਕਨਾਲੋਜੀ

- ਯੂਨੀਵਰਸਿਟੀ ਵੱਲੋਂ ਬੀਜ ਉਤਪਾਦਨ ਪ੍ਰੋਗਰਾਮਾਂ ਨੂੰ ਪੂਰੇ ਉਤਸ਼ਾਹ ਨਾਲ ਚਲਾਇਆ ਜਾਂਦਾ ਹੈ ਤਾਂ ਜੋ ਕਿਸਾਨਾਂ ਨੂੰ ਉੱਚ ਜੈਨੇਟਿਕ ਇੰਟੈਗ੍ਰਿਟੀ ਅਤੇ ਸ਼ੁੱਧਤਾ ਰੱਖਣ ਵਾਲੇ ਬੀਜ ਮੁਹੱਈਆ ਕੀਤੇ ਜਾ ਸਕਣ । ਸਾਲ 2017-18 ਦੌਰਾਨ ਯੂਨੀਵਰਸਿਟੀ ਵੱਲੋਂ 59,137 ਕੁਇੰਟਲ ਖੇਤ ਫ਼ਸਲਾਂ ਦੇ ਬੀਜ ਅਤੇ 9296 ਕੁਇੰਟਲ ਸਬਜ਼ੀਆਂ ਦੀਆਂ ਫ਼ਸਲਾਂ ਦੇ ਬੀਜ ਪੈਦਾ ਕੀਤੇ ਗਏ । ਵੀਟਾਵੈਕਸ ਪਾਵਰ (ਕਾਰਬਾਕਸਿਨ+ਥੀਰੇਮ), ਜੋ ਕਿ ਬੀਜ ਅਤੇ ਮਿੱਟੀ ਨਾਲ ਸੰਬੰਧਤ ਰੋਗਾਂ ਦੀ ਰੋਕਥਾਮ ਕਰਨ ਵਾਲਾ ਉੱਲੀਨਾਸ਼ਕ ਹੈ, ਨਾਲ ਬੀਜਾਂ ਦੀ ਸੋਧ ਤੇ ਚਲ ਰਹੀ ਖੋਜ ਤੋਂ ਕਾਬਲੀ ਛੋਲਿਆਂ ਦੇ ਬੀਜ ਉਤਪਾਦਨ ਲਈ ਵੀਟਾਵੈਕਸ ਪਾਵਰ @0.25% ਨਾਲ ਬੀਜ ਦੀ ਪ੍ਰਾਇਮਿੰਗ ਦੀ ਸਿਫ਼ਾਰਸ਼ ਕੀਤੀ ਗਈ ।

## ਫ਼ਸਲ ਉਤਪਾਦਨ ਤਕਨੀਕਾਂ

ਫ਼ਸਲ ਉਤਪਾਦਨ ਤਕਨੀਕਾਂ, ਜਿਨ੍ਹਾਂ ਵਿੱਚ ਫ਼ਸਲਾਂ ਦੀਆਂ ਵੱਖੋ ਵੱਖ ਕਿਸਮਾਂ ਵੀ ਸ਼ਾਮਿਲ ਹਨ, ਨੂੰ ਲਗਾਤਾਰ ਵਿਕਸਿਤ ਕੀਤਾ ਜਾਂਦਾ ਹੈ ਤਾਂ ਜੋ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਕਰਦਿਆਂ ਉਤਪਾਦਨ ਵੀ ਵਧਾਇਆ ਜਾ ਸਕੇ । ਇਨ੍ਹਾਂ ਖੋਜਾਂ ਰਾਹੀਂ ਖੇਤੀ

ਸਾਲ 2017-18 ਦੌਰਾਨ ਬੀਜ ਉਤਪਾਦਨ (ਕੁਇੰਟਲ)

| ਸੀਜ਼ਨ | ਬਰੀਡਰ | ਫਾਊਂਡੇਸ਼ਨ | ਪ੍ਰਮਾਣਿਤ | ਸਹੀ ਤੌਰ ਤੇ ਲੇਬਲ ਕੀਤਾ | ਕੁੱਲ |
|---|---|---|---|---|---|
| ਸਾਉਣੀ 2017 | 891 | 1,649 | 8,230 | 14,451 | 25,221 |
| ਹਾੜ੍ਹੀ 2018 | 4,708 | 7,446 | 16,118 | 5,644 | 33,916 |
| ਕੁੱਲ | 5,559 | 9,095 | 24,348 | 20,095 | 59,137 |

ਸਾਲ 2017-18 ਦੌਰਾਨ ਸਬਜ਼ੀ ਬੀਜ ਉਤਪਾਦਨ (ਕੁਇੰਟਲ)

| ਸੀਜ਼ਨ | ਬਰੀਡਰ | ਫਾਊਂਡੇਸ਼ਨ | ਪ੍ਰਮਾਣਿਤ | ਸਹੀ ਤੌਰ ਤੇ ਲੇਬਲ ਕੀਤਾ | ਕੁੱਲ |
|---|---|---|---|---|---|
| ਗਰਮ ਰੁੱਤ 2017 | 1.73 | - | 5.63 | 33.32 | 40.68 |
| ਹਲਦੀ | 40.00 | - | - | 229.00 | 269.00 |
| | **41.73** | - | **5.63** | **262.32** | **309.68** |
| ਸਰਦ ਰੁੱਤ 2017-18 | 22.74 | 103.49 | 107.86 | 335.50 | 569.59 |
| ਆਲੂ | - | 1,665.00 | 4,945.50 | 1,806.29 | 8,416.79 |
| | **22.74** | **1,768.49** | **5,053.36** | **2,141.79** | **8,986.38** |
| ਕੁੱਲ | 64.47 | 1,768.49 | 5,058.99 | 2,404.11 | 9296.06 |

ਆਮਦਨ ਨੂੰ ਵਧਾਉਣ ਹਿਤ ਪ੍ਰਸਥਿਤੀ ਵਿਗਿਆਨਕ ਪਹੁੰਚ ਵਿਧੀਆਂ ਜਿਨ੍ਹਾਂ ਵਿੱਚ ਜੈਵਿਕ ਖਾਦਾਂ ਦੀ ਵਰਤੋਂ; ਉਚਿਤ ਖਾਦਾਂ ਅਤੇ ਉਨ੍ਹਾਂ ਦੇ ਛਿੜਕਾਅ ਦੇ ਢੰਗ; ਸੰਯੁਕਤ ਪੋਸ਼ਣ ਲਈ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਮਲਚਿੰਗ, ਪਾਣੀ ਦੀ ਸਾਂਭ-ਸੰਭਾਲ, ਨਦੀਨਾਂ ਦੀ ਰੋਕਥਾਮ; ਪੌਦੇ ਲਗਾਉਣ ਦੇ ਸੋਧੇ ਹੋਏ ਢੰਗ/ਤਰੀਕੇ; ਫਲੀ ਆਧਾਰਿਤ ਫ਼ਸਲੀ ਚੱਕਰ ਆਦਿ ਅਪਣਾਈਆਂ ਜਾਂਦੀਆਂ ਹਨ। ਯੂਨੀਵਰਸਿਟੀ ਵੱਲੋਂ ਕੀਤੀ ਖੋਜ ਤੇ ਆਧਾਰਿਤ ਹੇਠ ਲਿਖੀਆਂ ਉਤਪਾਦਨ ਤਕਨੀਕਾਂ ਦੀ ਸਿਫ਼ਾਰਸ਼ ਕੀਤੀ ਗਈ :

## ਖੇਤ ਫ਼ਸਲਾਂ

### ◆ ਬਾਇਓਫਰਟਿਲਾਈਜ਼ਰਜ਼ (ਜੈਵਿਕ ਖਾਦਾਂ)

- ਰਾਈਜ਼ੋਬੀਅਮ ਜੈਵਿਕ ਖਾਦ ਨੂੰ ਗਰਮ ਰੁੱਤ ਅਤੇ ਸਾਉਣੀ ਦੀ ਉੜਦਬੀਨ ਲਈ ਸਿਫ਼ਾਰਸ਼ ਕੀਤਾ ਗਿਆ । ਬੀਜ ਨੂੰ ਰਾਈਜ਼ੋਬੀਅਮ ਨਾਲ ਸੋਧਣ ਤੇ ਸਾਉਣੀ ਅਤੇ ਗਰਮ ਰੁੱਤ ਦੇ ਝਾੜ ਵਿੱਚ 2.1-6.2% ਕ੍ਰਮਵਾਰ ਵਾਧਾ ਹੁੰਦਾ ਹੈ ਅਤੇ ਭੂਮੀ ਦੀ ਸਿਹਤ ਵਿੱਚ ਵੀ ਸੁਧਾਰ (ਉਚੇਰੀ ਬੈਕਟੀਰੀਅਲ ਗਿਣਤੀ ਅਤੇ ਡੀਹਾਈਡ੍ਰੋਜੀਨੇਸ ਗਤੀਵਿਧੀ) ਆਉਂਦਾ ਹੈ ।
- ਝੋਨੇ ਦਾ ਝਾੜ ਵਧਾਉਣ ਲਈ ਐਜ਼ੋਸਪੀਰੀਲਮ ਕਲਚਰ, ਐਨ-ਫਿਕਸਿੰਗ ਬੈਕਟੀਰੀਆ ਦੀ ਸਿਫ਼ਾਰਸ਼ ਕੀਤੀ ਗਈ ਜਿਸ ਨਾਲ ਮਾਈਕ੍ਰੋਬੀਅਲ ਫਲੌਰਾ ਅਤੇ ਭੂਮੀ ਵਿੱਚ ਐਨ ਪੀ ਕੇ ਦੀ ਮਾਤਰਾ ਵਿੱਚ ਵੀ ਵਾਧਾ ਹੁੰਦਾ ਹੈ ।
- ਜੈਵਿਕ ਖਾਦਾਂ ਅਤੇ ਗੈਰ ਖਾਦ ਪਦਾਰਥਾਂ ਦੀ ਸੰਯੁਕਤ ਵਰਤੋਂ (ਨਾਈਟ੍ਰੋਜਨ ਅਤੇ ਫਾਸਫੋਰਸ ਦੇ ਸਿਫ਼ਾਰਸ਼ ਕੀਤੇ 75% ਅਤੇ 100% ਪੱਧਰ) ਨਾਲ ਪੌਪਲਰ ਅਤੇ ਸਫੈਦੇ ਦੀ ਨਰਸਰੀ ਵਾਲੇ ਵਾਤਾਵਰਨ ਵਿੱਚ ਵਿਕਾਸ ਦਰ ਵਧਦੀ ਹੈ ।

### ◆ ਰਹਿੰਦ ਖੂੰਹਦ ਦੀ ਸਾਂਭ-ਸੰਭਾਲ

- ਮੱਕੀ ਵਿੱਚ ਝੋਨੇ ਦੀ ਪਰਾਲੀ ਦੀ ਕੰਪੋਸਟ @4.5 ਕੁਇੰਟਲ/ਹੈਕਟੇਅਰ ਅਤੇ ਖਾਦਾਂ ਦੀ ਨਿਰਧਾਰਿਤ ਖੁਰਾਕ ਪਾਉਣ ਦੀ ਰੂੜੀ (ਐਫ ਵਾਈ ਐਮ) ਦੇ ਬਦਲ ਵਜੋਂ ਸਿਫ਼ਾਰਸ਼ ਕੀਤੀ ਗਈ ਜਿਸ ਨਾਲ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਦੇ ਨਾਲ-ਨਾਲ ਰੂੜੀ ਦੀ ਘਾਟ ਦੀ ਪੂਰਤੀ ਵੀ ਹੋ ਗਈ ।
- ਝੋਨੇ ਦੀ ਪਰਾਲੀ ਨੂੰ ਤਿੰਨ ਸਾਲ ਤੋਂ ਵੱਧ ਸਮੇਂ ਲਈ ਹੈਪੀਸੀਡਰ ਨਾਲ ਮਿੱਟੀ ਵਿੱਚ ਰਲਾਉਣ ਨਾਲ ਕਣਕ ਦੇ ਝਾੜ ਵਿੱਚ (ਕਣਕ ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਨਾਲੋਂ 11.9%) ਵਾਧਾ ਹੋਇਆ ਅਤੇ ਭੂਮੀ ਦੀ ਸਿਹਤ ਵਿੱਚ ਆਰਗੈਨਿਕ ਕਾਰਬਨ ਅਤੇ ਦੀਰਘ-ਪੌਸ਼ਟਿਕ ਆਧਾਰ ਦਾ ਵਾਧਾ ਹੋਇਆ।

### ◆ ਪੋਸ਼ਟਿਕਤਾ ਦਾ ਪ੍ਰਬੰਧਣ

- ਝੋਨੇ ਵਿੱਚ ਮਿੱਟੀ ਪਰਖ ਦੇ ਆਧਾਰ ਤੇ ਯੂਰੀਆ ਦੀ ਮਿਕਦਾਰ 110 ਕਿੱਲੋ ਪ੍ਰਤੀ ਏਕੜ ਤੋਂ ਘਟਾ ਕੇ 90 ਕਿੱਲੋ ਪ੍ਰਤੀ ਏਕੜ ਕੀਤੀ, ਕਿਉਂ ਜੋ ਆਮ ਯੂਰੀਆ ਨਾਲੋਂ ਨਿੰਮ ਲਿਪਤ ਯੂਰੀਆ ਦੀ ਨਿਪੁੰਨਤਾ ਵਧੇਰੇ ਹੁੰਦੀ ਹੈ । ਇਸ ਨਾਲ ਫ਼ਸਲ ਦੇ ਝਾੜ ਨੂੰ ਬਿਨਾਂ ਕੋਈ ਫ਼ਰਕ ਪਏ ਨਾਈਟ੍ਰੋਜਨ (ਐੱਨ) ਖਾਦ ਦੀ ਵੀ ਬੱਚਤ ਹੁੰਦੀ ਹੈ ।
- ਪੀਏਯੂ ਪੱਤਾ ਰੰਗ ਚਾਰਟ ਤਕਨੀਕ ਨੂੰ ਸਿੱਧੇ ਬੀਜੇ ਝੋਨੇ ਅਤੇ ਬੀ ਟੀ ਨਰਮੇ ਵਿੱਚ ਵੀ ਲਾਗੂ ਕੀਤਾ ਗਿਆ ਤਾਂ ਜੋ ਲੋੜ ਅਨੁਸਾਰ ਹੀ ਨਾਈਟ੍ਰੋਜਨ ਖਾਦ ਦੀ ਵਰਤੋਂ ਕੀਤੀ ਜਾ ਸਕੇ ।
- ਸਿੱਧੇ ਬੀਜੇ ਝੋਨੇ ਦਾ ਵੱਧ ਝਾੜ ਲੈਣ ਲਈ ਨਾਈਟ੍ਰੋਜਨ ਖਾਦ ਦੇ ਛਿੜਕਾਅ ਦੀਆਂ ਮੌਜੂਦਾ ਵਾਰੀਆਂ (130 ਕਿਲੋ ਯੂਰੀਆ/ਏਕੜ ਨੂੰ ਤਿੰਨ ਬਰਾਬਰ ਹਿੱਸਿਆਂ ਵਿੱਚ ਬਿਜਾਈ ਤੋਂ 2,5 ਅਤੇ 9 ਹਫ਼ਤਿਆਂ ਬਾਅਦ ਪਾਉਣਾ) ਨੂੰ ਬਦਲ ਕੇ ਬਿਜਾਈ ਤੋਂ 4, 6 ਅਤੇ 9 ਹਫ਼ਤਿਆਂ ਬਾਅਦ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ।
- ਗੁਰਦਾਸਪੁਰ ਜ਼ਿਲ੍ਹੇ ਦੇ ਕਣਕ-ਝੋਨੇ ਦੇ ਫ਼ਸਲੀ ਚੱਕਰ ਦੀਆਂ 20 ਬੈਂਚ ਮਾਰਕ ਥਾਵਾਂ ਦੀ ਪੌਸ਼ਟਿਕ ਇੰਡੈਕਸਿੰਗ ਕਰਨ ਤੋਂ ਸਪਸ਼ਟ ਹੋਇਆ ਕਿ ਛੇ ਸਾਲਾਂ ਦੇ ਸਮੇਂ ਦੌਰਾਨ ਮਿੱਟੀ ਵਿੱਚ ਲੋਹਾ ਤੱਤ (Fe) ਦੀ 31 ਤੋਂ 26 ਅਤੇ ਮੈਂਗੇਨੀਜ਼ (Mn) ਤੱਤ ਵਿੱਚ 29 ਤੋਂ 18 ਮਿ. ਗ੍ਰਾਮ/ਕਿਲੋਗ੍ਰਾਮ ਦੀ ਕਮੀ ਆਈ, ਜੋ ਕਿ ਕਣਕ-ਝੋਨੇ ਦੇ ਲਗਾਤਾਰ ਫ਼ਸਲੀ ਚੱਕਰ ਕਾਰਨ ਪੌਸ਼ਟਿਕਤਾ ਦੀ ਸੰਭਾਵੀ ਕਮੀ ਵੱਲ ਇਸ਼ਾਰਾ ਕਰਦਾ ਹੈ ।

### ◆ ਸਿੰਚਾਈ ਯੁਕਤ ਪਾਣੀ ਦਾ ਪ੍ਰਬੰਧਣ

- ਨਹਿਰੀ ਪਾਣੀ ਦੀ ਘਾਟ ਹੋਣ ਮੌਕੇ ਨਰਮੇ ਦੀ ਸਿੰਚਾਈ ਲਈ

ਸੋਡਿਕ ਪਾਣੀ ਨਾਲ ਚੱਕਰ ਵਿਧੀ ਵਿੱਚ ਨਹਿਰੀ ਪਾਣੀ ਰਲਾ ਕੇ ਵਰਤਣ ਦੀ ਸਿਫ਼ਾਰਸ਼ ਕੀਤੀ ਗਈ। ਬਿਜਾਈ ਤੋਂ ਪਹਿਲਾਂ ਕਦੀ ਕਦਾਈਂ ਸੋਡਿਕ ਪਾਣੀ ਨਾਲ ਸਿੰਚਾਈ ਕਰਨ ਨਾਲ ਬਿਜਾਈ ਦੇਰੀ ਨਾਲ ਹੋਣ ਤੋਂ ਬਚਿਆ ਜਾ ਸਕਦਾ ਹੈ।

- ਉਹ ਜ਼ਮੀਨਾਂ ਜਿਨ੍ਹਾਂ ਨੂੰ 6.5 meq/L ਨਾਲੋਂ ਵੱਧ ਰੈਜ਼ੀਡਿਊਲ ਸੋਡੀਅਮ ਕਾਰਬੋਨੇਟ (ਆਰ ਐਸ ਸੀ) ਵਾਲੇ ਪਾਣੀ ਨਾਲ ਸਿੰਜਿਆ ਜਾਂਦਾ ਹੈ, ਲਈ ਕਣਕ ਦੀ ਐੱਚ ਡੀ 2967 ਕਿਸਮ ਨਾਲੋਂ ਪੀ ਬੀ ਡਬਲਯੂ 621 ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਦਾਣਿਆਂ ਦੀ ਗੁਣਵਤਾ ਵਿੱਚ ਬਿਨਾਂ ਕਿਸੇ ਫਰਕ ਦੇ ਝਾੜ ਦੇ ਪੱਧਰ ਵਿੱਚ ਵਾਧਾ ਹੋ ਸਕੇ।

◆ **ਖੇਤ ਫ਼ਸਲਾਂ ਲਈ ਹੋਰ ਉਤਪਾਦਨ ਤਕਨੀਕਾਂ**

- ਸੈਲੀਸਾਇਲਿਕ ਐਸਿਡ @7.5 ਗ੍ਰਾਮ ਜਾਂ $KNO_3$ (2%) ਨੂੰ 100 ਲਿਟਰ ਪਾਣੀ/ਏਕੜ ਵਿੱਚ ਘੋਲ ਕੇ ਦੋ ਛਿੜਕਾਅ; ਇੱਕ ਫੁੱਲ ਪੈਣ ਤੇ ਅਤੇ ਦੂਜਾ, ਪਹਿਲੇ ਛਿੜਕਾਅ ਤੋਂ ਇੱਕ ਹਫ਼ਤੇ ਬਾਅਦ ਕਰਨ ਨਾਲ ਬਰਸੀਮ ਦੇ ਬੀਜ ਦੇ ਝਾੜ ਵਿੱਚ (20-23%) ਵਾਧਾ ਹੁੰਦਾ ਹੈ, ਜਿਸ ਨੂੰ ਕਿ ਆਮ ਤੌਰ ਤੇ ਵੱਧ ਤਾਪਮਾਨ ਅਤੇ ਘੱਟ ਨਮੀ ਹੋਣ ਕਾਰਨ ਘਟਣ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈਂਦਾ ਹੈ।
- ਮੱਕੀ-ਮਟਰ-ਬਹਾਰ ਰੁੱਤ ਦੀ ਮੱਕੀ ਅਤੇ ਮੱਕੀ-ਆਲੂ-ਬਹਾਰ ਰੁੱਤ ਦੀ ਮੱਕੀ ਦੇ ਫ਼ਸਲੀ ਚੱਕਰ ਨੇ ਕਣਕ-ਝੋਨੇ ਦੇ ਫ਼ਸਲੀ ਚੱਕਰ ਨਾਲੋਂ 7.1 ਅਤੇ 7.7 ਟਨ/ਹੈਕਟੇਅਰ ਵੱਧ ਮੱਕੀ ਵਿੱਚ ਤਬਦੀਲ ਕੀਤਾ ਝਾੜ ਦਿੱਤਾ ਅਤੇ ਇਸ ਨਾਲ ਭੂਮੀ ਦੀ ਸਿਹਤ ਸੰਭਾਲ ਵੀ ਰਹੀ ਅਤੇ ਖੇਤੀ ਵੰਨ-ਸੁਵੰਨਤਾ ਨੂੰ ਵੀ ਹੁਲਾਰਾ ਮਿਲਿਆ।
- ਸਿੱਧੀ ਬਿਜਾਈ ਲਈ ਘੱਟ ਸਮਾਂ ਲੈਣ ਵਾਲੀ ਝੋਨੇ ਦੀ ਪਹਿਲਾਂ ਦਿੱਤੀ ਪੀ ਆਰ 126 ਕਿਸਮ ਦੀ ਸਿਫ਼ਾਰਸ਼ ਕੀਤੀ ਗਈ। ਇਸ ਕਿਸਮ ਨੇ ਪੱਕਣ ਵਿੱਚ ਬਰਾਬਰ ਸਮਾਂ ਲੈਂਦਿਆਂ ਪੀ ਆਰ 115 ਨਾਲੋਂ 12.1 ਪ੍ਰਤੀਸ਼ਤ ਵੱਧ ਝਾੜ ਹਾਸਲ ਕੀਤਾ।
- ਝੋਨੇ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਪੀ ਆਰ 124 ਅਤੇ ਪੀ ਆਰ 126 ਦੀ ਬਿਜਾਈ ਲਈ ਪਨੀਰੀ ਦੀ ਉਮਰ 25-30 ਦਿਨ ਅਤੇ ਪੀ ਆਰ 121 ਅਤੇ ਪੀ ਆਰ 122 ਲਈ 30-35 ਦਿਨ ਨਿਰਧਾਰਿਤ ਕੀਤੀ ਗਈ। ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਵਿੱਚ ਜ਼ਿਆਦਾ ਦਿਨ ਦੀ ਪਨੀਰੀ ਨਾਲ ਝਾੜ ਘੱਟ ਜਾਂਦਾ ਹੈ।

## ਬਾਗਬਾਨੀ ਫ਼ਸਲਾਂ

ਫ਼ਲਾਂ, ਸਬਜ਼ੀਆਂ ਅਤੇ ਫੁੱਲਾਂ ਦੇ ਪੌਦਿਆਂ ਲਈ ਸਿਫ਼ਾਰਸ਼ ਕੀਤੀਆਂ ਵੱਖੋ-ਵੱਖ ਉਤਪਾਦਨ ਤਕਨੀਕਾਂ ਹੇਠ ਲਿਖੇ ਅਨੁਸਾਰ ਹਨ :

- ਝੋਨੇ ਦੀ ਪਰਾਲੀ ਦੀ ਕੰਪੋਸਟ @20 ਕਿਲੋ ਪ੍ਰਤੀ ਅਮਰੂਦ ਦੇ ਦਰਖਤ ਨੂੰ ਮਈ ਦੇ ਮਹੀਨੇ ਪਾਉਣ ਨਾਲ 50 ਕਿਲੋ ਰੂੜੀ ਪ੍ਰਤੀ ਦਰਖਤ ਦਾ ਬਦਲ ਮੁਹੱਈਆ ਕਰਦੀ ਹੈ। ਇਸੇ ਤਰ੍ਹਾਂ ਮਿਰਚਾਂ ਦੀ ਫ਼ਸਲ ਵਿੱਚ ਝੋਨੇ ਦੀ ਪਰਾਲੀ ਦੀ ਕੰਪੋਸਟ @6 ਕੁਇੰਟਲ/ਏਕੜ ਨੂੰ ਰੂੜੀ (ਐਫ ਵਾਈ ਐਮ) ਦੀ ਖਾਦ ਦੇ ਬਦਲ ਵਜੋਂ ਵਰਤਿਆ ਜਾ ਸਕਦਾ ਹੈ। ਝੋਨੇ ਦੀ ਪਰਾਲੀ ਅਤੇ ਕਮਾਦ ਦੀ ਬਗਾਸ ਨਾਲ ਤਿਆਰ ਕੀਤੀ ਗੰਡੋਇਆ ਦੀ ਖਾਦ ਪਾਉਣ ਨਾਲ ਰੂੜੀ ਨਾਲੋਂ ਸਬਜ਼ੀਆਂ ਦੀਆਂ ਫ਼ਸਲਾਂ ਦੇ ਝਾੜ ਅਤੇ ਵਿਕਾਸ ਵਿੱਚ ਵਾਧਾ ਹੁੰਦਾ ਹੈ। ਇਨ੍ਹਾਂ ਖੋਜਾਂ ਨਾਲ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਕਰਨ ਅਤੇ ਰੂੜੀ ਦੀ ਘਾਟ ਦੀ ਪੂਰਤੀ ਕਰਨ ਵਿੱਚ ਮਦਦ ਮਿਲਦੀ ਹੈ।
- ਅਰਧ-ਨਰਮ ਨਾਸ਼ਪਾਤੀ ਦੇ ਪੱਤਿਆਂ ਉੱਤੇ ਪੋਟਾਸ਼ੀਅਮ ਨਾਈਟ੍ਰੇਟ @1.5% ਦੇ 15,30 ਅਤੇ 45 ਦਿਨਾਂ ਦੇ ਵਕਫ਼ੇ ਤੇ ਪੂਰੇ ਖਿੜਣ ਤੇ ਕੀਤੇ ਤਿੰਨ ਛਿੜਕਾਅ ਨਾਲ ਫ਼ਲ ਦੇ ਆਕਾਰ ਅਤੇ ਝਾੜ ਵਿੱਚ ਵਾਧਾ ਹੁੰਦਾ ਹੈ।
- ਸੈਲਾਈਨ-ਸੋਡਿਕ ਪਾਣੀ ਅਤੇ ਨਹਿਰੀ ਪਾਣੀ ਦੀ ਮਲਚ ਸਹਿਤ ਜਾਂ ਬਿਨਾਂ ਮਲਚ ਤੋਂ ਚੱਕਰ ਵਰਤੋਂ ਕਰਨ ਨਾਲ ਆਲੂ ਅਤੇ ਭਿੰਡੀ ਦੇ ਝਾੜ ਅਤੇ ਭੂਮੀ ਦੀ ਸਿਹਤ ਵਿੱਚ ਵਾਧਾ ਹੁੰਦਾ ਹੈ।
- ਹਲਦੀ ਦੀਆਂ ਗੱਠੀਆਂ ਦੇ ਤਾਜ਼ੇ ਅਤੇ ਉੱਤਮ ਉਤਪਾਦਨ ਲਈ ਹਲਦੀ ਦੀ ਤੁੜਾਈ ਦਸੰਬਰ ਅਖੀਰ ਤੋਂ ਕਰਨੀ ਚਾਹੀਦੀ ਹੈ। ਦਸੰਬਰ ਦੇ ਅੰਤ ਵਿੱਚ ਤੋੜੀ ਫ਼ਸਲ ਵਿੱਚ ਕੁਰਕੁਮਿਨ ਤੱਤ ਦੀ ਮਾਤਰਾ ਵੱਧ (3.82%) ਰਹੀ ਜਦੋਂ ਕਿ ਅੱਧ-ਨਵੰਬਰ ਦੌਰਾਨ ਤੋੜੀ ਫ਼ਸਲ ਵਿੱਚ ਇਹ ਮਾਤਰਾ (3.05%) ਸੀ।
- ਟਰੈਕਟਰ ਨਾਲ ਚੱਲਣ ਵਾਲੀ ਮਸ਼ੀਨਰੀ ਦੀ ਵਰਤੋਂ ਯੋਗਤਾ ਵਧਾਉਣ ਲਈ ਪਹਿਲਾਂ ਦੀ ਸਿਫ਼ਾਰਸ਼ ਕੀਤੀ ਕਤਾਰਾਂ ਦੀ ਵਿੱਥ (60 ਸੈ.ਮੀ.) ਨੂੰ ਵਧਾ ਕੇ ਆਲੂ ਲਈ 65 ਜਾਂ 75 ਸੈ.ਮੀ. ਅਤੇ ਬੈਂਗਣ, ਸ਼ਿਮਲਾ ਮਿਰਚ, ਗੋਭੀ, ਅਰਬੀ, ਹਲਦੀ ਅਤੇ ਸ਼ਕਰਕੰਦੀ ਲਈ 67.5 ਸੈ.ਮੀ. ਕੀਤੀ ਗਈ।
- ਫੁੱਲਾਂ ਦੇ ਅਗੇਤੇ ਝਾੜ ਲਈ ਗਲੈਡੀਓਲਸ ਦੀਆਂ ਕਿਸਮਾਂ 'ਪੰਜਾਬ ਗਲਾਂਸ' ਅਤੇ 'ਪੰਜਾਬ ਲੈਮਨ ਡਿਲਾਈਟ' ਦੀ ਬਿਜਾਈ ਜੁਲਾਈ ਦੇ ਪਹਿਲੇ ਹਫ਼ਤੇ ਤੋਂ ਲੈ ਕੇ ਅਗਸਤ ਦੇ ਤੀਜੇ ਹਫ਼ਤੇ ਤੱਕ ਕਰਨੀ ਚਾਹੀਦੀ ਹੈ। ਇਸ ਪ੍ਰੈਕਟਿਸ ਨਾਲ ਮੰਡੀ ਸ਼ੁਰੂ ਹੋਣ ਦੇ ਮੁੱਢਲੇ ਵਧੇਰੇ ਮੰਗ ਵਾਲੇ ਸਮੇਂ ਦਾ ਫਾਇਦਾ ਲਿਆ ਜਾ ਸਕਦਾ ਹੈ।

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਵੱਖੋ-ਵੱਖ ਫ਼ਲਾਂ ਦੇ ਉੱਚ ਗੁਣਵਤਾ ਵਾਲੇ ਲਗਭਗ 4.75 ਲੱਖ ਨਰਸਰੀ ਪੌਦੇ ਕਿਸਾਨਾਂ ਨੂੰ ਮੁਹੱਈਆ ਕੀਤੇ ਗਏ।

## ਫ਼ਸਲ ਸੁਰੱਖਿਆ ਤਕਨੀਕਾਂ

ਸੁਰੱਖਿਆ ਤਕਨੀਕਾਂ ਦਾ ਮੁੱਖ ਟੀਚਾ ਕੀੜਿਆਂ-ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਵਾਤਾਵਰਨ ਪ੍ਰਤੀ ਸੁਖਾਵੀਆਂ ਤਕਨੀਕਾਂ ਜਿਵੇਂ ਕਿ ਜੈਵਿਕ ਨਿਯੰਤ੍ਰਣ/ਜੈਵਿਕ ਕੀਟਨਾਸ਼ਕ, ਹਰੀਆਂ ਰਸਾਇਣਕ ਫਾਰਮੂਲੇਸ਼ਨਾਂ ਅਤੇ ਸੰਯੁਕਤ ਕੀਟ/ਰੋਗ ਪ੍ਰਬੰਧਣ ਢੰਗ ਵਿਧੀਆਂ ਰਾਹੀਂ ਕਰਨਾ ਹੈ।

## ਖੇਤ ਫ਼ਸਲਾਂ

### ◆ ਕਣਕ ਵਿੱਚ ਬਿਮਾਰੀਆਂ, ਕੀੜਿਆਂ ਮਕੌੜਿਆਂ ਅਤੇ ਨਦੀਨਾਂ ਦੀ ਰੋਕਥਾਮ

- ਕਣਕ ਵਿੱਚ ਪੀਲੀ (ਧਾਰੀਦਾਰ) ਕੁੰਗੀ ਦੀ ਰੋਕਥਾਮ ਲਈ ਜਿੱਥੇ ਇਨ੍ਹਾਂ ਰੋਗਾਂ ਪ੍ਰਤੀ ਰੋਧਿਕ ਕਿਸਮਾਂ ਨੂੰ ਬੀਜਣ ਦੀ ਸਿਫ਼ਾਰਸ਼ ਕੀਤੀ ਗਈ ਉਥੇ ਰਾਜ ਦੇ ਨੀਮ ਪਹਾੜੀ ਇਲਾਕੇ ਜਿੱਥੇ ਇਸ ਬਿਮਾਰੀ ਦਾ ਹਮਲਾ ਜ਼ਿਆਦਾ ਹੁੰਦਾ ਹੈ, ਵਿੱਚ ਪਾਪੂਲਰ ਦੇ ਪੌਦਿਆਂ ਵਿੱਚ ਕਣਕ ਦੀ ਅਗੇਤੀ ਬਿਜਾਈ ਨਾ ਕਰਨ ਅਤੇ ਦਸੰਬਰ ਦੇ ਦੂਜੇ ਹਫ਼ਤੇ ਤੋਂ ਫ਼ਸਲ ਦੀ ਪੂਰੀ ਤਰ੍ਹਾਂ ਦੇਖ ਰੇਖ ਕਰਨ ਦੀ ਸਿਫ਼ਾਰਸ਼ ਕੀਤੀ ਗਈ ।
- ਕਣਕ ਵਿੱਚ ਤੇਲੇ ਦੀ ਰੋਕਥਾਮ ਲਈ ਤੇਈਯੋ (ਥੀਆਮੈਥੋਕਸਮ 25 ਡਬਲਯੂ ਜੀ) ਦਾ ਪੱਤਿਆਂ ਤੇ ਛਿੜਕਾਅ ਕਰਨਾ ਚਾਹੀਦਾ ਹੈ ।
- ਕਣਕ ਵਿਚਲੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 30-35 ਦਿਨਾਂ ਬਾਅਦ ਨਦੀਨਾਂ ਦੇ ਉੱਗਣ ਉਪਰੰਤ ਪਹਿਲਾਂ ਤੋਂ ਰਲਾਏ (ਸ਼ਗੁਣ 21-11) ਮੈਟ੍ਰੀਬਿਊਜ਼ਿਨ+ਕਲੋਡੀਨਾਫੋਪ ਪ੍ਰੋਪੇਰਜ਼ਿਲ @500 ਗ੍ਰਾਮ/ਹੈਕਟੇਅਰ+ਸਰਫੇਕਟੈਂਟ 1250 ਮਿ.ਲੀ./ਹੈਕਟੇਅਰ ਦਾ ਛਿੜਕਾਅ ਕਰਨਾ ਚਾਹੀਦਾ ਹੈ । ਇਸ ਨਾਲ ਹੋਣ ਵਾਲੀ ਪ੍ਰਤੀਕਿਰਿਆ ਰਾਹੀਂ ਗੁੱਲੀ ਡੰਡੇ ਵਰਗੇ ਨਦੀਨਾਂ ਤੇ ਰੋਕਥਾਮ ਵਿੱਚ ਵੀ ਮਦਦ ਮਿਲੇਗੀ । ਇਸੇ ਤਰ੍ਹਾਂ ਨਦੀਨਾਂ ਦੇ ਉੱਗਣ ਤੋਂ ਪਹਿਲਾਂ ਜ਼ੈਕੀਯਾਮਾ (ਪੈਂਡੀਮੈਥੇਲਿਨ) 30 ਈ ਸੀ ਦਾ ਛਿੜਕਾਅ ਬਿਜਾਈ ਦੇ ਦੋ ਦਿਨਾਂ ਅੰਦਰ ਕਰਨ ਨਾਲ ਕਣਕ ਵਿੱਚ ਗੁੱਲੀ ਡੰਡੇ ਤੇ ਕਾਬੂ ਪਾਇਆ ਜਾ ਸਕੇਗਾ । ਇਸ ਸਿਫ਼ਾਰਸ਼ ਨਾਲ ਪੈਂਡੀਮਿਥੇਲਿਨ ਦੇ ਬਰਾਂਡਜ਼ ਦੀ ਚੋਣ ਕਰਨ ਵੇਲੇ ਦਾਇਰਾ ਵਧੇਗਾ ਅਤੇ ਕੀਮਤਾਂ ਮੁਕਾਬਲਤਨ ਹੋਣ ਤੇ ਕਿਸਾਨਾਂ ਨੂੰ ਵਧੇਰੇ ਆਰਥਿਕ ਲਾਭ ਹੋ ਸਕੇਗਾ ਅਤੇ ਨਦੀਨ ਨਾਸ਼ਕ ਦੀ ਗੁਣਵਤਾ ਵੀ ਵਧ ਮਿਲ ਸਕੇਗੀ । ਨਦੀਨਾਂ ਦੇ ਉੱਗਣ ਉਪਰੰਤ ਮਾਕੋਟੋ (ਮੈਂਟਸੁਲਫਰੋਨ ਮੀਥਾਇਲ) 20 ਡਬਲਯੂ ਪੀ ਦਾ ਛਿੜਕਾਅ ਬਿਜਾਈ ਤੋਂ 35 ਦਿਨਾਂ ਬਾਅਦ ਕਰਨ ਨਾਲ ਕਣਕ ਵਿਚਲੇ ਚੌੜੇ ਪੱਤਿਆਂ ਵਾਲੇ ਨਦੀਨਾਂ ਤੋਂ ਰਾਹਤ ਮਿਲੇਗੀ ।

### ◆ ਝੋਨੇ ਵਿਚਲੇ ਰੋਗਾਂ ਅਤੇ ਕੀੜਿਆਂ-ਮਕੌੜਿਆਂ ਦੀ ਰੋਕਥਾਮ

- ਕਣਕ-ਝੋਨੇ ਦੇ ਫ਼ਸਲੀ ਚੱਕਰ ਦੌਰਾਨ, ਰਾਈਜ਼ੋਕਟੋਨੀਆ ਸੋਲੇਨੀ, ਜੋ ਕਿ ਝੋਨੇ ਦੇ ਝੁਲਸ ਰੋਗ ਦਾ ਕਾਰਨ ਬਣਦਾ ਹੈ, ਦੀ ਗਿਣਤੀ ਝੋਨੇ ਦੇ ਸੀਜ਼ਨ ਦੌਰਾਨ ਮਿੱਟੀ ਵਿੱਚ 5100 cfu/g ਹੋ ਜਾਂਦੀ ਹੈ ਜਦੋਂ ਕਿ ਝੋਨਾ-ਸਰ੍ਹੋਂ (ਬਰਾਸਿਕਾ) ਦੇ ਫ਼ਸਲੀ ਚੱਕਰ ਦੌਰਾਨ ਇਹ ਗਿਣਤੀ ਘੱਟ 4100 cfu/g ਹੁੰਦੀ ਹੈ। ਸੋ ਇਹ ਅੰਕੜੇ ਦਰਸਾਉਂਦੇ ਹਨ ਕਿ ਬਰਾਸਿਕਾ (ਸਰ੍ਹੋਂ) ਫ਼ਸਲੀ ਚੱਕਰ ਨਾਲ ਝੋਨੇ ਵਿੱਚ ਝੁਲਸ ਰੋਗ ਦੀ ਅਤਿ ਨੂੰ ਰੋਕਣ ਵਿੱਚ ਮਦਦ ਮਿਲ ਸਕਦੀ ਹੈ ।
- ਪਰਮਲ ਅਤੇ ਬਾਸਮਤੀ ਚੌਲਾਂ ਵਿੱਚ ਪੌਦਿਆਂ ਦੇ ਟਿੱਡੇ ਦੀ ਰੋਕਥਾਮ ਚੈੱਸ 50 ਡਬਲਯੂ ਜੀ (ਪਾਈਮੈਟ੍ਰੋਜ਼ਾਈਨ) @120 ਗ੍ਰਾਮ/ਏਕੜ ਨਾਲ ਬਿਨਾਂ ਫ਼ਸਲ ਅਤੇ ਮਿੱਟੀ ਵਿੱਚ ਜ਼ਿਆਦਾ ਰਹਿੰਦ-ਖੂੰਹਦ ਛੱਡੇ ਕੀਤੀ ਜਾ ਸਕਦੀ ਹੈ । ਇਸ ਸਿਫ਼ਾਰਸ਼ ਨਾਲ ਝੋਨੇ ਵਿਚਲੇ ਪੌਦਿਆਂ ਦੇ ਟਿੱਡਿਆਂ ਦੀ ਰੋਕਥਾਮ ਲਈ ਕੀਟਨਾਸ਼ਕ ਆਧਾਰ ਵਡੇਰਾ ਹੋਵੇਗਾ ।
- ਝੋਨੇ ਦੇ ਆਈ ਪੀ ਐੱਮ ਤਕਨੀਕ ਵਾਲੇ ਅਤੇ ਜੈਵਿਕ ਕਾਸ਼ਤ ਵਾਲੇ ਖੇਤਾਂ ਵਿੱਚ ਫ਼ਸਲਾਂ ਦੇ ਕੁਦਰਤੀ ਦੁਸ਼ਮਣ ਕੀੜਿਆਂ ਦੀ ਆਬਾਦੀ ਰਵਾਇਤੀ ਹਮਰੁਤਬਾ ਨਾਲੋਂ ਕਿਤੇ ਵੱਧ (ਕ੍ਰਮਵਾਰ 1.45 ਅਤੇ 1.43 ਮਕੜੀ/ਹਿੱਲ ਅਤੇ 1.98 ਅਤੇ 2.20 ਗਰੀਨ ਮਿਰਿਡ ਬੱਗਜ਼/ਹਿੱਲ) ਸੀ ।
- ਬਾਇਓ-ਇੰਟੈਂਸਿਵ ਸੰਯੁਕਤ ਕੀਟ ਪ੍ਰਬੰਧਨ (ਬੀ ਆਈ ਪੀ ਐਮ) ਮੋਡਿਊਲ ਨਾਲ ਟ੍ਰਾਈਕੋਗਰਾਮਾ (ਬਿਜਾਈ ਦੇ 30,44,58 ਅਤੇ 72 ਦਿਨ ਬਾਅਦ) ਅਤੇ ਬੀ ਟੀ ਛਿੜਕਾਅ (ਬਿਜਾਈ ਦੇ 37.51 ਅਤੇ 65 ਦਿਨ ਬਾਅਦ) ਕਰਨ ਨਾਲ ਆਰਗੈਨਿਕ ਬਾਸਮਤੀ ਚੌਲਾਂ ਵਿੱਚ ਤਣੇ ਦੇ ਗੜੂੰਏ (ਕੰਟਰੋਲ ਨਾਲੋਂ 60.7%) ਕਮੀ ਅਤੇ ਪੱਤਾ ਲਪੇਟ (ਕੰਟਰੋਲ ਨਾਲੋਂ 70.0%) ਕਮੀ ਵੇਖਣ ਨੂੰ ਮਿਲੀ ਅਤੇ ਨਾਲ ਹੀ ਝਾੜ ਵਿੱਚ (ਕੰਟਰੋਲ ਨਾਲੋਂ 15.41%) ਵਾਧਾ ਮਿਲਿਆ ।
- ਮੁਕਾਬਲਤਨ ਆਰਥਿਕ ਸਰਵੇਖਣ ਤੋਂ ਸਪਸ਼ਟ ਹੋਇਆ ਕਿ ਕਿਸਾਨ ਦੇ ਖੇਤ ਵਿੱਚ ਰਵਾਇਤੀ ਬਾਸਮਤੀ ਉੱਤੇ ਕਾਸ਼ਤ ਦੀ ਵੱਧ ਲਾਗਤ (25,206 ਰੁਪਏ/ਏਕੜ) ਆਉਂਦੀ ਹੈ ਅਤੇ ਇਸ ਤੋਂ ਬਾਅਦ ਆਰਗੇਨਿਕ ਖੇਤ (21,066 ਰੁਪਏ/ਏਕੜ) ਅਤੇ ਸੰਯੁਕਤ ਕੀਟ ਪ੍ਰਬੰਧਣ (17,874 ਰੁਪਏ/ਏਕੜ) ਦੀ ਲਾਗਤ ਆਉਂਦੀ ਹੈ । ਇਉਂ ਲਾਗਤ ਲਾਭ ਦਰ ਆਈ ਪੀ ਐੱਮ ਵਿੱਚ ਸਭ ਤੋਂ ਘੱਟ (1:2.67) ਅਤੇ ਇਸ ਤੋਂ ਬਾਅਦ ਕਿਸਾਨ ਦਾ ਖੇਤ (1:1.94) ਅਤੇ ਆਰਗੈਨਿਕ ਸਥਿਤੀਆਂ (1:1.22) ਆਉਂਦੀਆਂ ਹਨ ।
- ਬੈਕਟੀਰੀਅਲ ਮੁੱਢ ਦਾ ਗਾਲਾ ਜਾਂ ਇਰਵੀਨੀਆ ਗਾਲੇ ਨੂੰ ਪੰਜਾਬ ਵਿੱਚ ਝੋਨੇ ਦੀ ਉਭਰ ਰਹੀ ਬਿਮਾਰੀ ਵਜੋਂ ਪਛਾਣਿਆ ਗਿਆ । ਜਿਸਦੀ ਰੋਕਥਾਮ ਲਈ ਕਿਸਮਾਂ ਅਤੇ ਰਸਾਇਣਕ ਖੋਜਾਂ ਤੇ ਕਾਰਜ ਜ਼ਾਰੀ ਹਨ ।

### ◆ ਨਰਮੇ ਵਿੱਚ ਕੀਟ ਪ੍ਰਬੰਧਣ

- ਪੰਜਾਬ ਦੇ ਨਰਮੇ ਅਧੀਨ ਆਉਂਦੇ ਖੇਤਰਾਂ ਵਿਚਲੇ ਸਰਵੇਖਣ ਤੋਂ ਨਰਮੇ ਦੀ ਚਿੱਟੀ ਮੱਖੀ ਦੇ ਕੁਦਰਤੀ ਦੁਸ਼ਮਣਾਂ ਦੀਆਂ 10 ਪ੍ਰਜਾਤੀਆਂ ਨੂੰ ਰਿਕਾਰਡ ਕੀਤਾ ਗਿਆ । ਇਨ੍ਹਾਂ ਵਿੱਚੋਂ ਕ੍ਰਾਈਸੋਪਿਰਲਾ ਨੂੰ ਸਭ ਤੋਂ ਪ੍ਰਮੁੱਖ ਮੰਨਿਆ ਗਿਆ। ਐਂਕਰੇਸ਼ੀਆ ਲਿਊਟੀਆ (ਮੇਸੀ) ਅਤੇ ਐਂਕਰੇਸ਼ੀਆ ਸੋਫ਼ੀਆ (ਗਿਰਾਲਟ ਅਤੇ ਡੋਡ) ਰਸ ਚੂਸਣ ਵਾਲੇ ਦੋ ਅਜਿਹੇ ਕੀਟ ਹਨ ਜੋ ਚਿੱਟੀ ਮੱਖੀ ਦੇ ਪਿਊਪੇ ਤੋਂ ਪੈਦਾ ਹੁੰਦੇ ਹਨ। ਐਂਕਰੇਸ਼ੀਆ ਰਾਹੀਂ ਚਿੱਟੀ ਮੱਖੀ ਦੀ ਰਸ ਚੂਸਣ ਦੀ ਪ੍ਰਕ੍ਰਿਆ ਪੰਜਾਬ ਦੇ ਵੱਖੋ-ਵੱਖ ਨਰਮੇ ਦੀ ਕਾਸ਼ਤ ਵਾਲੇ ਇਲਾਕਿਆਂ ਵਿੱਚ ਔਸਤਨ 5.2 ਪ੍ਰਤੀਸ਼ਤ (1.5 ਤੋਂ 9.1% ਰੇਂਜ) ਸੀ
- ਪੰਜਾਬ (ਬਕੈਨਵਾਲਾ, ਫਾਜ਼ਿਲਕਾ; ਲੁਧਿਆਣਾ ਅਤੇ ਝੁਨੀਰ, ਮਾਨਸਾ) ਹਰਿਆਣਾ (ਮੋਰੀਵਾਲਾ, ਸਿਰਸਾ; ਫਤਿਹਾਬਾਦ) ਅਤੇ ਰਾਜਸਥਾਨ (ਸ੍ਰੀ ਗੰਗਾਨਗਰ ਅਤੇ ਹਨੂਮਾਨਗੜ੍ਹ) ਦੇ

ਵੱਖੋ ਵੱਖ ਖੇਤਰ ਦੇ ਕੀਤੇ ਮੋਲੀਕਿਊਲਰ ਵਿਸ਼ਲੇਸਣ ਤੋਂ ਚਿੱਟੀ ਮੱਖੀ ਦੀ ਗਿਣਤੀ ਨੂੰ ਏਸ਼ੀਅਲ 1 ਪ੍ਰਜਾਤੀ ਵਜੋਂ ਮੰਨਿਆ ਗਿਆ ।

- ਬੀ ਟੀ ਨਰਮੇ ਦੀ ਕਾਸ਼ਤ ਵਿੱਚ ਬਾਇਓ-ਇੰਟੈਂਸਿਵ ਸੰਯੁਕਤ ਕੀਟ ਪ੍ਰਬੰਧਨ (ਬੀ ਆਈ ਪੀ ਐਮ) ਪ੍ਰੈਕਟਸਿਸ ਦੇ ਨਾਲ ਐਗਰੋਨੋਮਿਕ ਪ੍ਰੈਕਟਸਿਸ, ਸਾਫ਼-ਸੁਥਰੀ ਕਾਸ਼ਤ, ਪੀਲੇ ਚਿਪਕਣ ਵਾਲੇ ਜਾਲ @100/ਹੈਕਟੇਅਰ ਅਤੇ ਕ੍ਰਾਈਸੋਪੀਰਲਾ ਲਾਰਵਾ ਦੇ 2nd ਇਨਸਟਾਰ @10,000/ਹੈਕਟੇਅਰ ਦੇ ਦੋ ਰਲੀਜ਼ਿਜ਼ ਅਤੇ ਨਿੰਮ ਦੇ ਤੇਲ (1%) ਅਤੇ ਲੀਕੇਨੀਸੀਲੀਅਮ ਲੀਕੇਨੀ ਦੋਵਾਂ ਦੇ ਦੋ ਛਿੜਕਾਅ ਕਰਨ ਨਾਲ ਅਣਸੋਧੇ ਨਿਯੰਤ੍ਰਣ ਉੱਤੇ ਚਿੱਟੀ ਮੱਖੀ ਦੇ ਹਮਲੇ ਵਿੱਚ 38.3 ਪ੍ਰਤੀਸ਼ਤ ਦੀ ਕਮੀ ਆਉਂਦੀ ਹੈ ਜਦੋਂ ਕਿ ਰਸਾਇਣਕ ਨਿਯੰਤ੍ਰਣ ਨਾਲ 78.2 ਪ੍ਰਤੀਸ਼ਤ ਕਮੀ ਆਉਂਦੀ ਹੈ ।
- ਪੈਕੇਜ ਆਫ਼ ਪ੍ਰੈਕਟਸਿਸ (ਫ਼ਸਲਾਂ ਦੀਆਂ ਸਿਫ਼ਾਰਸ਼ਾਂ) ਵਿੱਚ ਨਰਮੇ ਦਾ ਰਸ ਚੂਸਣ ਵਾਲੇ ਕੀੜਿਆਂ-ਮਕੌੜਿਆਂ ਵਿੱਚ ਥ੍ਰਿਪ ਨੂੰ ਸ਼ਾਮਲ ਕੀਤਾ ਗਿਆ । ਕੀਟਨਾਸ਼ਕ ਜਿਵੇਂ ਕਿ ਕਿਊਰਾਕਰਾਨ 50 ਈ ਸੀ (ਪ੍ਰੋਫਿਨੋਫੋਸ), ਪੋਲੋ 50 ਡਬਲਯੂ ਪੀ (ਡਾਇਆਫਿਨਥੀਓਰੋਨ) ਅਤੇ ਫਾਸਮਾਈਟ 50 ਈ ਸੀ (ਈਥੀਆਨ) ਨੂੰ ਨਰਮੇ ਵਿੱਚ ਥ੍ਰਿਪਜ਼ ਦੀ ਰੋਕਥਾਮ ਲਈ ਸਿਫ਼ਾਰਸ਼ ਕੀਤਾ ਗਿਆ ।
- ਇੱਕ ਨਵਾਂ ਸਰਬਾਂਗੀ ਨਦੀਨਨਾਸ਼ਕ ਓਸ਼ੀਨ 20 ਐੱਸ ਜੀ (ਡਾਈਨੋਟੀਫਿਓਰਾਨ) ਨੂੰ ਨਰਮੇ ਵਿੱਚ ਚੇਪੇ ਅਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਵਰਤਿਆ ਜਾ ਸਕਦਾ ਹੈ।

◆ **ਮੱਕੀ ਵਿੱਚ ਨਦੀਨਾਂ ਦੀ ਰੋਕਥਾਮ**

- ਚਾਰੇ ਵਾਲੀ ਮੱਕੀ ਵਿੱਚ ਤਣੇ ਦੇ ਗੜੂੰਏ ਦੀ ਰੋਕਥਾਮ ਬਾਇਓਕੰਟਰੋਲ ਏਜੰਟ ਟ੍ਰਾਈਕੋਗਰਾਮਾ ਚਿਲੋਨਿਸ @50,000 ਪ੍ਰਤੀ ਏਕੜ ਦੇ ਦੋ ਰਲੀਜ਼-ਪਹਿਲਾ 10 ਦਿਨਾਂ ਦੀ ਫ਼ਸਲ ਉੱਤੇ ਅਤੇ ਦੂਜਾ ਇਸ ਤੋਂ ਇੱਕ ਹਫ਼ਤੇ ਬਾਅਦ ਕਰਨ ਦੀ ਸਿਫ਼ਾਰਸ਼ ਕੀਤੀ ਗਈ । ਇਸ ਪਹੁੰਚ ਵਿਧੀ ਨਾਲ ਆਰਗੈਨਿਕ ਮੱਕਚਰ੍ਹੀ ਪੈਦਾ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਡੇਅਰੀ ਜਾਨਵਰਾਂ ਅਤੇ ਮਨੁੱਖਾਂ ਦੀ ਸਿਹਤ ਸੰਭਾਲ ਵੀ ਹੋਈ ਰਹਿੰਦੀ ਹੈ ।

◆ **ਚੂਹੇ ਅਤੇ ਪੰਛੀਆਂ ਨਾਲ ਹੋਣ ਵਾਲੇ ਨੁਕਸਾਨ ਦੀ ਰੋਕਥਾਮ**

- ਹੈਪੀਸੀਡਰ ਨਾਲ ਬੀਜੀ ਕਣਕ ਦੀ ਫ਼ਸਲ ਨੂੰ ਰੋਡੈਂਟ (ਚੂਹਿਆਂ) ਤੋਂ ਬਚਾਉਣ ਲਈ 2% ਜ਼ਿੰਕ ਫਾਸਫਾਈਡ ਨਾਲ ਖੁੱਡਾਂ ਵਿੱਚ ਦੋਹਰੀ ਖੁਰਾਕ (10-15 ਦਿਨਾਂ ਦੇ ਫਰਕ ਨਾਲ ਦੋ ਵਾਰੀ) ਨਵੰਬਰ-ਦਸੰਬਰ ਅਤੇ ਫਿਰ ਫਰਵਰੀ-ਮਾਰਚ ਦੇ ਮਹੀਨਿਆਂ ਦੌਰਾਨ ਪਾਉਣ ਦੀ ਸਿਫ਼ਾਰਿਸ਼ ਕੀਤੀ ਗਈ ।
- ਕਣਕ ਦੀਆਂ ਬੋਰੀਆਂ ਉੱਤੇ 2.5% ਮਿਥਾਈਲ ਐਂਥਰੇਨੀਲੇਟ ਦੇ ਲਘੂ ਕੈਪਸੂਲ ਲਾਉਣ ਨਾਲ ਚੂਹਿਆਂ ਦੇ ਹਮਲੇ ਤੋਂ 28 ਦਿਨਾਂ ਲਈ ਬਚਿਆ ਜਾ ਸਕਦਾ ਹੈ ।
- ਪੁੰਗਰ ਰਹੀ ਸਰ੍ਹੋਂ ਦੀ ਫ਼ਸਲ ਦੇ ਦੁਆਲੇ ਪਟਸਨ ਦੇ ਰੇਸ਼ੇ ਦੀ ਬਣੀ ਰੱਸੀ ਬੰਨਣ ਨਾਲ ਮੋਰ/ਮੋਰਨੀਆਂ ਤੋਂ ਹੋਣ ਵਾਲੇ ਨੁਕਸਾਨ ਤੋਂ 100 ਪ੍ਰਤੀਸ਼ਤ ਬੱਚਤ ਹੋ ਸਕਦੀ ਹੈ ।

◆ **ਕੀਟਨਾਸ਼ਕਾਂ ਦੀ ਰਹਿੰਦ ਖੂੰਹਦ ਦਾ ਮੁਲਾਂਕਣ**

- ਵੱਖੋ ਵੱਖ ਭੋਜ ਪਦਾਰਥਾਂ (ਸਬਜ਼ੀਆਂ, ਬਾਸਮਤੀ ਚੌਲ, ਪੀਸੀ ਹੋਈ ਲਾਲ ਮਿਰਚ, ਦੁੱਧ ਅਤੇ ਸਤਹੀ ਪਾਣੀ) ਦੇ ਲਏ ਗਏ 960 ਨਮੂਨਿਆਂ ਵਿੱਚੋਂ 106 ਨਮੂਨੇ ਕੀਟਨਾਸ਼ਕਾਂ ਦੀ ਰਹਿੰਦ ਖੂੰਹਦ ਨਾਲ ਦੂਸ਼ਿਤ ਪਾਏ ਗਏ ਅਤੇ 27 ਨਮੂਨੇ ਆਪਣੀ ਕ੍ਰਮਵਾਰ ਵੱਧੋ ਵੱਧ ਰਹਿੰਦ ਖੂੰਹਦ ਸੀਮਾਂ (ਐੱਮ ਆਰ ਐੱਲ) ਤੋਂ ਵੱਧ ਪਾਏ ਗਏ । ਸਬਜ਼ੀਆਂ ਦੇ ਨਮੂਨਿਆਂ ਵਿੱਚੋਂ 1.7 ਪ੍ਰਤੀਸ਼ਤ ਵਿੱਚ ਈਥੀਆਨ, ਕਲੋਰੀਪਾਇਰੀਫੋਸ ਅਤੇ ਮੋਨੋਕ੍ਰੋਟੋਫਾਸ ਦੀ ਰਹਿੰਦ ਖੂੰਹਦ ਆਪਣੀਆਂ ਕ੍ਰਮਵਾਰ ਐੱਮ ਆਰ ਐੱਲ ਦਰਾਂ ਤੋਂ ਵੱਧ ਪਾਏ ਗਏ ।

## ਬਾਗਬਾਨੀ ਫ਼ਸਲਾਂ

◆ **ਫਲਾਂ ਦੇ ਦਰੱਖਤਾਂ ਵਿੱਚ ਕੀੜਿਆਂ-ਮਕੌੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ**

- ਕੀੜਿਆਂ-ਮਕੌੜਿਆਂ ਦੀ ਰੋਕਥਾਮ ਲਈ ਜਾਲ ਸਭ ਤੋਂ ਵੱਧ ਅਸਰਦਾਇਕ ਅਤੇ ਗੈਰ-ਰਸਾਇਣੀ ਸਾਧਨ ਹਨ । ਮਿੱਟੀ ਦੇ ਘੜੇ/ਭਾਂਡੇ (24 ਮੋਰੀਆਂ ਵਾਲੇ) ਵਿੱਚ ਮੱਕੀ ਦੀਆਂ ਛੱਲੀਆਂ ਦੇ ਬਿਨਾਂ ਦਾਣਿਆਂ ਵਾਲੇ ਤੁੱਕੇ ਪਾ ਕੇ, ਇਨ੍ਹਾਂ ਨੂੰ ਨਾਸ਼ਪਾਤੀ, ਬੇਰ, ਆੜੂ, ਅੰਗੂਰ ਅਤੇ ਆਂਵਲੇ ਦੇ ਬਾਗਾਂ ਵਿੱਚ ਅਪ੍ਰੈਲ ਦੇ ਪਹਿਲੇ ਹਫ਼ਤੇ ਦੌਰਾਨ ਅਤੇ ਫਿਰ ਸਤੰਬਰ ਦੇ ਪਹਿਲੇ ਹਫ਼ਤੇ ਦੌਰਾਨ ਦਬਾਉਣ ਨਾਲ ਸਿਉਂਕ ਦੀ ਅਸਰਦਾਇਕ ਰੋਕਥਾਮ ਹੁੰਦੀ ਹੈ ।
- ਸੋਡੀਅਮ ਹਾਈਪੋਕਲੋਰਾਈਟ 5% @50 ਮਿ.ਲੀ. ਪ੍ਰਤੀ ਦਰਖਤ ਨੂੰ 10 ਲਿਟਰ ਪਾਣੀ ਵਿੱਚ ਘੋਲ ਕੇ ਦਰਖਤ ਦੇ ਮੁੱਢ ਅਤੇ ਉਸਦੇ ਆਲੇ-ਦੁਆਲੇ ਫਰਵਰੀ-ਮਾਰਚ ਅਤੇ ਫਿਰ ਜੁਲਾਈ-ਅਗਸਤ ਦੌਰਾਨ ਪਾਉਣ ਨਾਲ ਨਿੰਬੂ ਜਾਤੀ ਦੇ ਮੁੱਢ ਦੇ ਗਾਲੇ/ਗੁਮੋਸਿਸ ਤੋਂ ਰਾਹਤ ਮਿਲਦੀ ਹੈ । ਸੋਡੀਅਮ ਹਾਈਪੋਕਲੋਰਾਈਟ ਦੀ ਵਰਤੋਂ ਵਾਤਾਵਰਣ ਪੱਖੀ ਅਤੇ ਰਵਾਇਤੀ ਕੀਟਨਾਸ਼ਕ ਫਾਰਮੂਲੇਸ਼ਨਾਂ ਤੋਂ ਸਸਤੀ ਪੈਂਦੀ ਹੈ।
- ਟ੍ਰਾਈਕੋਦਰਮਾ ਦੇ 7 ਨਵੇਂ ਮਿਊਟੈਂਟ ਸਟ੍ਰੇਨਜ਼ ਵੱਲੋਂ ਨਰਸਰੀ ਵਿੱਚ ਨਿੰਬੂ ਜਾਤੀ ਦੀ ਪਨੀਰੀ ਨੂੰ ਮਰਨ ਤੋਂ ਰੋਕਣ ਲਈ ਮੁੱਢ ਦੇ ਗਾਲੇ ਵਿਰੁੱਧ ਵਧੇਰੇ ਸਮਰਥਾ ਕਾਰਗੁਜ਼ਾਰੀ ਦਿਖਾਈ ਗਈ। ਟੀ.ਵੀਰਾਈਡ ਦੇ ਮਿਊਟੈਂਟ ਸਟ੍ਰੇਨ ਨੇ 60-75 ਪ੍ਰਤੀਸ਼ਤ ਮੁੱਢ ਦੇ ਗਾਲੇ ਨੂੰ ਘਟਾਇਆ । ਇਸਦਾ ਕਿੰਨੂ ਦੇ ਵਿਕਾਸ ਉੱਤੇ ਵੀ ਹਾਂ ਪੱਖੀ ਅਸਰ ਵੇਖਣ ਨੂੰ ਮਿਲਿਆ ।

◆ **ਸਬਜ਼ੀਆਂ ਦੀਆਂ ਫ਼ਸਲਾਂ ਵਿੱਚ ਕੀੜਿਆਂ-ਮਕੌੜਿਆਂ, ਬਿਮਾਰੀਆਂ ਅਤੇ ਨਦੀਨਾਂ ਦੀ ਰੋਕਥਾਮ**

- ਸਰ੍ਹੋਂ ਦੀ ਖੱਲ @1 ਟਨ/ਹੈਕਟੇਅਰ+ਨਿੰਮ ਕੇਕ @1 ਟਨ/ਹੈਕਟੇਅਰ+ਰੂੜੀ ਦੀ ਖਾਦ @2.5 ਟਨ/ਹੈਕਟੇਅਰ ਦੀ ਸੰਯੁਕਤ ਵਰਤੋਂ ਨਾਲ ਸੁਰੱਖਿਅਤ ਵਾਤਾਵਰਨ ਵਿੱਚ ਕਾਸ਼ਤ

ਕੀਤੇ ਖੀਰੇ ਵਿੱਚ ਜੜ੍ਹ ਗੰਢ ਨੀਮਾਟੋਡ ਤੇ ਵਾਤਾਵਰਨ ਪੱਖੀ ਅਸਰ ਪੈਂਦਾ ਹੈ ।

- ਭਿੰਡੀ ਵਿੱਚ ਈਅਰਿਅਸ (ਗਿਣਤੀ ਅਤੇ ਭਾਰ ਅਧਾਰਿਤ) ਨਾਲ ਤਣੇ ਅਤੇ ਫਲ ਦੇ ਗੜੂੰਏ ਤੋਂ ਹੋਣ ਵਾਲਾ ਨੁਕਸਾਨ ਅਤੇ 2 ਅਤੇ 4 ਪ੍ਰਤੀਸ਼ਤ ਫਲ ਦੇ ਨੁਕਸਾਨ ਤੇ ਆਰਥਿਕ ਕਗਾਰ ਤੱਕ ਦਾ ਨੁਕਸਾਨ ਕਾਫ਼ੀ ਘਟਿਆ ਅਤੇ ਵੱਧ ਮੰਡੀਕਰਨ ਹੋਣ ਵਾਲਾ ਝਾੜ ਅਤੇ ਆਰਥਿਕ ਮੁਨਾਫ਼ਾ ਰਿਕਾਰਡ ਕੀਤਾ ਗਿਆ ।
- ਟਮਾਟਰ ਵਿੱਚ ਫਲ ਦੇ ਗੜੂੰਏ ਦੀ ਰੋਕਥਾਮ ਕਲੋਰੇਂਟਰਨੀਲੀਪਰੋਲ 18.5 ਐੱਸ ਸੀ ਨਾਲ ਕੀਤੀ ਜਾ ਸਕਦੀ ਹੈ । ਬੈਂਗਣ ਵਿੱਚ ਤਣੇ ਅਤੇ ਫਲ ਦੇ ਗੜੂੰਏ ਦੀ ਰੋਕਥਾਮ ਈਮਾਮਿਕਟਿਨ ਬੈਂਜ਼ੋਏਟ 5 ਐੱਸ ਜੀ ਅਤੇ ਕਲੋਰੇਂਟ੍ਰਾਨੀਲੀਪਰੋਲ 18.5 ਐੱਸ ਸੀ ਨਾਲ ਕੀਤੀ ਜਾ ਸਕਦੀ ਹੈ । ਇਨ੍ਹਾਂ ਖੋਜਾਂ ਨਾਲ ਕੀਟਨਾਸ਼ਕ ਆਧਾਰ ਵਿੱਚ ਵਾਧਾ ਹੁੰਦਾ ਹੈ ਅਤੇ ਕਲੋਰੇਂਟ੍ਰਾਨੀਲੀਪਰੋਲ ਸਬਜ਼ੀ ਉਤਪਾਦਕਾਂ ਨੂੰ ਗੜੂੰਏ ਦੀ ਰੋਕਥਾਮ ਲਈ ਗਰੀਨ ਕਮਿਸਟਰੀ ਬਦਲ ਪ੍ਰਦਾਨ ਕਰੇਗੀ ।
- ਭਿੰਡੀ ਵਿੱਚ ਚੇਪੇ (ਜੈਸਿਡ) ਨੂੰ ਸਰਬਾਂਗੀ ਕੀਟਨਾਸ਼ਕਾਂ ਇਮੀਡਾਕਲੋਪਰਿਡ 17.8 ਐੱਸ ਐੱਲ ਅਤੇ ਥੀਆਮੈਥੋਕਸਮ 25 ਡਬਲਯੂ ਜੀ ਨਾਲ ਕਾਬੂ ਕੀਤਾ ਜਾ ਸਕਦਾ ਹੈ । ਇੰਤਜ਼ਾਰ ਦੇ ਥੋੜ੍ਹੇ ਜਿਹੇ ਵਕਫ਼ੇ (ਇਕ ਦਿਨ) ਤੇ ਦੋ ਕੀਟਨਾਸ਼ਕਾਂ ਦੀ ਸਿਫ਼ਾਰਿਸ਼ ਮਾਤਰਾ ਹੋਰ ਵੀ ਫਾਇਦਾ ਦਿੰਦੀ ਹੈ । ਗੋਭੀ ਦੀਆਂ ਫ਼ਸਲਾਂ ਵਿੱਚ ਚਮਕਦਾਰ (ਡਾਇਆਮੰਡ) ਪਿੱਠ ਵਾਲੀ, ਭੂੰਡੀ ਲਈ ਨਵੇਂ ਬ੍ਰਾਂਡ ਈਜੀਏਓ (ਈਮੈਮੈਕਟਿਨ ਬੈਂਜ਼ੋਏਟ 5 ਐੱਸ ਜੀ) ਨਾਲ ਕਾਬੂ ਪਾਇਆ ਜਾ ਸਕਦਾ ਹੈ ।
- ਮਿਰਚ ਵਿੱਚ ਕੋਲੈਟੋਟ੍ਰਾਈਕਮ ਕੈਪਸਿਕੀ ਨਾਲ ਗਲਣ ਵਾਲੇ ਫਲ ਦੀ ਰੋਕਥਾਮ ਲਈ ਮੈਨਕੋਜ਼ੈਬ ਵਰਗੇ ਉੱਲੀਨਾਸ਼ਕ ਵਰਤੇ ਜਾ ਸਕਦੇ ਹਨ ਅਤੇ ਬਲਾਈਟੌਕਸ (ਕਾਪਰ ਆਕਸੀਕਲੋਰਾਈਡ) ਨਮੀ ਵਾਲੀਆਂ ਹਾਲਤਾਂ ਵਿੱਚ ਵਰਤਿਆ ਜਾ ਸਕਦਾ ਹੈ । ਮਿਰਚਾਂ ਦੇ ਫਲ ਨੂੰ ਗਲਣ ਤੋਂ ਰੋਕਣ ਲਈ ਇੱਕ ਸਰਬਾਂਗੀ ਫਫੂੰਦੀਨਾਸ਼ਕ ਫੋਲੀਕਰ 25 ਈ ਸੀ (ਟੈਬੂਕੋਨੇਜ਼ੋਲ 25.0%) ਵੀ ਅਸਰਦਾਇਕ ਰਿਹਾ ।
- ਆਲੂ ਵਿੱਚ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ 2 ਦਿਨਾਂ ਅੰਦਰ ਤੈਨੋਸ਼ੀ 70 ਡਬਲਯੂ ਪੀ (ਮੈਟ੍ਰੀਬਿਊਜ਼ਿਨ) ਦੀ ਨਦੀਨਾਂ ਦੇ ਉੱਗਣ ਤੋਂ ਪਹਿਲਾਂ ਵਰਤੋਂ ਅਸਰਦਾਰ ਨਦੀਨ ਕੰਟਰੋਲ ਪ੍ਰਦਾਨ ਕਰਦੀ ਹੈ ।

## ਭੋਜਨ ਵਿਗਿਆਨ ਅਤੇ ਤਕਨਾਲੋਜੀ

ਖੇਤੀ ਉਤਪਾਦਨ ਤੋਂ ਵੱਖੋ-ਵੱਖ ਵਸਤਾਂ ਤਿਆਰ ਕਰਨ ਦੀਆਂ ਤਕਨੀਕਾਂ ਦਾ ਮਿਆਰੀਕਰਨ ਕੀਤਾ ਗਿਆ ਅਤੇ ਸਿਫ਼ਾਰਿਸ਼ ਵੀ ਕੀਤੀਆਂ ਗਈਆਂ ।

### ◆ ਫ਼ਲ ਦਾ ਸਿਰਕਾ ਤਿਆਰ ਕਰਨਾ

- ਗੰਨੇ ਦੇ ਰਸ ਅਤੇ ਸੇਬ ਦੇ ਸਿਰਕੇ ਦਾ ਮਿਸ਼ਰਣ (1:1 ਅਨੁਪਾਤ) ਨੂੰ 25 ਐੱਲ ਸਕੇਲ ਤੇ ਪੈਕਡ ਬੈੱਡ ਖਮੀਰੀਕਰਨ ਨਾਲ ਤਿਆਰ ਅਤੇ ਸਿਫ਼ਾਰਿਸ਼ ਕੀਤਾ ਗਿਆ । ਇਸ ਪ੍ਰਕ੍ਰਿਆ ਨੂੰ 15 ਦਿਨ ਲਗਦੇ ਹਨ ਅਤੇ 70 ਪ੍ਰਤੀਸ਼ਤ ਦੀ ਰਿਕਵਰੀ ਸਮਰਥਾ ਹੈ ।
- ਜਾਮਣ ਦਾ ਸਿਰਕਾ ਤਿਆਰ ਕਰਨ ਦੀ ਤਕਨੀਕ ਨੂੰ 25 L ਸਕੇਲ ਤੇ 5.8% (w/v) ਅਤੇ 6.2% (w/v) ਦੀ ਵੋਲਾਟਾਈਲ ਐਸਿਡੀਟੀ ਨਾਲ ਕ੍ਰਮਵਾਰ 28 ਅਤੇ 11 ਦਿਨਾਂ ਵਿੱਚ ਪ੍ਰਮਾਣਿਤ ਕੀਤਾ ਗਿਆ ।

### ◆ ਆਲੂ ਦੇ ਉਤਪਾਦ

- ਆਮ ਵਰਤੋਂ ਵਿੱਚ ਆਉਣ ਵਾਲੇ ਆਲੂਆਂ ਦੀਆਂ ਕਿਸਮਾਂ ਤੋਂ ਆਲੂ ਭੁਜੀਆ (ਪੂਰਾ ਤਲਿਆ, ਨਮਕੀਨ ਅਤੇ ਮਸਾਲੇਦਾਰ ਸਨੈਕ) ਆਲੂ ਚਕਲੀ (ਚੌਲ ਅਧਾਰਿਤ ਅਤੇ ਪੂਰੀ ਤਰ੍ਹਾਂ ਤਲੀ ਹੋਈ) ਅਤੇ ਆਲੂ ਵੜੀ (ਹਲਕੀ ਜਿਹੀ ਖਮੀਰੀ ਹੋਈ ਅਤੇ ਫਲੀ ਅਧਾਰਿਤ) ਬਨਾਉਣ ਦੀ ਤਕਨੀਕ ਨੂੰ ਪ੍ਰਮਾਣਿਤ ਕੀਤਾ ਗਿਆ । ਤੁੜਾਈ ਉਪਰੰਤ ਫ਼ਸਲਾਂ ਦੀ ਸਾਂਭ-ਸੰਭਾਲ ਦੀਆਂ ਇਹ ਖੋਜਾਂ ਭੋਜ ਉਤਪਾਦਾਂ ਵਿੱਚ ਵਿਭਿੰਨਤਾ ਲਿਆਂਦੀਆਂ ਹਨ ਅਤੇ ਮੰਡੀਕਰਨ ਦੀਆਂ ਸਮੱਸਿਆਵਾਂ ਨੂੰ ਦੂਰ ਕਰਦੀਆਂ ਹਨ ।

### ◆ ਸ਼ਹਿਦ ਤੋਂ ਬਣੇ ਉਤਪਾਦ

- ਸ਼ਹਿਦ ਤੋਂ ਬਣੇ ਗੁਣਾਤਮਕ ਉਤਪਾਦ ਜਿਵੇਂ ਕਿ ਮਲਟੀਗ੍ਰੇਨ ਹਨੀ ਕੁਕੀਜ਼, ਮੂੰਗਫ਼ਲੀ ਦੇ ਮਫਿਨਜ਼, ਮੂੰਗਫ਼ਲੀ ਦੇ ਬਿਸਕੁਟ, ਅਧਰਕ ਨਿੰਬੂ ਡ੍ਰਿੰਕ ਅਤੇ ਅਨਾਜਯੁਕਤ ਹੈਲਥ ਬਾਰ ਤਿਆਰ ਕੀਤੇ ਗਏ ।
- ਸ਼ਹਿਦ ਤੋਂ ਬਣੀ ਅਧਰਕ ਨਿੰਬੂ ਡ੍ਰਿੰਕ, ਜਿਸਦੀ ਵਰਤੋਂ ਯੋਗ ਮਿਆਦ ਆਮ ਹਾਲਤਾਂ ਵਿੱਚ 2 ਮਹੀਨੇ ਅਤੇ ਰੈਫ੍ਰੀਜਿਰੇਟਿਡ ਸਥਿਤੀਆਂ ਵਿੱਚ 4 ਮਹੀਨੇ ਹੈ, ਨੂੰ ਤਿਆਰ ਕਰਨ ਦੀ ਤਕਨੀਕ ਦਾ ਮਿਆਰੀਕਰਨ ਕੀਤਾ ਗਿਆ ।

### ◆ ਹੋਰ ਉਤਪਾਦ

- ਗੰਨੇ ਦੇ ਰਸ ਤੋਂ ਖੀਰ ਤਿਆਰ ਕੀਤੀ ਗਈ, ਜਿਸ ਵਿੱਚ ਚੌਲ, ਗੰਨੇ ਦਾ ਰਸ ਅਤੇ ਪਾਣੀ 1:4:5 ਦੀ ਅਨੁਪਾਤ ਵਿੱਚ ਪਾਇਆ ਗਿਆ । ਖੀਰ ਦੀ ਪ੍ਰੋਸੈਸਿੰਗ ਕੀਤੀ ਗਈ ਅਤੇ ਇਸਨੂੰ ਕੱਪਾਂ ਵਿੱਚ ਪੈਕ ਕਰਕੇ ਰੈਫ੍ਰੀਜਿਰੇਟਡ (4-7$^{0}$C) ਕੀਤਾ ਗਿਆ। ਸੈਂਸਰੀ ਮੁਲਾਂਕਣ ਦੇ ਅਧਾਰ ਤੇ ਕੱਪਾਂ ਵਿੱਚ ਪੈਕ ਕੀਤੀ ਗੰਨੇ ਦੇ ਰਸ ਦੀ ਖੀਰ ਨੂੰ ਦੋ ਮਹੀਨਿਆਂ ਤੱਕ ਵਰਤਿਆ ਜਾ ਸਕਦਾ ਹੈ ।
- ਚੌਲਾਂ ਦੇ ਆਟੇ, ਬੇਬੀ ਕਾਰਨ (ਖੇਤ ਅਤੇ ਉਦਯੋਗ ਦੀ ਰਹਿੰਦ-ਖੂੰਹਦ ਦਾ ਚੂਰਾ ਅਤੇ ਛੋਲਿਆਂ ਦੇ ਆਟੇ ਵੇਸਣ) ਦੀ 45:35:20 ਦੀ ਅਨੁਪਾਤ ਤੋਂ ਲੇਸ ਰਹਿਤ ਬਿਸਕੁਟ ਤਿਆਰ ਕੀਤੇ ਗਏ ।

### ◆ ਭੋਜਨ ਦੀ ਪਰਖ ਕਰਨ ਵਾਲੀ ਕਿੱਟ

- ਇੱਕ ਬੈਕਟੀਰੀਆਲੋਜੀਕਲ ਫੂਡ ਟੈਸਟਿੰਗ ਕਿੱਟ (ਬੀ ਐੱਫ ਟੀ ਕੇ) ਜੋ ਕਿ ਘੱਟ ਲਾਗਤ ਵਾਲੀ ਅਤੇ ਤੇਜ਼ੀ ਨਾਲ ਭੋਜਨ

ਦੀ ਪਰਖ ਕਰਦੀ ਹੈ, ਤਿਆਰ ਕੀਤੀ ਗਈ । ਇਹ ਡੇਅਰੀ ਉਤਪਾਦਾਂ ਵਿੱਚ ਪੈਦਾ ਹੋ ਰਹੇ ਪੈਥੋਜਿਨਜ਼ ਨੂੰ 16-24 ਘੰਟਿਆਂ ਵਿੱਚ ਪਛਾਣ ਸਕਦੀ ਹੈ ।

## ਕਟਾਈ ਉਪਰੰਤ ਤਕਨੀਕਾਂ

ਕਟਾਈ ਉਪਰੰਤ ਤਕਨੀਕਾਂ ਨੂੰ ਵਿਕਸਿਤ ਕਰਨ ਵਿੱਚ ਕੀਤੀ ਖੋਜ ਦਾ ਪ੍ਰਮੁੱਖ ਮਨੋਰਥ ਖੇਤੀ ਉਤਪਾਦਨ ਦੀ ਪੈਕਿੰਗ (ਡੱਬਾਬੰਦੀ) ਅਤੇ ਸਾਂਭ-ਸੰਭਾਲ ਰਿਹਾ ਤਾਂ ਜੋ ਉਨ੍ਹਾਂ ਦੀ ਵਰਤੋਂ ਯੋਗ/ਸਾਂਭ-ਸੰਭਾਲ ਦੀ ਮਿਆਦ ਵਿੱਚ ਵਾਧਾ ਹੋ ਸਕੇ ।

### ◆ ਸਾਂਭ-ਸੰਭਾਲ ਦੇ ਢਾਂਚੇ

- ਪਿਆਜਾਂ ਦੀ ਸਾਂਭ-ਸੰਭਾਲ ਲਈ ਮਸ਼ੀਨਾਂ ਰਾਹੀਂ ਹਵਾਦਾਰ ਰੱਖਣ ਵਾਲਾ ਸਟੋਰੇਜ਼ ਢਾਂਚਾ ਤਿਆਰ ਕੀਤਾ ਗਿਆ। ਇਸ ਵਿੱਚ ਪਿਆਜਾਂ ਦੇ ਬਲਬ ਨੂੰ ਘੱਟ ਤੋਂ ਘੱਟ ਨੁਕਸਾਨ (ਗਲਣ ਕਾਰਨ 8% ਅਤੇ ਭੂਕਾਂ ਛੱਡਣ ਕਾਰਨ 6%) ਨਾਲ ਪੰਜ ਮਹੀਨਿਆਂ ਤੱਕ ਸੁਰੱਖਿਅਤ ਰੱਖਿਆ ਜਾ ਸਕਦਾ ਹੈ ।

### ◆ ਸੁਕਾਉਣ ਦੀਆਂ ਤਕਨੀਕਾਂ

- ਤਾਜੇ ਤੋੜੇ ਪਿਆਜਾਂ ਨੂੰ ਸੁਕਾਉਣ ਲਈ ਤਕਨੀਕ ਵਿਕਸਿਤ ਕੀਤੀ ਗਈ । ਇਸ ਤਕਨੀਕ ਵਿੱਚ ਲਾਲ ਪਿਆਜਾਂ ਨੂੰ 45 ਮਿੰਟ ਦੇ ਸਮੇਂ ਲਈ 10% Nacl ਦੇ ਘੋਲ ਵਿੱਚ ਅਤੇ ਚਿੱਟੇ ਪਿਆਜਾਂ ਨੂੰ 10% Nacl ਦੇ ਘੋਲ + 0.1% KMS (ਪੋਟਾਸ਼ੀਅਮ ਮੈਟਾਬਾਇਸੁਲਫਾਈਟ) ਵਿੱਚ ਭਿਉਂ ਕੇ ਪਹਿਲਾਂ ਹੀ ਸੋਧਣ ਅਤੇ ਇਸ ਉਪਰੰਤ ਦੋ ਵਾਰੀ ਸੁਕਾਉਣਾ (70 ਡਿਗਰੀ ਸੈਲਸੀਅਸ ਤੇ ਤਿੰਨ ਘੰਟਿਆਂ ਲਈ ਅਤੇ 55 ਡਿਗਰੀ ਸੈਲਸੀਅਸ ਤੇ 7 ਘੰਟਿਆਂ ਲਈ) ਹੈ ।
- 50 ਕਿਲੋ ਦੀ ਸਮਰਥਾ ਵਾਲਾ ਹਲਦੀ ਸੁਕਾਵਾ ਤਿਆਰ ਕੀਤਾ ਗਿਆ, ਜਿਸ ਵਿੱਚ ਸੂਰਜੀ ਊਰਜਾ ਨੂੰ ਧੁੱਪ ਦੇ ਸਮੇਂ ਇਵੈਕੂਏਟਿਡ ਟਿਊਬਨੁਮਾ ਸੋਲਰ ਕੁਲੈਕਟਰ ਅਤੇ ਧੁੱਪ ਰਹਿਤ ਸਮੇਂ ਦੌਰਾਨ ਚਾਰ ਬਿਜਲਈ ਹੀਟਰਾਂ (ਇੱਕ ਕਿਲੋਵਾਟ ਹਰੇਕ) ਰਾਹੀਂ ਬਿਜਲਈ ਊਰਜਾ ਨੂੰ ਵਰਤਿਆ ਗਿਆ । ਇਸ ਤਕਨੀਕ ਨਾਲ ਖੁੱਲ੍ਹੀ ਧੁੱਪ ਵਿੱਚ ਹਲਦੀ ਸੁਕਾਉਣ ਸਮੇਂ ਲੱਗਦੇ ਵਾਧੂ ਸਮੇਂ ਵਿੱਚ ਕਟੌਤੀ ਆਈ ਅਤੇ ਹਲਦੀ ਦੇ ਬਦਰੰਗ ਹੋਣ, ਧੂੜ ਮਿੱਟੀ ਅਤੇ ਕੀੜੇ ਮਕੌੜਿਆਂ ਨਾਲ ਹੋਣ ਵਾਲੇ ਨੁਕਸਾਨ ਅਤੇ ਚੂਹਿਆਂ ਅਤੇ ਪੰਛੀਆਂ ਦੀ ਮਾਰ ਤੋਂ ਵੀ ਬੱਚਤ ਹੋਈ ।
- ਸੁੱਕੇ ਫੁੱਲ/ਪੌਦੇ, ਜੋ ਕੁਦਰਤੀ ਹੁੰਦੇ ਹਨ, ਮਹਿੰਗੇ ਵੀ ਨਹੀਂ ਪੈਂਦੇ ਅਤੇ ਸਾਰਾ ਸਾਲ ਉਪਲਬਧ ਰਹਿੰਦੇ ਹੋਣ ਕਰਕੇ ਮੰਡੀ ਵਿੱਚ ਇਨ੍ਹਾਂ ਦੀ ਮੰਗ ਬਣੀ ਹੀ ਰਹਿੰਦੀ ਹੈ। ਗੋਮਫਰੀਨਾ ਦੇ ਫੁੱਲ, ਗੋਲਡਨਰਾਡ (ਸਾਲਿਡੇਗੋ) ਦੇ ਪੈਨੀਕਲਜ਼ ਅਤੇ ਗੋਲਡਨ ਰੇਨ ਟਰੀ (ਕੋਇਲਰਿਊਟ੍ਰੀਆ) ਦੇ ਪੈਡੰਕਲਜ਼ ਨੂੰ ਪੂਰੇ ਹਵਾਦਾਰ ਹਨੇਰੇ ਕਮਰੇ ਵਿੱਚ ਉਲਟੀ ਸਥਿਤੀ ਵਿੱਚ 4-5 ਦਿਨਾਂ ਲਈ ਲਟਕਾ ਕੇ ਸੁਕਾਇਆ ਜਾ ਸਕਦਾ ਹੈ ਅਤੇ ਇਨ੍ਹਾਂ ਨੂੰ ਛੇ ਮਹੀਨਿਆਂ ਤੱਕ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

## ਪੈਕੇਜਿੰਗ (ਡੱਬਾਬੰਦ ਕਰਨ ਦੀਆਂ) ਤਕਨੀਕਾਂ

- ਆਲੂਆਂ ਨੂੰ ਲੀਨੋ (ਜਾਲੀਦਾਰ ਕੱਪੜੇ ਦੀਆਂ ਆਪੋ ਵਿੱਚ ਕੱਸੀਆਂ ਹੋਈਆਂ ਤਣੀਆਂ ਵਾਲੇ) ਦੀਆਂ ਬੋਰੀਆਂ ਜੋ ਕਿ ਵਿਰਜਿਨ ਪੋਲੀਪ੍ਰੋਪਲਿਨ (50 ਗ੍ਰਾਮ ਵਜਨ, 50 ਕਿਲੋ ਸਮਰਥਾ) ਤੋਂ ਬਣਾਈਆਂ ਗਈਆਂ ਨਾਲ ਬਾਰਦਾਨੇ ਦੀਆਂ ਬੋਰੀਆਂ ਨਾਲੋਂ 70 ਪ੍ਰਤੀਸ਼ਤ ਪੈਕੇਜਿੰਗ ਦੀ ਸਮਗਰੀ ਤੇ ਆਉਂਦੀ ਲਾਗਤ ਘਟੀ ਅਤੇ 50 ਪ੍ਰਤੀਸ਼ਤ ਸਾਂਭ-ਸੰਭਾਲ ਵੇਲੇ ਨੁਕਸਾਨ ਤੋਂ ਰਾਹਤ ਮਿਲੀ ।
- ਤਾਜ਼ੇ ਬੀਜ ਰਹਿਤ ਖੀਰਿਆਂ ਦੀ ਵਰਤੋਂ ਯੋਗ ਮਿਆਦ ਨੂੰ 24 ਦਿਨਾਂ ਤੱਕ ਵਧਾਇਆ ਜਾ ਸਕਦਾ ਹੈ, ਜੇਕਰ ਇਨ੍ਹਾਂ ਨੂੰ 150 ਗੇਜ਼ ਦੀ ਸੁਰਾਖ ਰਹਿਤ ਐੱਲ ਡੀ ਪੀ ਈ (ਘੱਟ ਮੋਟਾਈ ਵਾਲਾ ਪੋਲੀਥੀਨ) ਫਿਲਮਾਂ ਵਿੱਚ 10°c ਤਾਪਮਾਨ ਅਤੇ 85±1% ਨਮੀ ਤੇ ਪੈਕ ਕੀਤਾ ਜਾਵੇ । ਪੀਲੀ ਸ਼ਿਮਲਾ ਮਿਰਚ ਦੀ ਵਰਤੋਂ ਯੋਗ ਮਿਆਦ ਨੂੰ 28 ਦਿਨਾਂ ਤੱਕ ਵਧਾਇਆ ਜਾ ਸਕਦਾ ਹੈ, ਜੇਕਰ ਇਸ ਨੂੰ ਆਕਸੀਜਨ ਜਜ਼ਬ ਕਰਨ ਵਾਲੀ 150 ਗੇਜ ਦੀ ਐੱਲ ਡੀ ਪੀ ਈ ਫ਼ਿਲਮ ਵਿੱਚ ਪੈਕ ਕਰਕੇ 10°c ਤਾਪਮਾਨ ਤੇ ਸਟੋਰ ਕੀਤਾ ਜਾਵੇ । ਇਨ੍ਹਾਂ ਤਕਨੀਕਾਂ ਨਾਲ ਸਟੋਰੇਜ ਅਤੇ ਢੋਆ-ਢੁਆਈ ਦੌਰਾਨ ਉਤਪਾਦਾਂ ਦੇ ਗਲਣ ਸੜਣ ਤੋਂ ਰਾਹਤ ਮਿਲੇਗੀ ਅਤੇ ਵੱਧ ਆਰਥਿਕ ਮੁਨਾਫ਼ਾ ਹਾਸਲ ਹੋਵੇਗਾ ।
- ਕਾਲੀ ਗਾਜਰ (ਪੰਜਾਬ ਬਲੈਕ ਬਿਊਟੀ) ਦੀ ਪੈਕਿੰਗ ਦੀ ਤਕਨੀਕ ਵਿਕਸਿਤ ਕੀਤੀ ਗਈ । ਕਾਲੇ ਰੰਗ ਦੀਆਂ ਤਾਜ਼ੀਆਂ ਗਾਜਰਾਂ ਨੂੰ ਛੇਕ ਰਹਿਤ 150 ਗੇਜ਼ ਦੀ ਐੱਲ ਡੀ ਪੀ ਈ ਫਿਲਮ ਵਿੱਚ ਪੈਕ ਕਰਨ ਨਾਲ 21 ਦਿਨ ਅਤੇ 15 ਦਿਨ ਲਈ ਸੁਰੱਖਿਅਤ ਰੱਖਿਆ ਜਾ ਸਕਦਾ ਹੈ, ਜੇਕਰ ਇਨ੍ਹਾਂ ਨੂੰ ਕ੍ਰਮਵਾਰ 5°C ਅਤੇ 10°C ਤਾਪਮਾਨ ਤੇ ਅਤੇ 85±5% ਨਮੀ ਤੇ ਸਟੋਰ ਕੀਤਾ ਜਾਵੇ । ਬਿਨਾਂ ਪੈਕ ਕੀਤੀਆਂ ਕਾਲੇ ਰੰਗੀਆਂ ਗਾਜਰਾਂ ਨੂੰ ਖੁੱਲ੍ਹੇ ਕਰੇਟਾਂ ਵਿੱਚ 5°C ਅਤੇ 85±5% ਨਮੀ ਤੇ ਸਟੋਰ ਕੀਤਾ ਜਾ ਸਕਦਾ ਹੈ ।
- ਲੀਚੀ ਅਤੇ ਕਿੰਨੂ ਫ਼ਲ ਨੂੰ ਨੇੜਲੀਆਂ ਅਤੇ ਦੂਰ-ਦੁਰਾਡੇ ਦੀਆਂ ਪ੍ਰਚੂਨ/ਥੋਕ ਮੰਡੀਆਂ ਵਿੱਚ ਭੇਜਣ ਲਈ ਵੱਖੋ-ਵੱਖ ਅਕਾਰਾਂ ਦੇ ਸੀ ਐਫ ਬੀ (ਤਹਿਦਾਰ ਰੇਸ਼ੇ ਵਾਲੇ ਡੱਬੇ) ਤਿਆਰ ਕੀਤੇ ਗਏ ।

### ◆ ਐਲੋਵੇਰਾ ਦੀ ਜੈੱਲ ਕੱਢਣ ਵਾਲੀ ਮਸ਼ੀਨ

- ਐਲੋਵੇਰਾ ਦੇ ਤਾਜ਼ੇ ਪੱਤਿਆਂ ਤੋਂ ਜੈੱਲ ਕੱਢਣ ਵਾਲੀ ਮਸ਼ੀਨ ਤਿਆਰ ਕੀਤੀ ਗਈ । 20 ਮਿ.ਮੀ. ਤੋਂ ਮੋਟੇ ਪੱਤਿਆਂ ਤੋਂ ਵੱਧੋ ਵੱਧ ਜੈੱਲ (55.2%), ਘੱਟੋ ਘੱਟ ਜੈੱਲ ਦੀ ਰਹਿੰਦ-ਖੂੰਹਦ ਅਤੇ ਵੱਧੋ-ਵੱਧ ਨਿਕਾਸੀ ਸਮਰਥਾ (94.1%) ਨੂੰ 75 ਆਰ ਪੀ ਐਮ ਤੇ ਰਿਕਾਰਡ ਕੀਤਾ ਗਿਆ ।

## ਵਣ ਖੇਤੀ

- ਖੇਤੀ ਵੰਨ-ਸੁਵੰਨਤਾ ਨੂੰ ਹੁਲਾਰਾ ਦੇਣ ਅਤੇ ਖੇਤੀ ਆਮਦਨ ਦੇ ਸੋਮੇ ਵਧਾਉਣ ਹਿਤ ਵੱਖੋ-ਵੱਖ ਰੁੱਖਾਂ ਜਿਵੇਂ ਕਿ ਪੋਪਲਰ,

ਸਫੈਦਾ, ਡੇਕ, ਟਾਹਲੀ, ਸੋਹਾਂਜਣਾ ਅਤੇ ਨਿੰਮ ਦੇ 1.22 ਲੱਖ ਪੌਦੇ ਕਿਸਾਨਾਂ ਨੂੰ ਮੁਹਈਆ ਕੀਤੇ ਗਏ ।

- ਅੱਠ ਸਾਲ ਪੁਰਾਣੇ ਬਰਮਾ ਡੇਕ ਦੀਆਂ 20 ਪੀੜੀਆਂ ਵਿੱਚੋਂ ਚਾਰ ਪੀੜੀਆਂ ਟਿੰਬਰ ਉਤਪਾਦਨ ਵਿੱਚ (ਔਸਤਨ 50-90%) ਵਧੀਆ ਪਾਈਆਂ ਗਈਆਂ ।
- ਕਣਕ ਦੀਆਂ 16 ਅਤੇ ਆਲੂਆਂ ਦੀਆਂ 7 ਕਿਸਮਾਂ ਪਾਪਲਰ ਵਿੱਚ ਵੱਖ-ਵੱਖ ਦੂਰੀਆਂ ਤੇ ਲਾਈਆਂ ਗਈਆਂ । ਇਹਨਾਂ ਵਿੱਚੋਂ ਕਣਕ ਦੀਆਂ ਪੀ ਬੀ ਡਬਲਯੂ 725 ਅਤੇ ਪੀ ਬੀ ਡਬਲਯੂ 677 ਅਤੇ ਆਲੂਆਂ ਦੀਆਂ ਕੁਫ਼ਰੀ ਪੁਖਰਾਜ ਅਤੇ ਕੁਫ਼ਰੀ ਬਾਦਸ਼ਾਹ ਵਧੀਆ ਪਾਈਆਂ ਗਈਆਂ ।

## ਸ਼ਹਿਦ ਮੱਖੀ ਪਾਲਣ

ਸ਼ਹਿਦ ਮੱਖੀ ਪਾਲਣ ਤੇ ਕੀਤੀ ਗਈ ਖੋਜ ਤੇ ਵੱਧ ਜੋਰ ਮਧੂ ਮੱਖੀਆਂ ਵੱਲੋਂ ਕੀਤੇ ਪਰ-ਪਰਾਗਣ ਤੋਂ ਝਾੜ ਵਿੱਚ ਵਾਧੇ ਦੇ ਫਾਇਦੇ ਹਾਸਲ ਕਰਨ ਤੇ ਦਿੱਤਾ ਗਿਆ।

- ਏਪਿਸ ਮੀਲੀਫੇਰਾ ਵੱਲੋਂ ਅਫ਼ਰੀਕਨ ਸਰ੍ਹੋਂ (ਬਰਾਸਿਕਾ ਕੈਰੀਨਾਟਾ) ਦੀ ਕੀਤੀ ਪਰ-ਪਰਾਗਣ ਕਿਰਿਆ ਨੇ 80-95 ਪ੍ਰਤੀਸ਼ਤ ਬੀਜ ਨੂੰ ਸੈੱਟ ਕਰਨ ਦੀ ਭੂਮਿਕਾ ਨਿਭਾਈ ਜਿਸ ਦਾ ਪਤਾ ਅਲਹਿਦਾ ਕੀਤੇ ਨੈੱਟ ਚੈਂਬਰਾਂ ਵਿਚਲੇ ਉਤਪਾਦਨ ਤੋਂ ਲੱਗਿਆ। ਅਫ਼ਰੀਕਨ ਸਰ੍ਹੋਂ ਦੀ ਸ਼ਹਿਦ ਉਤਪਾਦਨ ਸਮਰਥਾ 8.9 ਕਿਲੋ/ਹੈਕਟੇਅਰ ਰਹੀ ।

## ਖੁੰਭਾਂ ਦੀ ਕਾਸ਼ਤ

- **ਪੰਜਾਬ ਦੇ ਪੌਣ-ਪਾਣੀ ਮੁਤਾਬਕ ਖੁੰਭਾਂ ਦੀਆਂ ਨਵੀਆਂ ਕਿਸਮਾਂ**

- ਖੁੰਭਾਂ ਦੀਆਂ 7 ਜੰਗਲੀ ਕਿਸਮਾਂ ਦੀ ਖੋਜ ਕੀਤੀ ਗਈ ਅਤੇ ਇਨ੍ਹਾਂ ਨੂੰ ਐਕਸੈਸ਼ਨ ਕੀਤਾ ਗਿਆ ।
- ਚਿੱਟੀ ਐਗਰੀਕਸ ਬਾਈਸਪੋਰਸ ਕਿਸਮ ਦੇ 7 ਨਵੇਂ ਸਟ੍ਰੇਨਜ ਆਈ ਵੀ ਟੀ 17-01 ਤੋਂ ਆਈ ਵੀ ਟੀ 17-07 ਨੂੰ ਪਰਖਿਆ ਗਿਆ ਅਤੇ ਇਨ੍ਹਾਂ ਵਿੱਚੋਂ ਆਈ ਵੀ ਟੀ 17-01 ਨੇ ਸਭ ਤੋਂ ਵੱਧ ਉਤਪਾਦਨ (16.25 ਕਿਲੋ/ਕੁਇੰਟਲ ਕੰਪੋਸਟ) ਦਿੱਤਾ ।
- ਪਲਿਓਰੋਟਸ ਅਰਿੰਜੀ ਜੋ ਕਿ ਖੁਸ਼ਬੂਦਾਰ ਗੁੱਦੇ ਵਾਲੀ ਖੁੰਭ ਦੀ ਕਿਸਮ ਹੈ, ਦੀ ਕਾਸ਼ਤ ਨੂੰ ਪੰਜਾਬ ਦੇ ਪੌਣ-ਪਾਣੀ ਮੁਤਾਬਕ ਖੇਤਾਂ ਦੀ ਰਹਿੰਦ-ਖੂੰਹਦ ਨਾਲ ਕਾਸ਼ਤ ਦਾ ਮਿਆਰੀਕਰਨ ਕੀਤਾ ਗਿਆ ।

- **ਕੰਪੋਸਟ ਤਿਆਰ ਕਰਨ ਦੀ ਤਕਨੀਕ**

- ਕਣਕ ਦੀ ਨਾੜ ਅਤੇ ਪੋਲਟਰੀ ਦੀ ਖਾਦ ਤੋਂ ਸੰਖੇਪ/ਸੌਖੀ ਵਿਧੀ ਨਾਲ ਤਿਆਰ ਕੀਤੀ ਪੈਸਚੁਰਾਈਜ਼ਡ ਕੰਪੋਸਟ ਨੂੰ ਐਗਰੀਕਸ ਬਾਈਸਪੋਰਸ ਦੀ ਕਾਸ਼ਤ ਲਈ ਸਿਫ਼ਾਰਸ਼ ਕੀਤਾ ਗਿਆ । ਇਸ ਸੰਖੇਪ/ਸੌਖੇ ਢੰਗ ਨਾਲ ਕੰਪੋਸਟ ਤਿਆਰ ਕਰਨ ਨੂੰ 15-20 ਦਿਨ ਲੱਗਦੇ ਹਨ ਜਦੋਂ ਕਿ ਲੰਬਾ ਸਮਾਂ ਲੈਣ ਵਾਲੀ ਵਿਧੀ ਨੂੰ 3-4 ਹਫ਼ਤੇ ਲੱਗ ਜਾਂਦੇ ਹਨ । ਸੌਖੇ ਢੰਗ ਨਾਲ ਵੱਧ ਕੰਪੋਸਟ (16.4 ਕਿਲੋ/ਕੁਇੰਟਲ) ਹਾਸਲ ਹੁੰਦੀ ਹੈ ਜਦੋਂ ਕਿ ਜ਼ਿਆਦਾ ਸਮਾਂ ਲੈਣ ਵਾਲੀ ਵਿਧੀ ਨਾਲ 9.5 ਕਿੱਲੋ/ਕੁਇੰਟਲ ਹੀ ਮਿਲਦੀ ਹੈ ।
- ਕੰਪੋਸਟ ਵਿੱਚ ਨਿੰਮ ਦਾ ਪਾਊਡਰ @0.5% ਰਲਾਉਣ ਨਾਲ ਅਤੇ 5 ਕਿਲੋ ਵਿੱਚ ਐਜ਼ੋਟੋਬੈਕਟਰ ਦੀ ਵਰਤੋਂ ਘੋਲ ਵਿੱਚ 50 ਮਿ.ਲੀ. ($10^7$-$10^8$ cfu $ml^{-1}$) ਕਰਨ ਨਾਲ ਅਤੇ ਇੰਡੋਲ-3 ਐਸਿਟਿਕ ਐਸਿਡ @$10 \mu g L^{-1}$ ਦਾ ਛਿੜਕਾਅ ਪਹਿਲੀ ਅਤੇ ਦੂਜੀ ਤੁੜਾਈ ਤੇ ਕਰਨ ਨਾਲ ਬਟਨ ਖੁੰਭ ਦੇ ਉਤਪਾਦਨ ਵਿੱਚ 30 ਪ੍ਰਤੀਸ਼ਤ ਦਾ ਵਾਧਾ ਹੁੰਦਾ ਹੈ ।

## ਖੇਤੀ ਮਸ਼ੀਨੀਕਰਨ

ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿੱਚ ਹਾਸਲ ਕੀਤੀਆਂ ਖੋਜ ਪ੍ਰਾਪਤੀਆਂ ਵਿੱਚ ਬਾਗਾਂ, ਸਬਜ਼ੀਆਂ ਦੀਆਂ ਫ਼ਸਲਾਂ ਅਤੇ ਵਣ-ਖੇਤੀ ਪ੍ਰਣਾਲੀਆਂ ਵਿੱਚ ਵਹਾਈ, ਪੌਦਿਆਂ ਦੀ ਬਿਜਾਈ ਅਤੇ ਨਦੀਨ ਕੱਢਣ ਦੇ ਕਾਰਜਾਂ ਦਾ ਮਸ਼ੀਨੀਕਰਨ, ਊਰਜਾ ਦਾ ਰੱਖ-ਰਖਾਅ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ ਸ਼ਾਮਲ ਹਨ ।

- **ਨਵੀਂ ਮਸ਼ੀਨਰੀ**

- ਬਾਗਾਂ ਅਤੇ ਵਣ-ਖੇਤੀ ਪ੍ਰਬੰਧਾਂ ਵਿੱਚ ਮੁੱਢਲੀ ਵਹਾਈ ਅਤੇ ਇੰਟਰ-ਕਲਚਰ ਕਾਰਜਾਂ ਲਈ ਹਾਈਡ੍ਰੋਲਿਕ ਪਾਵਰ ਸਾਈਡ ਸ਼ਿਫਟ ਆਫਸੈੱਟ ਰੋਟਾਵੇਟਰ ਨੂੰ ਡਿਜ਼ਾਈਨ ਅਤੇ ਵਿਕਸਿਤ ਕੀਤਾ ਗਿਆ । ਇਹ 1.8 ਮੀਟਰ ਚੌੜਾ ਰੋਟਾਵੇਟਰ, 370 ਮਿ.ਮੀ. ਆਫਸੈੱਟ ਨਾਲ ਹੈ, ਛਾਂ ਹੇਠ ਵਹਾਈ ਕਰਨ ਵਿੱਚ ਵੀ ਮਦਦ ਕਰਦਾ ਹੈ ਕਿਉਂਕਿ ਇਹ ਰੋਟਾਵੇਟਰ ਦਰਖਤ ਦੇ ਤਣੇ ਤੋਂ ਆਪਣੇ ਆਪ ਹੀ ਪਰੇ ਹੋ ਜਾਂਦਾ ਹੈ । ਦਰਖਤ ਦੇ ਤਣੇ ਨੂੰ ਰਗੜ ਲੱਗਣ ਨਾਲ ਪੌਦੇ ਦਾ ਹੋਣ ਵਾਲਾ ਨੁਕਸਾਨ 1.5-3.5 ਪ੍ਰਤੀਸ਼ਤ ਤੱਕ ਹੀ ਸੀਮਤ ਰਹਿੰਦਾ ਹੈ ।
- ਟਰੈਕਟਰ ਨਾਲ ਚੱਲਣ ਵਾਲਾ ਰੋਟਰੀ ਵੀਡਰ (ਇੱਕ ਏਕੜ/ਘੰਟਾ ਸਮਰਥਾ) ਜਿਸ ਨਾਲ 50 ਸੈ.ਮੀ. ਚੌੜੀਆਂ ਟਿਲਿੰਗ ਸਟ੍ਰਿਪਜ਼ ਲੱਗੀਆਂ ਹੋਈਆਂ ਹਨ, ਜਿਨ੍ਹਾਂ ਵਿਚਲੀ ਵਿੱਥ ਨੂੰ ਲੋੜ ਅਨੁਸਾਰ ਵਧਾਇਆ ਘਟਾਇਆ ਵੀ ਜਾ ਸਕਦਾ ਹੈ, ਚੌੜੀਆਂ ਕਤਾਰਾਂ ਵਾਲੀਆਂ ਫ਼ਸਲਾਂ ਵਿਸ਼ੇਸ਼ ਤੌਰ ਤੇ ਕਮਾਦ ਲਈ ਸਿਫ਼ਾਰਸ਼ ਕੀਤਾ ਗਿਆ । ਇਸ ਨਾਲ ਆਰਥਿਕ ਮੁਨਾਫ਼ਾ, ਸਮੇਂ ਦੀ ਬੱਚਤ ਅਤੇ ਮਲਚਿੰਗ (ਨਦੀਨਾਂ ਦੇ ਬਾਇਓਮਾਸ ਨੂੰ ਲਾਹ ਕੇ) ਵਰਗੇ ਫਾਇਦੇ ਮਿਲਦੇ ਹਨ ।
- ਝੋਨੇ ਲਈ ਐਕਸੀਅਲ ਫਲੋਅ ਥਰੈਸ਼ਰ, ਜਿਸ ਨਾਲ ਕਨਵੇਅਰ ਬੈਲਟ ਨੁਮਾ ਫੀਡਿੰਗ ਸਿਸਟਮ ਲੱਗਾ ਹੋਇਆ ਹੈ, ਦੇ ਥਰੈਸ਼ਿੰਗ ਸਿਲੰਡਰ ਦੇ ਆਲੇ-ਦੁਆਲੇ ਵਾਧੂ ਰੋਲਰ ਰੱਖ ਕੇ ਨਵਿਆਇਆ ਗਿਆ । ਇਸ ਨਾਲ ਥਰੈਸ਼ਿੰਗ ਸਿਲੰਡਰ ਦੇ ਮਾਪਦੰਡਾਂ ਨੂੰ ਸੋਧੇ ਬਿਨਾਂ ਉਚੇਰੀ ਫੀਡ ਦਰ ਹਾਸਲ ਕਰਨ ਵਿੱਚ ਮਦਦ ਮਿਲਦੀ ਹੈ ।
- ਟਰੈਕਟਰ ਨਾਲ ਚੱਲਣ ਵਾਲਾ ਕਣਕ ਦੀ ਨਾੜ ਇਕੱਠਾ ਕਰਨ ਵਾਲਾ (ਕੁਲੈਕਟਰ) ਜਿਸ ਦੀ ਖੇਤ ਵਿੱਚ ਸਮਰਥਾ 0.26

ਹੈਕਟੇਅਰ/ਘੰਟਾ ਅਤੇ ਨਾੜ ਇਕੱਠੀ ਕਰਨ ਦੀ ਸਮਰਥਾ 1.04 ਕੁਇੰਟਲ/ਹੈਕਟੇਅਰ ਨੂੰ ਵਿਕਸਿਤ ਕੀਤਾ ਗਿਆ । ਇਹ ਮਸ਼ੀਨ ਗਹਾਈ ਕਰਦੀ ਹੈ ਅਤੇ ਕਣਕ ਦੀ ਬਚੀ ਖੁਚੀ ਨਾੜ ਨੂੰ ਇਕੱਠਾ ਕਰਦੀ ਹੈ । ਕਣਕ ਦੀ ਨਾੜ ਨੂੰ ਇਕੱਠਾ ਕਰਨ ਵਾਲੀ ਮਸ਼ੀਨ (ਕੁਲੈਕਟਰ) ਦੀ ਖੇਤ ਵਿੱਚ ਕਾਰਜ ਕਰਨ ਦੀ ਸਮਰਥਾ ਹੱਥੀਂ ਢੰਗ ਤਰੀਕੇ ਨਾਲੋਂ 10 ਗੁਣਾ ਵੱਧ ਹੈ । ਇਸ ਨਾਲ ਬਚੀ ਖੁਚੀ ਨਾੜ ਵਿੱਚ ਧੂੜ ਮਿੱਟੀ 34.8 ਪ੍ਰਤੀਸ਼ਤ ਪਾਈ ਗਈ ।

- ਦੋ ਕਤਾਰੀ ਅਰਧ-ਸਵੈਚਾਲਕ ਸਬਜ਼ੀਆਂ ਲਗਾਉਣ ਵਾਲੀ ਮਸ਼ੀਨ (ਪਲਾਂਟਰ) ਜਿਸ ਵਿੱਚ ਸੈੱਲ ਫੀਡ ਨਰਸਰੀ ਲਈ ਕੱਪ ਨੁਮਾ ਮੀਟਰਿੰਗ ਮੈਕਾਨਿਜ਼ਮ ਲੱਗਾ ਹੋਇਆ ਹੈ, ਵਿਕਸਿਤ ਕੀਤਾ ਗਿਆ । ਹੱਥ ਨਾਲ ਚਲਾਉਣ ਵਾਲਾ ਗਲੈਡੀਓਲਸ ਪਲਾਂਟਰ ਵਿਕਸਿਤ ਕੀਤਾ ਗਿਆ ਤਾਂ ਜੋ ਗਲੈਡੀਓਲਸ ਦੇ ਬਲਬ ਲਗਾਏ ਜਾ ਸਕਣ ।
- ਟਰਾਲੀ ਲਈ ਹਵਾ ਦੇ ਦਬਾਅ ਵਾਲਾ ਬਰੇਕ ਸਿਸਟਮ ਵਿਕਸਿਤ ਕੀਤਾ ਗਿਆ ਤਾਂ ਜੋ ਇਸਦੀ ਸੜਕ ਤੇ ਸੁਰੱਖਿਆ ਵਧਾਈ ਜਾ ਸਕੇ ।

◆ **ਨਵਿਆਉਣਾ/ਸੋਧਣਾ**

- ਪੀਏਯੂ ਹੈਪੀ ਸੀਡਰ ਨੂੰ ਬੀਜਾਂ ਦੀ ਬਿਜਾਈ ਅਤੇ ਚਾਰੇ ਵਾਲੇ ਜਵੀਂ ਵਿੱਚ ਅੰਤਰ ਕਤਾਰ ਮਲਚ ਵਿਛਾਉਣ ਲਈ ਸਿਫ਼ਾਰਸ਼ ਕੀਤਾ ਗਿਆ । ਮਸ਼ੀਨ ਵੱਲੋਂ ਵਿਛਾਈ ਮਲਚ ਦੀ ਮੋਟੀ ਤਹਿ ਨਾਲ ਨਦੀਨ ਨਹੀਂ ਉੱਗਦੇ ਅਤੇ ਚਾਰੇ ਦੀ ਗੁਣਵਤਾ ਵਿੱਚ ਵਾਧਾ ਹੁੰਦਾ ਹੈ । ਇਸ ਖੋਜ ਨਾਲ ਹੈਪੀ ਸੀਡਰ ਦੀ ਵਰਤੋਂ ਦਾ ਦਾਇਰਾ ਵਧੇਗਾ ।
- ਪੀਏਯੂ ਬਹੁ-ਮੰਤਵੀ ਹਾਈ ਕਲੀਅਰੈਂਸ ਸਪਰੇਅਰ ਨੂੰ ਆਪੇ-ਘੁੰਮਣ ਵਾਲੇ ਹਾਈ ਕਲੀਅਰੈਂਸ ਸਪਰੇਅਰ ਜਿਸ ਨਾਲ ਚਾਰ ਪਹੀਏ ਵਾਲੀ ਡਰਾਈਵ (4-ਡਬਲਯੂ ਡੀ) ਸਿਸਟਮ, ਘੱਟ ਚੌੜੇ ਟਾਇਰ ਲੱਗੇ ਹੋਏ ਹਨ, ਵਿੱਚ ਨਵਿਆਇਆ ਗਿਆ। ਇਸ ਵਿੱਚ ਦੋ ਤਰ੍ਹਾਂ ਦੇ ਛਿੜਕਾਅ ਕਰਨ ਵਾਲੇ ਇੰਤਜ਼ਾਮ ਹਨ ਜਿਵੇਂ ਕਿ ਤੇਜ਼ ਵਹਾਅ ਵਰਗੀ (ਬੂਮ ਟਾਈਪ) ਅਤੇ ਤੁਪਕਿਆਂ ਵਰਗੀਆਂ ਨੋਜ਼ਲਾਂ, ਜਿਨ੍ਹਾਂ ਨੂੰ ਇਕਹਿਰੇ ਪੰਪ ਨਾਲ ਚਲਾਇਆ ਜਾਂਦਾ ਹੈ। ਇਸ 4-ਡਬਲਯੂ ਡੀ ਸਪਰੇਅਰ ਨੂੰ ਨਰਮੇ ਦੀ ਫ਼ਸਲ ਤੇ ਪਰਖਿਆ ਜਾ ਰਿਹਾ ਹੈ ।

◆ **ਸੂਖਮ ਖੇਤੀ ਐਪਲੀਕੇਸ਼ਨਜ਼ (ਵਰਤੋਂ ਯੋਗਤਾਵਾਂ)**

- ਜ਼ਮੀਨਦੋਜ਼ ਤੇ ਤੁਪਕਾ ਪਾਸੇਦਾਰ ਪਾਈਪਾਂ ਵਿਛਾਉਣ ਲਈ ਮਸ਼ੀਨ ਦਾ ਪ੍ਰਥਮ ਪ੍ਰੋਟੋਟਾਈਪ ਤਿਆਰ ਕੀਤਾ ਗਿਆ । ਇਹ ਦੋ ਸਬਸੁਆਇਲਰਾਂ ਰਾਹੀਂ ਦੋ ਉਪ ਤਹਿ ਤੁਪਕਾ ਕਤਾਰਾਂ ਵਿਛਾਉਂਦੀ ਹੈ । ਇਸ ਮਸ਼ੀਨ ਦੇ ਨਰਮੇ ਅਤੇ ਝੋਨੇ ਦੀ ਫ਼ਸਲਾਂ ਤੇ ਵੱਖੋ-ਵੱਖ ਸਥਾਨਾਂ ਤੇ ਤਜ਼ਰਬੇ ਕੀਤੇ ਗਏ ।
- ਕਣਕ ਦੀ ਫ਼ਸਲ ਵਿੱਚ ਪਾਣੀ ਖੜਣ ਦੀ ਸਮੱਸਿਆ ਦੀ ਦੇਖ-ਰੇਖ ਕਰਨ ਲਈ ਕੈਮਰਿਆਂ ਵਾਲੇ ਡਰੋਨ ਵਰਤੇ ਗਏ । ਡਰੋਨ ਤੋਂ ਹਾਸਲ ਕੀਤੇ ਏਰੀਅਲ ਇਮੇਜ ਜ਼ਮੀਨ ਤੇ ਲਗਾਏ ਸੈਂਸਰਾਂ ਨਾਲੋਂ ਵਧੀਆ ਪਾਏ ਗਏ ।

◆ **ਗੁਣਵਤਾ ਤੇ ਨਿਯੰਤ੍ਰਣ ਲਈ ਪਰਖ**

- ਕੇਂਦਰ ਸਰਕਾਰ ਵੱਲੋਂ ਯੂਨੀਵਰਸਿਟੀ ਨੂੰ ਖੇਤ ਮਸ਼ੀਨਰੀ/ਉਪਕਰਨ ਦੀ ਪਰਖ ਕਰਨ ਦਾ ਅਧਿਕਾਰ ਦਿੱਤਾ ਹੋਇਆ ਹੈ। ਕੁੱਲ 37 ਖੇਤੀ ਮਸ਼ੀਨਾਂ/ਉਪਕਰਨ ਜਿਨ੍ਹਾਂ ਵਿੱਚ 12 ਝੋਨੇ ਦੀ ਪਰਾਲੀ ਨੂੰ ਕੁਤਰਨ ਵਾਲੇ ਚੌਪਰ/ਮਲਚਰ, ਛੇ ਸੀਡ-ਕਮ-ਫਰਟਿਲਾਈਜ਼ਰ ਡ੍ਰਿਲਜ਼, ਪੰਜ ਹੈਪੀਸੀਡਰ, ਦੋ ਪਰੂਨਿੰਗ ਸੀਕੈਟਰਜ਼, ਦੋ ਚੈੱਫ਼ ਕਟਰਜ਼, ਦੋ ਸਬਸੁਆਇਲਰਜ਼, ਇੱਕ ਰੋਟਾਵੇਟਰ, ਇੱਕ ਰੋਟਰੀ ਟਿੱਲਰ, ਇੱਕ ਨੈਪਸੈਕ ਸਪਰੇਅਰ, ਇੱਕ ਮੱਕੀ ਥਰੈਸ਼ਰ, ਇੱਕ ਫਾਰੇਜ ਹਾਰਵੈਸਟਰ-ਕਮ-ਚੌਪਰ-ਕਮ-ਲੋਡਰ, ਇੱਕ ਜ਼ੀਰੋ ਟਿੱਲ ਮਲਟੀ ਕਰਾਪ ਰੇਜ਼ਡ ਬੈੱਡ ਪਲਾਂਟਰ, ਇੱਕ ਜ਼ੀਰੋ ਟਿੱਲ ਮਲਟੀ ਕਰਾਪ ਪਲਾਂਟਰ, ਇੱਕ ਰੇਕ ਅਤੇ ਰੋਟਰੀ ਹੈਰੋਅ ਦੀ ਪਰਖ ਕੀਤੀ ਗਈ ।

## ਬਾਇਓਮਾਸ ਅਧਾਰਿਤ ਊਰਜਾ ਦਾ ਉਤਪਾਦਨ

- ਪੋਲਟਰੀ ਦੀਆਂ ਵਿੱਠਾਂ ਤੋਂ ਤਿਆਰ ਕੀਤੀ ਬਾਇਓ-ਡਾਇਜੈਸਟਿਡ ਸਲੱਰੀ (ਘੋਲ) ਨੂੰ ਹਿਊਮੀਕੋਲਾ ਫਸਕੋਟਰਾ ਐਮ ਟੀ ਸੀ ਸੀ 1409 ਫਫੂੰਦੀ ਰਾਹੀਂ ਪ੍ਰੋਟੀਏਜ਼ ਐਨਜ਼ਾਇਮ ਤਿਆਰ ਕਰਨ ਲਈ ਵਰਤਿਆ ਗਿਆ ।
- ਮਿਸ਼ਰਤ ਬਾਇਓਮਾਸ ਦੀ ਟਿੱਕੀ ਦੇ ਨਮੂਨੇ ਨੂੰ ਵੱਖੋ ਵੱਖ ਫੀਡਸਟਾਕਜ਼ (ਝੋਨੇ ਦੀ ਪਰਾਲੀ, ਵਾਟਰ ਹੈਅਕਿੰਥ, ਮੱਕੀ ਦੇ ਟਾਂਡੇ, ਮੱਕੀ ਦੀ ਛੱਲੀ, ਨਰਮੇ ਦੇ ਟਾਂਡੇ, ਨੇਪੀਅਰ ਬਾਜਰਾ ਅਤੇ ਬੁਰਾਦਾ) ਦੇ ਵੱਖੋ ਵੱਖ ਅਨੁਪਾਤਾਂ ਦਾ ਰਾਖ ਰਹਿਤ/ਕਲਿੰਕਰ ਬਨਾਉਣ ਲਈ ਮਿਆਰੀਕਰਨ ਕੀਤਾ ਗਿਆ, ਜਦੋਂ ਨਮੂਨੇ ਨੂੰ ਫਰਨੇਸ ਵਿੱਚ 30 ਮਿੰਟਾਂ ਤੋਂ ਘੱਟ ਸਮੇਂ ਲਈ $1100^0C$ ਤੇ ਰੱਖਿਆ ਗਿਆ ।
- ਝੋਨੇ ਦੀ ਪਰਾਲੀ ਦੇ ਬੇਲ ਕੰਬਸਟਰ ਗੀਜ਼ਰ ਨੂੰ ਕ੍ਰਿਸ਼ੀ ਵਿਗਿਆਨ ਕੇਂਦਰਾਂ/ਐਫ ਏ ਐੱਸ ਸੀ/ਕਿਸਾਨਾਂ ਦੇ ਖੇਤਾਂ ਦੇ 11 ਸਥਾਨਾਂ (ਬਾਹੋਵਾਲ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਕਿਲਾ ਰਾਏਪੁਰ, ਲੰਗੜੋਆ, ਮੋਗਾ, ਮਾਨਸਾ, ਨੂਰਮਹਿਲ, ਪਟਿਆਲਾ ਅਤੇ ਸਮਰਾਲਾ) ਤੇ ਲਗਾਇਆ ਗਿਆ ਤਾਂ ਜੋ ਇਸ ਤਕਨੀਕ ਨੂੰ ਕਿਸਾਨਾਂ ਵੱਲੋਂ ਅਪਨਾਉਣ ਲਈ ਉਤਸ਼ਾਹਿਤ ਕੀਤਾ ਜਾਵੇ ।

## ਧਰਤੀ ਹੇਠਲੇ ਪਾਣੀ ਦੀ ਵਰਤੋਂ ਅਤੇ ਰੀਚਾਰਜ

- ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਨੂੰ ਪੰਪ ਕਰਨ ਦੇ ਕਾਰਬਨ ਫੁੱਟਪ੍ਰਿੰਟਜ਼ ਦੇ ਅਧਿਐਨ ਤੋਂ ਪਤਾ ਲੱਗਾ ਕਿ ਕਾਰਬਨ ਦੀ ਨਿਕਾਸੀ ਸਾਲ 1998 ਵਿੱਚ 590 ਹਜ਼ਾਰ ਟਨ ਸੀ, ਜੋ ਕਿ ਸਾਲ 2014 ਵਿੱਚ ਵਧ ਕੇ 2317 ਹਜ਼ਾਰ ਟਨ ਹੋ ਗਈ। ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚਲੀ ਇੱਕ ਮੀਟਰ ਦੀ ਗਿਰਾਵਟ ਨਾਲ ਗਰੀਨ ਹਾਊਸ ਗੈਸਾਂ ਦੀ ਨਿਕਾਸੀ ਦਰ 2.67 $g/m^3$ ਹੋ ਸਕਦੀ ਹੈ ।

- ਬਰਸਾਤੀ/ਆਫ਼ ਸੀਜ਼ਨ ਦੌਰਾਨ ਨਹਿਰਾਂ ਵਿਚਲੇ ਵਾਧੂ ਪਾਣੀ ਅਤੇ ਖੇਤੀਬਾੜੀ ਦੇ ਰੋੜ੍ਹ ਨੂੰ ਵਿਰਾਨ ਪਏ ਖੂਹਾਂ ਰਾਹੀਂ ਧਰਤੀ ਵਿੱਚ ਰੀਚਾਰਜ ਕਰਨ ਦੀ ਤਕਨੀਕ ਦੀ ਜ਼ਿਲ੍ਹਾ ਸਿੰਚਾਈ ਯੋਜਨਾ ਲਈ ਸਿਫ਼ਾਰਸ਼ ਕੀਤੀ ਗਈ ।

## ਖੇਤੀ ਅਰਥ ਸਾਸ਼ਤਰ ਅਤੇ ਸਮਾਜ ਵਿਗਿਆਨ

- ਪੰਜਾਬ ਵਿੱਚ ਖੇਤੀ ਦੀ ਆਰਥਿਕਤਾ ਅਤੇ ਆਮਦਨ ਅਤੇ ਖਰਚ ਦੇ ਰੁਝਾਨਾਂ ਉੱਤੇ ਇੱਕ ਅਧਿਐਨ ਕੀਤਾ ਗਿਆ ਤਾਂ ਜੋ ਪੰਜਾਬ ਦੀ ਖੇਤੀ ਦੇ ਫ਼ਸਲੀ ਅਤੇ ਨਿਵੇਸ਼ ਰੁਝਾਨਾਂ, ਜ਼ਮੀਨਾਂ ਦਾ ਖਾਕਾ, ਆਮਦਨ ਅਤੇ ਖਰਚ ਅਤੇ ਖੇਤਾਂ ਵਿੱਚ ਰੁਜ਼ਗਾਰ ਦੇ ਵਸੀਲਿਆਂ ਬਾਰੇ ਪਤਾ ਚਲ ਸਕੇ । ਇਸ ਅਧਿਐਨ ਤੋਂ ਸਪੱਸ਼ਟ ਹੋਇਆ ਕਿ ਪੰਜਾਬ ਵਿੱਚ ਖੇਤ ਔਸਤਨ 4 ਹੈਕਟੇਅਰ ਦੇ ਹਨ, ਪਰਿਵਾਰ 5.78 ਮੈਂਬਰਾਂ ਦੇ ਅਤੇ ਪ੍ਰਤੀ ਖੇਤ ਕਾਮਿਆਂ ਦੀ ਗਿਣਤੀ 1.87 ਹੈ । ਰੁਜ਼ਗਾਰ ਦੀ ਔਸਤ 72.64 ਦਿਹਾੜੀਆਂ ਪ੍ਰਤੀ ਹੈਕਟੇਅਰ ਪ੍ਰਤੀ ਸਾਲ ਹੈ । ਪੰਜਾਬ ਵਿੱਚ ਟਰੈਕਟਰਾਂ ਦੀ ਗਿਣਤੀ ਸਭ ਤੋਂ ਵੱਧ ਹੈ ਜਿਸ ਵਿੱਚ ਰਾਜ ਦੇ 69 ਪ੍ਰਤੀਸ਼ਤ ਕਿਸਾਨਾਂ ਕੋਲ ਆਪਣੇ ਟਰੈਕਟਰ ਹਨ, ਇਨ੍ਹਾਂ ਵਿੱਚੋਂ 16 ਪ੍ਰਤੀਸ਼ਤ ਸੀਮਾਂਤ ਕਿਸਾਨ ਅਤੇ 47 ਪ੍ਰਤੀਸ਼ਤ ਨਿਮਨ ਵਰਗ ਦੇ ਕਿਸਾਨ ਹਨ । ਪਰਿਵਾਰਿਕ ਆਮਦਨ ਵਿੱਚ ਖੇਤੀ ਫ਼ਸਲਾਂ ਤੋਂ ਵੱਧ (74.52%) ਆਮਦਨ ਹਾਸਲ ਹੁੰਦੀ ਹੈ ਅਤੇ ਇਸ ਤੋਂ ਬਾਅਦ ਡੇਅਰੀ ਪਾਲਣ (16.31%) ਅਤੇ ਬਾਕੀ ਦੀ ਆਮਦਨ ਖੇਤੀ ਰਹਿਤ ਧੰਦਿਆਂ (9.17%) ਤੋਂ ਮਿਲਦੀ ਹੈ । ਇਨ੍ਹਾਂ ਦੋਹਾਂ ਕਿੱਤਿਆਂ ਤੋਂ ਹਾਸਲ ਹੋਣ ਵਾਲੀ ਨੈੱਟ ਖੇਤੀ ਆਮਦਨ ਲਗਭਗ 1.19 ਲੱਖ ਰੁਪਏ ਅਤੇ 2.02 ਲੱਖ ਰੁਪਏ ਕ੍ਰਮਵਾਰ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਹੈ, ਜਦੋਂ ਕਿ ਵੱਡੇ ਕਿਸਾਨਾਂ ਦੀ ਆਮਦਨ 6.54 ਲੱਖ ਰੁਪਏ ਹੈ । ਡੇਅਰੀ ਦਾ ਕਿੱਤਾ ਸੀਮਾਂਤ ਕਿਸਾਨਾਂ ਵਿੱਚ ਬਹੁਤ ਹਰਮਨ ਪਿਆਰਾ ਹੈ ਕਿਉਂ ਜੋ ਇਹ ਕੁੱਲ ਖੇਤੀ ਪਰਿਵਾਰ ਦੀ ਆਮਦਨ ਵਿੱਚ 31.85 ਪ੍ਰਤੀਸ਼ਤ ਹਿੱਸਾ ਪਾਉਂਦਾ ਹੈ । ਖੇਤੀ ਖਰਚੇ ਪ੍ਰਤੀ ਖੇਤ ਮੁਤਾਬਕ ਰਾਜ ਵਿੱਚ ਵੱਖੋ-ਵੱਖਰੇ ਹਨ । ਅਧਿਐਨ ਦੇ ਸਮੇਂ ਦੌਰਾਨ ਔਸਤਨ ਘਰੇਲੂ ਖਰਚਾ 1,80,212 ਰੁਪਏ ਰਿਹਾ । ਪ੍ਰਤੀ ਵਿਅਕਤੀ ਘਰੇਲੂ ਖਰਚੇ ਦਾ ਸਿੱਧਾ ਬੋਝ ਖੇਤ ਦੇ ਰਕਬੇ ਅਨੁਸਾਰ ਹੈ ।
- ਪੰਜਾਬ ਦੇ ਸੰਗਰੂਰ ਜ਼ਿਲ੍ਹੇ ਦੇ ਪੇਂਡੂ ਨੌਜਵਾਨਾਂ ਉੱਤੇ ਕੀਤੇ ਸਮਾਜ-ਵਿਗਿਆਨਕ ਅਧਿਐਨ ਤੋਂ ਪਤਾ ਲੱਗਾ ਕਿ ਉੱਤਰਦਾਤਾਵਾਂ ਵਿੱਚੋਂ 68 ਪ੍ਰਤੀਸ਼ਤ ਨੇ ਸਕੂਲ ਪੱਧਰ ਦੀ ਸਿੱਖਿਆ ਹਾਸਲ ਕੀਤੀ ਹੈ ਅਤੇ ਇਨ੍ਹਾਂ ਵਿੱਚੋਂ ਸਿਰਫ਼ ਅੱਧੇ ਹੀ ਹਾਇਰ ਸੈਕੰਡਰੀ ਪੱਧਰ ਤੱਕ ਪਹੁੰਚ ਸਕੇ । ਪੜ੍ਹਾਈ ਨੂੰ ਅੱਧ ਵਿਚਾਲੇ ਛੱਡਣ ਦੇ ਕਾਰਨਾਂ ਵਿੱਚੋਂ ਉਨ੍ਹਾਂ ਮੁਤਾਬਕ, ਪੜ੍ਹਾਈ ਦਾ ਕਿਸੇ ਕੰਮ ਨਾ ਆਉਣਾ, ਮਹਿੰਗੀ ਵਿੱਦਿਆ ਜਾਂ ਨੰਬਰ ਘੱਟ ਹੋਣ ਕਰਕੇ ਕਾਲਜਾਂ ਵਿੱਚ ਦਾਖਲਾ ਨਾ ਮਿਲਣਾ ਹੈ । ਅਧਿਐਨ ਤੋਂ ਇਹ ਸਿੱਟਾ ਨਿਕਲਿਆ ਕਿ ਹੁਨਰ ਅਧਾਰਿਤ ਉੱਚ ਗੁਣਵਤਾ ਵਾਲੀ ਸਿੱਖਿਆ, ਜਿਸ ਨਾਲ ਰੁਜ਼ਗਾਰ ਦੇ ਮੌਕੇ ਹਾਸਲ ਹੋ ਸਕਣ, ਪੇਂਡੂ ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਾਰਗਰ ਸਿੱਧ ਹੋ ਸਕਦੀ ਹੈ । ਅਧਿਐਨ ਤੋਂ ਇਹ ਵੀ ਸਿੱਟਾ ਨਿਕਲਿਆ ਕਿ ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ ਦੇ ਹੱਲ ਲਈ ਯੁਵਕ ਸਲਾਹ-ਮਸ਼ਵਰਾ ਸੈੱਲ ਅਤੇ ਯੁਵਕ ਕਲੱਬ ਖੋਲ੍ਹੇ ਜਾਣ ਤਾਂ ਜੋ ਯੁਵਾ ਉਰਜਾ ਨੂੰ ਸਮਾਜਿਕ ਅਤੇ ਆਰਥਿਕ ਵਿਕਾਸ ਦੀਆਂ ਗਤੀਵਿਧੀਆਂ ਵਿੱਚ ਲਾਇਆ ਜਾ ਸਕੇ ।

## ਬਾਇਓਕਮਿਸਟਰੀ

- ਕਿੰਨੂਆਂ ਦੇ ਫਟੇ ਹੋਏ ਛਿਲਕਿਆਂ ਵਿੱਚ ਨਰੋਏ ਛਿਲਕਿਆਂ ਨਾਲੋਂ ਸੈੱਲ ਦੇ ਬਾਹਰਲੇ ਪਾਸਿਆਂ ਨੂੰ ਵਿਘਟਨ ਵਾਲੇ ਐਨਜ਼ਾਈਮ; ਪੌਲੀਗਲੈਕਟੋਯੂਰੋਨੇਸ ਅਤੇ ਸੈਲੂਲੇਸ ਦੀ ਪ੍ਰਕ੍ਰਿਆ ਵਧ ਪਾਈ ਗਈ । ਇਨ੍ਹਾਂ ਫਟੇ ਹੋਏ ਛਿਲਕਿਆਂ ਵਿੱਚ ਕੈਲਸ਼ੀਅਮ ਅਤੇ ਪੋਟਾਸ਼ੀਅਮ ਦੀ ਮਾਤਰਾ ਵੀ ਨਰੋਏ ਛਿਲਕਿਆਂ ਨਾਲੋਂ ਘੱਟ ਪਾਈ ਗਈ ।
- ਕਣਕ ਦੇ ਪੌਦਿਆਂ ਵਿਚਲੇ ਅਜੈਵਿਕ ਦਬਾਅ ਦੀਆਂ ਵੱਖੋ-ਵੱਖ ਹਾਲਤਾਂ ਦਾ ਮੁਕਾਬਲਾ ਕਰਨ ਲਈ ਦਬਾਅ ਪ੍ਰਤੀ ਰੋਧਿਕ ਟ੍ਰਾਂਸਜੀਨ Zat12 (ਜ਼ਿੰਕ ਫਿੰਗਰ ਪ੍ਰੋਟੀਨ ਜੀਨ) ਦੀ ਖੋਜ ਕੀਤੀ ਗਈ ।
- ਝੋਨੇ ਦੀ ਖੁਸ਼ਬੂਦਾਰ ਕਿਸਮ ਪੰਜਾਬ ਮਹਿਕ-1 ਦੀ ਬਾਇਓਕੈਮੀਕਲ ਪ੍ਰੋਫਾਇਲਿੰਗ ਤੋਂ ਸਪਸ਼ਟ ਹੋਇਆ ਕਿ ਇਸ ਵਿੱਚ ਮੁੱਢ ਦੇ ਗਾਲੇ ਪ੍ਰਤੀ ਰੋਧਿਕਤਾ ਦਾ ਕਾਰਨ ਚੈੱਕ ਕਿਸਮ ਪੂਸਾ ਬਾਸਮਤੀ 1121 ਦੇ ਮੁਕਾਬਲਤਨ ਇਸ ਵਿੱਚ ਵਧੇਰੇ ਐਂਟੀਆਕਸੀਡੈਂਟ ਸਮਰਥਾ, ਸਟਾਰਚ ਅਤੇ ਜੜ੍ਹਾਂ ਵਿੱਚ ਸੂਕਰੋਜ਼ ਤੋਂ ਹੈਕਸੋਜ਼ ਦੀ ਅਨੁਪਾਤ ਹੈ । ਪੂਸਾ ਬਾਸਮਤੀ 1121 ਉੱਤੇ ਐਬਸਿਸਿਕ ਐਸਿਡ (ਏ ਬੀ ਏ) ਅਤੇ ਸੈਲੀਸਾਇਲਿਕ ਐਸਿਡ ਦੀ ਵਰਤੋਂ ਨਾਲ ਇਸ ਦੀ ਰੋਧਿਕਤਾ ਵਿੱਚ ਵਾਧਾ ਹੋਇਆ ।

## ਭੋਜਨ ਅਤੇ ਪੋਸ਼ਣ

- ਸ਼ਲਗਮ, ਮੂਲੀ, ਫੁੱਲ ਗੋਭੀ ਅਤੇ ਗਾਜਰ ਦੀ ਐਂਟੀਆਕਸੀਡੈਂਟ ਸਮਰਥਾ ਦੇ ਮੁਲਾਂਕਣ ਤੇ ਕੀਤੇ ਅਧਿਐਨ ਤੋਂ ਸਪਸ਼ਟ ਹੋਇਆ ਕਿ ਮੂਲੀ ਦੇ ਪੀਸੇ ਹੋਏ ਪੱਤਿਆਂ ਵਿੱਚ 40°C ਤੇ ਸਭ ਤੋਂ ਵੱਧ ਐਂਟੀਆਕਸੀਡੈਂਟ ਪ੍ਰਕਿਰਿਆ (87.0%) ਰਹੀ । ਐਸਕੋਰਬਿਕ ਐਸਿਡ ਦੀ ਮਾਤਰਾ ਸਬਜ਼ੀਆਂ ਦੇ ਪੀਸੇ ਹੋਏ ਪੱਤਿਆਂ ਵਿੱਚ ਪ੍ਰਤੀ 100 ਗ੍ਰਾਮ ਸਭ ਤੋਂ ਜ਼ਿਆਦਾ ਸ਼ਲਗਮ ਦੇ ਪੱਤਿਆਂ (33.1 ਮਿ.ਗ੍ਰਾ.) ਵਿੱਚ ਪਾਈ ਗਈ । ਫੁੱਲ ਗੋਭੀ ਵਿੱਚ ਸਭ ਤੋਂ ਵੱਧ ਕਲੋਰੋਫਿਲ ਦੀ ਮਾਤਰਾ (641 ਮਿ.ਗ੍ਰਾਮ) ਪਾਈ ਗਈ । ਗਾਜਰ ਦੇ ਪੱਤਿਆਂ ਵਿੱਚ ਫਲੈਵੋਨੁਆਇਡਜ਼ ਸਭ ਤੋਂ ਵੱਧ (1337 ਮਿ.ਗ੍ਰਾਮ ਕਿਊ ਈ) ਪਾਇਆ ਗਿਆ। ਸ਼ਲਗਮ ਦੇ ਪੱਤਿਆਂ ਵਿੱਚ ਟੋਟਲ ਫਿਨੋਲਜ਼ ਸਭ ਤੋਂ ਵੱਧ (784 ਮਿ.ਗ੍ਰਾਮ ਜੀ ਏ ਈ (ਗੈਲਿਕ ਐਸਿਡ ਇਕੁਵੇਲੈਂਟ) ਪਾਇਆ ਗਿਆ ।

## ਐਪੇਰਿਲਜ਼ ਅਤੇ ਟੈਕਸਟਾਇਲਜ਼

- ਹਿਮਾਲਿਅਨ ਨੈਟਲ (ਗਿਰਾਰਡੀਨੀਆ ਡਾਇਵਰਸੀਫੋਲੀਆ) ਤੋਂ ਤਿਆਰ ਕੀਤੇ ਕੱਪੜੇ ਨੂੰ ਕੁਸ਼ਨ ਕਵਰ, ਜੈਕਟ ਅਤੇ ਟੇਬਲ ਰਨਰ ਬਣਾਉਣ ਲਈ ਵਰਤਿਆ ਗਿਆ ।
- ਪੇਟ ਦੇ ਉੱਪਰਲੇ ਹਿੱਸੇ ਦੀ ਦਰਦ ਮਹਿਸੂਸ ਕਰਨ ਵਾਲੇ ਮਰੀਜਾਂ ਲਈ ਗਰਮ ਜੈੱਲ ਪੈਕੇਜ਼ ਨਾਲ ਰੀਚਾਰਜ ਕਰਨ ਯੋਗ ਥਰਮੋ ਜੈਕਟਾਂ ਬਣਾਈਆਂ ਗਈਆਂ । ਇੱਕ ਜੈਕਟ ਦੀ ਲਾਗਤ 3665/- ਰੁਪਏ ਜੋੜੀ ਗਈ ।
- ਰੰਗਾਈ ਕੀਤੇ ਸੂਤੀ ਕੱਪੜੇ ਦੀਆਂ ਅਲਟ੍ਰਾਵਾਇਲਟ ਵਿਸ਼ੇਸ਼ਤਾਵਾਂ ਦੀ ਪਰਖ ਤੇ ਕੀਤੇ ਅਧਿਐਨ ਤੋਂ ਸਪਸ਼ਟ ਹੋਇਆ ਕਿ ਰਿਐਕਟਿਵ ਰੈੱਡ 120 ਡਾਈ ਬੈਂਜ਼ੋਫੀਨੋਨ-6 ਦੇ ਘੋਲ ਵਿੱਚ ਰੰਗਾਈ ਕੀਤੇ ਨਮੂਨੇ ਵਿੱਚ ਵੱਧ ਅਲਟ੍ਰਾਵਾਇਲਟ ਸੁਰੱਖਿਆ ਪੱਖ (ਯੂ ਪੀ ਐੱਫ) ਪਾਇਆ ਗਿਆ । ਫੋਰੀਅਰ ਟ੍ਰਾਂਸਫਾਰਮ ਇਨਫ੍ਰਾਰੈੱਡ ਸਪੈਕਟ੍ਰੋਸਕੋਪੀ (ਐੱਫ ਟੀ ਆਈ ਆਰ) ਵਿਸ਼ਲੇਸ਼ਣ ਤੋਂ ਸੂਤੀ ਕੱਪੜੇ ਦੀ ਸਤਹਿ ਤੇ ਨਵੇਂ-OH ਆਇਓਨਜ਼ ਦਾ ਪਤਾ ਲੱਗਾ ।

## ਤਕਨੀਕਾਂ ਦਾ ਵਪਾਰੀਕਰਨ

ਤਕਨੀਕਾਂ ਦੇ ਪਸਾਰ ਅਤੇ ਉੱਦਮਾਂ ਨੂੰ ਹੁਲਾਰਾ ਦੇਣ ਲਈ ਪੀਏਯੂ ਵੱਲੋਂ ਵਿਕਸਿਤ ਕੀਤੇ ਸਬਜ਼ੀਆਂ ਦੇ ਹਾਈਬ੍ਰਿਡਜ਼, ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ ਦੀ ਮਸ਼ੀਨਰੀ, ਪ੍ਰੋਸੈਸਿੰਗ ਅਤੇ ਹੋਰ ਖੇਤੀ ਤਕਨੀਕਾਂ ਦੇ ਗੈਰ-ਰਾਖਵੇਂ ਅਧਿਕਾਰ ਦਿੱਤੇ ਗਏ। ਇਸ ਦੌਰਾਨ 136 ਉੱਦਮੀਆਂ ਨਾਲ ਸਮਝੌਤੇ ਦੇ ਯਾਦ ਪੱਤਰ ਸਹੀਬੱਧ ਕੀਤੇ ਗਏ ।

| ਤਕਨੀਕ/ਕਿਸਮ | ਸਮਝੌਤੇ ਦੇ ਯਾਦ ਪੱਤਰ (ਗਿਣਤੀ) |
|---|---|
| ਸੀ ਐੱਚ-27 (ਮਿਰਚਾਂ ਦੀ ਹਾਈਬ੍ਰਿਡ) | 6 |
| ਪੀ ਐੱਮ ਐੱਚ-1 (ਮੱਕੀ) | 1 |
| ਪੀ ਪੀ ਐੱਚ-1 (ਪੇਠਾ) | 1 |
| ਪੀਏਯੂ ਸੁਪਰ ਸਟ੍ਰਾਅ ਮੈਨੇਜਮੈਂਟ ਸਿਸਟਮ (ਐੱਸ ਐਮ ਐੱਸ) | 110 |
| ਗੰਨੇ ਦੇ ਰਸ ਨੂੰ ਬੋਤਲਬੰਦ ਕਰਨ ਦੀ ਤਕਨੀਕ | 1 |
| ਪੀਏਯੂ ਸਟ੍ਰਾਅ ਕਟਰ-ਕਮ-ਸਪਰੈਡਰ | 5 |
| ਸਟ੍ਰਾਅ ਚੋਪਰ-ਕਮ-ਸਪਰੈਡਰ/ਮਲਚਰ ਤਕਨੀਕ | 1 |
| ਪੀਏਯੂ ਹੈਪੀ ਸੀਡਰ ਅਤੇ ਪ੍ਰੈੱਸ ਵਹੀਲ ਤਕਨੀਕ | 4 |
| ਐਪਲ ਸਾਈਡਰ (ਸਿਰਕਾ) | 1 |
| ਪੀਏਯੂ ਪੱਤਾ ਰੰਗ ਚਾਰਟ | 1 |
| ਬੈਕਟੀਰੀਆਲੋਜੀਕਲ ਪਾਣੀ ਪਰਖ ਕਿੱਟ ਤਕਨੀਕ | 1 |
| ਪੀਏਯੂ ਪੰਜਾਬੀ ਮਿਕਸਡ ਤੜਕਾ ਤਕਨੀਕ | 1 |
| ਪੀਏਯੂ ਕੁਇਨੋਆ ਬਾਰਜ਼ ਤਕਨੀਕ | 1 |
| ਕਾਲੇ ਰੰਗੀਆਂ ਗਾਜਰਾਂ ਤੋਂ ਪ੍ਰੋਬਾਇਓਟਿਕ ਪੇਅ ਪਦਾਰਥ | 1 |
| ਫ਼ਲਾਂ ਅਤੇ ਸਬਜ਼ੀਆਂ ਦੇ ਰਸ ਤੋਂ ਖਮੀਰਿਆ ਪੇਅ ਪਦਾਰਥ | 1 |
| ਕੁੱਲ | 136 |

# ਸਿੱਖਿਆ

ਯੂਨੀਵਰਸਿਟੀ ਦੇ ਅਕਾਦਮਿਕ ਪ੍ਰੋਗਰਾਮ ਇਸਦੇ ਲੁਧਿਆਣਾ ਵਿਖੇ ਸਥਿਤ ਚਾਰ ਕਾਲਜਾਂ; ਖੇਤੀਬਾੜੀ ਕਾਲਜ, ਖੇਤੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ, ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ, ਹੋਮ ਸਾਇੰਸ ਕਾਲਜ ਅਤੇ ਗੁਰਦਾਸਪੁਰ ਅਤੇ ਬਠਿੰਡਾ ਵਿਖੇ ਸਥਿਤ ਦੋ ਖੇਤੀਬਾੜੀ ਇੰਸਟੀਚਿਊਟਾਂ ਰਾਹੀਂ ਚਲਾਏ ਜਾਂਦੇ ਹਨ ।

## ਦਾਖਲੇ

ਸਾਲ 2017-18 ਦੌਰਾਨ ਯੂਨੀਵਰਸਿਟੀ ਵੱਲੋਂ 9 ਅੰਡਰਗ੍ਰੈਜੂਏਟ, 44 ਮਾਸਟਰਜ਼, 29 ਡਾਕਟਰੇਟ ਅਤੇ 2 ਡਿਪਲੋਮਾ ਪ੍ਰੋਗਰਾਮਾਂ ਵਿੱਚ ਸਿੱਖਿਆ ਮੁਹਈਆ ਕੀਤੀ ਗਈ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

| ਪ੍ਰੋਗਰਾਮ | ਸੀਟਾਂ ਦੀ ਗਿਣਤੀ | | ਦਾਖਲ ਹੋਏ ਵਿਦਿਆਰਥੀਆਂ ਦੀ ਗਿਣਤੀ | ਪਾਸ ਹੋਏ ਵਿਦਿਆਰਥੀਆਂ ਦੀ ਗਿਣਤੀ |
|---|---|---|---|---|
| ਕਲਾਸ/ਪ੍ਰੋਗਰਾਮ | ਜਨਰਲ ਅਤੇ ਰਾਖਵੀਆਂ/ਵਾਧੂ | ਆਈ ਸੀ ਏ ਆਰ | | |
| **ਅੰਡਰਗਰੈਜੂਏਟ** | | | | |
| ਬੀ ਐੱਸ ਸੀ (ਆਨਰਜ਼) ਐਗਰੀਕਲਚਰ-4 ਸਾਲ | 84 | 14 | 98 | 37 |
| ਬੀ ਟੈੱਕ (ਬਾਇਓਤਕਨਾਲੋਜੀ)-4 ਸਾਲ | 62 | - | 62 | 36 |
| ਬੀ ਟੈੱਕ ਫੂਡ ਟੈੱਕ-4 ਸਾਲ | 63 | - | 63 | 26 |
| ਬੀ ਟੈੱਕ ਐਗ੍ਰੀ ਇੰਜ:-4 ਸਾਲ | 74 | 12 | 86 | 23 |
| ਬੀ ਐੱਸ ਸੀ (ਆਨਰਜ਼) ਕਮਿਊਨਟੀ ਸਾਇੰਸ-4 ਸਾਲ | 53 | 9 | 41 | 20 |
| ਬੀ ਐਸ ਸੀ (ਆਨਰਜ਼) ਨਿਊਟ੍ਰੀਸ਼ਨ ਐਂਡ ਡਾਇਟਿਟਿਕਸ-4 ਸਾਲ | 63 | - | 63 | 6 |
| ਬੀ ਐੱਸ ਸੀ (ਆਨਰਜ਼) ਫੈਸ਼ਨ ਡਿਜ਼ਾਇਨਿੰਗ-6 ਸਾਲ | - | - | - | 1 |
| ਬੀ ਐੱਸ ਸੀ ਐਗਰੀਕਲਚਰ (ਆਨਰਜ਼)-6 ਸਾਲ (2+4) ਇੰਸਟੀਚਿਊਟ ਆਫ ਐਗਰੀਕਲਚਰ, ਬਠਿੰਡਾ ਅਤੇ ਗੁਰਦਾਸਪੁਰ) | 127 | - | 127 | - |
| ਬੀ ਐਸ ਸੀ (ਆਨਰਜ਼) ਐਗਰੀਕਲਚਰ-6 ਸਾਲ, ਲੁਧਿਆਣਾ ਵਿਖੇ | - | - | - | 62 |
| **ਪੋਸਟ ਗਰੈਜੂਏਟ** | | | | |
| ਐਮ ਐਸ ਸੀ ਐਗਰੀਕਲਚਰ | 170 | 33 | 188 | 131 |
| ਐਮ ਐਸ ਸੀ ਹੋਮ ਸਾਇੰਸ | 59 | 10 | 23 | 49 |
| ਐਮ ਐਸ ਸੀ ਬੇਸਿਕ ਸਾਇੰਸਜ਼ | 140 | 25 | 124 | 98 |
| 5-ਸਾਲ ਇੰਟੈਗ੍ਰੇਟਿਡ ਐਮ ਐਸ ਸੀ (ਆਨਰਜ਼) | 80 | - | 76 | 42 |
| ਐਮ. ਟੈੱਕ ਰਿਮੋਟ ਸੈਸਿੰਗ ਐਂਡ ਜੀਓਗ੍ਰਾਫਿਕ ਇੰਨਫਰਮੇਸ਼ਨ ਸਿਸਟਮ (ਜੀ ਆਈ ਐਸ) ਅਤੇ ਮਾਸਟਰ ਇਨ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ (ਐੱਮ ਜੇ ਐੱਸ ਸੀ) | 66 | 7 | 24 | 29 |
| ਐਮ ਬੀ ਏ | 50 | - | 38 | 38 |
| ਐਮ ਬੀ ਏ (ਐਗ੍ਰੀਬਿਜ਼ਨੈੱਸ) | 30 | 10 | 20 | - |
| ਐਮ ਸੀ ਏ 3 ਸਾਲ ਅਤੇ ਐਸ ਸੀ ਏ (ਲੇਟਰਲ ਐਂਟਰੀ) 2 ਸਾਲ | 60 | - | 28 | 17 |
| ਪੀ ਐੱਚ ਡੀ | 98 | 27 | 111 | 93 |
| **ਡਿਪਲੋਮਾ** | | | | |
| ਹਾਈਬ੍ਰਿਡ ਬੀਜ ਉਤਪਾਦਨ ਤਕਨੀਕ ਵਿੱਚ ਡਿਪਲੋਮਾ ਕੋਰਸ (ਦੋ ਸਮੈਸਟਰ) | 40 | - | 10 | - |
| ਖੇਤੀਬਾੜੀ ਵਿੱਚ ਡਿਪਲੋਮਾ - 2 ਸਾਲ | 30 | - | 30 | - |

## ਪ੍ਰੀਖਿਆ ਸੈੱਲ

ਪ੍ਰੀਖਿਆ ਸੈੱਲ ਵੱਲੋਂ ਪੀਏਯੂ ਦੇ ਵੱਖੋ-ਵੱਖ ਅਕਾਦਮਿਕ ਪ੍ਰੋਗਰਾਮਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀਆਂ ਪ੍ਰਵੇਸ਼ ਪ੍ਰੀਖਿਆਵਾਂ ਲਈਆਂ ਗਈਆਂ । ਇਨ੍ਹਾਂ ਤੋਂ ਇਲਾਵਾ ਸੈੱਲ ਵੱਲੋਂ ਪ੍ਰਤੀਯੋਗੀ ਪ੍ਰੀਖਿਆਵਾਂ, ਭਰਤੀ ਪ੍ਰੀਖਿਆਵਾਂ ਅਤੇ ਹਾਇਰ ਸਟੈਂਡਰਡ ਵਿਭਾਗੀ ਪ੍ਰੀਖਿਆਵਾਂ ਲਈਆਂ ਗਈਆਂ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ :

### ਪ੍ਰਵੇਸ਼ ਪ੍ਰੀਖਿਆਵਾਂ (ਅਕਾਦਮਿਕ)

- ਬੀ ਐੱਸ ਸੀ ਆਨਰਜ਼ (ਐਗਰੀਕਲਚਰ)-4 ਸਾਲ, ਬੀ ਟੈੱਕ (ਬਾਇਓਤਕਨਾਲੋਜੀ)-4 ਸਾਲ, ਬੀ ਟੈੱਕ ਫੂਡ ਟੈੱਕ-4 ਸਾਲ, ਬੀ ਐੱਸ ਸੀ (ਆਨਰਜ਼) ਕਮਿਊਨਟੀ ਸਾਇੰਸ-4 ਸਾਲ, ਬੀ ਐੱਸ ਸੀ (ਆਨਰਜ਼) ਨਿਊਟ੍ਰੀਸ਼ਨ ਐਂਡ ਡਾਇਟਿਟਿਕਸ-4 ਸਾਲ ਅਤੇ 5 ਸਾਲ ਦੀ ਇੰਟੈਗ੍ਰੇਟਿਡ ਐਮ ਐਸ ਸੀ (ਆਨਰਜ਼) ਪ੍ਰੋਗਰਾਮਾਂ ਵਿੱਚ ਦਾਖਲੇ ਲਈ ਕਾਮਨ ਐਂਟਰੈਂਸ ਟੈਸਟ (ਸੀ ਈ ਟੀ) ਜੂਨ 2018 ਵਿੱਚ ਕਰਵਾਇਆ ਗਿਆ, ਜਿਸ ਵਿੱਚ 3530 ਉਮੀਦਵਾਰਾਂ ਨੇ ਅਪਲਾਈ ਕੀਤਾ । ਬੀ ਐੱਸ ਸੀ ਆਨਰਜ਼ (ਐਗਰੀਕਲਚਰ)-6 ਸਾਲ ਪ੍ਰੋਗਰਾਮ ਲਈ ਪ੍ਰਵੇਸ਼ ਪ੍ਰੀਖਿਆ ਜੂਨ 2018 ਵਿੱਚ ਕਰਵਾਈ ਗਈ, ਜਿਸ ਵਿੱਚ 832 ਉਮੀਦਵਾਰਾਂ ਨੇ ਅਪਲਾਈ ਕੀਤਾ ।
- ਐੱਮ ਐੱਸ ਸੀ/ਐੱਮ ਬੀ ਏ/ਐੱਮ ਬੀ ਏ (ਏ ਬੀ)/ਐੱਮ ਜੇ ਐਮ ਸੀ/ਐਮ ਟੈੱਕ ਪ੍ਰੋਗਰਾਮਾਂ ਲਈ 10 ਮਾਸਟਰ'ਜ਼ ਐਟਰੈਂਸ ਟੈਸਟ (ਐਮ ਈ ਟੀ) ਜੂਨ-ਜੁਲਾਈ 2018 ਦੌਰਾਨ ਲਏ ਗਏ, ਜਿਨ੍ਹਾਂ ਵਿੱਚ 1108 ਉਮੀਦਵਾਰਾਂ ਨੇ ਅਪਲਾਈ ਕੀਤਾ ।
- 29 ਪੀ ਐੱਚ ਡੀ ਪ੍ਰੋਗਰਾਮਾਂ ਵਿੱਚ ਦਾਖਲਿਆਂ ਲਈ ਪ੍ਰਵੇਸ਼ ਪ੍ਰੀਖਿਆਵਾਂ ਨਵੰਬਰ-ਦਸੰਬਰ 2017 ਦੌਰਾਨ ਕਰਵਾਈਆਂ ਗਈਆਂ ।

### ਭਰਤੀ ਪ੍ਰੀਖਿਆਵਾਂ/ਪ੍ਰਤੀਯੋਗੀ ਪ੍ਰੀਖਿਆਵਾਂ

ਪ੍ਰੀਖਿਆ ਸੈੱਲ ਵੱਲੋਂ

- ਕ੍ਰਿਸ਼ੀ ਵਿਗਿਆਨ ਕੇਂਦਰਾਂ ਲਈ ਟਰੈਕਟਰ ਡਰਾਇਵਰਾਂ, ਡਰਾਇਵਰਾਂ (ਐੱਸ ਸੀ ਸ਼੍ਰੇਣੀ) ਅਤੇ ਜੀਪ/ਕਾਰ ਡਰਾਇਵਰਾਂ (ਐੱਸ ਸੀ ਸ਼੍ਰੇਣੀ) ਦੀਆਂ ਅਸਾਮੀਆਂ ਦੀ ਭਰਤੀ ਲਈ ਅਗਸਤ 2017 ਵਿੱਚ ਲਿਖਤੀ ਪ੍ਰੀਖਿਆਵਾਂ ਲਈਆਂ ਗਈਆਂ ।
- ਕਲਰਕਾਂ ਦੀਆਂ ਅਸਾਮੀਆਂ (ਐਸ ਸੀ/ਬੀ ਸੀ/ਪੀ ਐੱਚ ਸ਼੍ਰੇਣੀਆਂ) ਦੀ ਭਰਤੀ ਲਈ ਲਿਖਤੀ ਪ੍ਰੀਖਿਆ ਸਤੰਬਰ 2017 ਵਿੱਚ ਲਈ ਗਈ, ਜਿਸ ਵਿੱਚ 800 ਉਮੀਦਵਾਰਾਂ ਨੇ ਹਿੱਸਾ ਲਿਆ ਅਤੇ ਅੰਗਰੇਜੀ ਅਤੇ ਪੰਜਾਬੀ ਵਿੱਚ ਟਾਇਪ ਰਾਈਟਿੰਗ ਦੀ ਪ੍ਰੀਖਿਆ ਅਕਤੂਬਰ 2017 ਵਿੱਚ ਲਈ ਗਈ।
- ਤਰਸ ਦੇ ਅਧਾਰ ਤੇ ਕਲਰਕ ਦੀ ਅਸਾਮੀ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਸਤੰਬਰ 2017 ਅਤੇ ਮਾਰਚ 2018 ਵਿੱਚ ਲਈ ਗਈ ।
- ਸਬਆਰਡੀਨੇਟ ਸਰਵਸਿਜ਼ ਸਿਲੈਕਸ਼ਨ ਬੋਰਡ ਮੋਹਾਲੀ ਦੀ ਤਰਫੋਂ ਉਪ ਵੈਦਾਂ ਦੀਆਂ ਅਸਾਮੀਆਂ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਨਵੰਬਰ 2018 ਵਿੱਚ ਲਈ ਗਈ, ਜਿਸ ਵਿੱਚ 2684 ਉਮੀਦਵਾਰਾਂ ਨੇ ਹਿੱਸਾ ਲਿਆ ।
- ਸਟੈਨੋਗ੍ਰਾਫਰ (ਗਰੇਡ-III) ਦੀ ਅਸਾਮੀ ਦੀ ਭਰਤੀ ਲਈ ਅੰਗਰੇਜ਼ੀ ਭਾਸ਼ਾ ਵਿੱਚ ਸ਼ਾਰਟਹੈਂਡ ਡਿਕਟੇਸ਼ਨ ਟੈਸਟ ਜਨਵਰੀ 2018 ਵਿੱਚ ਲਿਆ ਗਿਆ, ਜਿਸ ਵਿੱਚ 29 ਉਮੀਦਵਾਰਾਂ ਨੇ ਹਿੱਸਾ ਲਿਆ ।
- ਖੇਤੀਬਾੜੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ ਲਈ ਜਨਰਲ ਅਸਿਸਟੈਂਟ (10 ਉਮੀਦਵਾਰ) ਅਤੇ ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ ਲਈ ਦਫਤਰੀ ਸਹਾਇਕ (146 ਉਮੀਦਵਾਰ) ਦੀਆਂ ਅਸਾਮੀਆਂ ਦੀ ਭਰਤੀ ਲਈ ਲਿਖਤੀ ਪ੍ਰੀਖਿਆਵਾਂ ਮਈ 2018 ਵਿੱਚ ਕਰਵਾਈਆਂ ਗਈਆਂ ।
- ਨੈੱਟਵਰਕਿੰਗ-ਕਮ-ਪ੍ਰੋਗਰਾਮ ਸਹਾਇਕ (ਐੱਸ ਸੀ ਸ਼੍ਰੇਣੀ) ਦੀ ਅਸਾਮੀ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਮਈ 2018 ਵਿੱਚ ਲਈ ਗਈ ।
- ਕਲਰਕਾਂ ਦੀਆਂ ਅਸਾਮੀਆਂ ਦੀ ਭਰਤੀ ਲਈ ਲਿਖਤੀ ਪ੍ਰੀਖਿਆ ਮਈ 2018 ਵਿੱਚ ਲਈ ਗਈ, ਜਿਸ ਵਿੱਚ 3235 ਉਮੀਦਵਾਰਾਂ ਨੇ ਹਿੱਸਾ ਲਿਆ ।

### ਹਾਇਰ ਸਟੈਂਡਰਡ ਵਿਭਾਗੀ ਪ੍ਰੀਖਿਆਵਾਂ

– ਪੀਏਯੂ ਕਰਮਚਾਰੀਆਂ ਲਈ ਹਾਇਰ ਸਟੈਂਡਰਡ ਵਿਭਾਗੀ ਪ੍ਰੀਖਿਆ ਦੇ ਛੇ ਪੇਪਰ ਦਸੰਬਰ 2017 ਵਿੱਚ ਲਏ ਗਏ। ਇਨ੍ਹਾਂ ਸਾਰੀਆਂ ਪ੍ਰੀਖਿਆਵਾਂ ਦੇ ਨਤੀਜੇ ਤਿਆਰ ਕਰਕੇ ਰਜਿਸਟਰਾਰ, ਪੀਏਯੂ ਨੂੰ ਸੌਂਪੇ ਗਏ ।

## ਨਵੇਂ ਕੋਰਸ

### ਖੇਤੀਬਾੜੀ ਕਾਲਜ

| ਕੋਰਸ ਦਾ ਨਾਂ | ਕੋਰਸ ਨੰਬਰ | ਕ੍ਰੈਡਿਟ ਆਵਰਜ਼ |
|---|---|---|
| ਫੰਡਾਮੈਂਟਲਜ਼ ਆਫ਼ ਐਗਰੋਨੋਮੀ (ਫ਼ਸਲ ਵਿਗਿਆਨ ਦੇ ਮੂਲ ਸਿਧਾਂਤ) | ਐਗ੍ਰੋਨ. 101 | 3+1 |
| ਪ੍ਰਿੰਸੀਪਲਜ਼ ਆਫ਼ ਐਗਰੋਨੋਮੀ (ਫ਼ਸਲ ਵਿਗਿਆਨ ਦੇ ਸਿਧਾਂਤ) | ਐਗ੍ਰੋਨ. 102 | 1+1 |
| ਕਰਾਪ ਪ੍ਰੋਡਕਸ਼ਨ (ਫ਼ਸਲ ਉਤਪਾਦਨ) ਤਕਨਾਲੋਜੀ | ਐਗ੍ਰੋਨ 103 | 2+1 |

| | | |
|---|---|---|
| ਕਰਾਪ ਪ੍ਰੋਡਕਸ਼ਨ (ਫ਼ਸਲ ਉਤਪਾਦਨ) ਪ੍ਰੈਕਟਸਿਸ | ਐਗ੍ਰੋਨ 105 | 2+1 |
| ਸਾਉਣੀ ਦੀਆਂ ਫ਼ਸਲਾਂ ਲਈ ਉਤਪਾਦਨ ਤਕਨਾਲੋਜੀ | ਐਗ੍ਰੋਨ 201 | 1+1 |
| ਹਾੜ੍ਹੀ ਦੀਆਂ ਫ਼ਸਲਾਂ ਲਈ ਉਤਪਾਦਨ ਤਕਨਾਲੋਜੀ | ਐਗ੍ਰੋਨ 202 | 1+1 |
| ਫਾਰਮਿੰਗ ਸਿਸਟਮ (ਖੇਤੀ ਪ੍ਰਣਾਲੀ) ਅਤੇ ਖੇਤੀ ਨਿਰੰਤਰਤਾ | ਐਗ੍ਰੋਨ 203 | 1+0 |
| ਕੀਟ ਵਿਗਿਆਨਕ ਖੋਜ ਵਿੱਚ ਮੋਲੀਕਿਊਲਰ ਪਹੁੰਚ ਵਿਧੀਆਂ | ਐਂਟ.611 | 2+0 |
| ਸਜਾਵਟੀ ਫ਼ਸਲਾਂ ਅਤੇ ਲੈਂਡਸਕੇਪਿੰਗ ਲਈ ਉਤਪਾਦਨ ਤਕਨਾਲੋਜੀ | ਫਲੋਰੀ. 202 | 1+1 |
| ਐਗ੍ਰੀਕਲਚਰਲ ਹੈਰੀਟੇਜ | ਐਕਸਟ. 101 | 1+0 |
| ਖੇਤੀ ਪਸਾਰ ਸਿੱਖਿਆ ਦੇ ਮੂਲ ਸਿਧਾਂਤ | ਐਕਸਟ. 201 | 2+1 |
| ਬਾਗਬਾਨੀ ਫ਼ਸਲਾਂ ਦੀ ਉਤਪਾਦਨ ਤਕਨਾਲੋਜੀ | ਹੋਰਟ. 201 | 2+1 |
| ਫ਼ਲਾਂ ਅਤੇ ਪਲਾਂਟੇਸ਼ਨ ਫ਼ਸਲਾਂ ਦੀ ਉਤਪਾਦਨ ਤਕਨਾਲੋਜੀ | ਹੋਰਟ. 202 | 1+1 |
| ਬਾਗਬਾਨੀ ਫ਼ਸਲਾਂ ਅਤੇ ਪੌਦ ਸੁਰੱਖਿਆ ਦੇ ਸਿਧਾਂਤ | ਹੋਰਟ. 203 | 1+1 |
| ਸੰਯੁਕਤ ਕੀਟ ਅਤੇ ਰੋਗ ਪ੍ਰਬੰਧਣ ਦੇ ਸਿਧਾਂਤ | ਐਂਟ-ਪਲਾਂ. ਪੈਥ 202 | 2+1 |
| ਫ਼ਸਲ ਸੁਰੱਖਿਆ ਦੇ ਮੂਲ ਸਿਧਾਂਤ | ਐਂਟ-ਪਲਾਂ. ਪੈਥ 203 | 2+1 |
| ਖੇਤ ਅਤੇ ਬਾਗਬਾਨੀ ਫ਼ਸਲਾ ਦੀਆਂ ਬਿਮਾਰੀਆਂ ਅਤੇ ਉਨ੍ਹਾਂ ਦੀ ਰੋਕਥਾਮ-I | ਪਲਾਂ ਪੈਥ 301 | 2+1 |
| ਖੇਤ ਅਤੇ ਬਾਗਬਾਨੀ ਫ਼ਸਲਾਂ ਦੀਆਂ ਬਿਮਾਰੀਆਂ ਅਤੇ ਉਨ੍ਹਾਂ ਦੀ ਰੋਕਥਾਮ-II | ਪਲਾਂ ਪੈਥ 301 | 2+1 |
| ਭੋਜਨ ਵਿਗਿਆਨ ਅਤੇ ਪ੍ਰੋਸੈਸਿੰਗ | ਐੱਫ ਟੀ 101 | 2 (1+1) |
| ਮੈਕਰੋ ਸੰਘਟਕ ਦੀ ਫੂਡ ਕਮਿਸਟਰੀ | ਐੱਫ ਟੀ 102 | 3 (2+1) |
| ਫੂਡ ਪ੍ਰੋਸੈਸਿੰਗ ਦੇ ਮੂਲ ਸਿਧਾਂਤ | ਐੱਫ ਟੀ 201 | 2 (1+1) |
| ਤਰਲ ਦੁੱਧ ਦੀ ਪ੍ਰੋਸੈਸਿੰਗ ਤਕਨੀਕ | ਐੱਫ ਟੀ 202 | 2 (1+1) |
| ਭੋਜਨ ਸੰਯੋਜਕ ਅਤੇ ਸੁਰੱਖਿਆਤਮਕ ਪਦਾਰਥ | ਐੱਫ ਟੀ 203 | 2 (1+1) |
| ਮਾਈਕ੍ਰੋ ਸੰਘਟਕਾਂ ਦੀ ਫੂਡ ਕਮਿਸਟ੍ਰੀ | ਐੱਫ ਟੀ 204 | 3 (2+1) |
| ਮੀਟ ਅਤੇ ਪੋਲਟਰੀ ਉਤਪਾਦਾਂ ਦੀ ਪ੍ਰੋਸੈਸਿੰਗ ਤਕਨੀਕ | ਐੱਫ ਟੀ 205 | 3 (2+1) |
| ਬੇਕਰੀ, ਕੰਨਫੈਕਸ਼ਨਰੀ ਅਤੇ ਸਨੈਕ ਫੂਡਜ਼ ਦੀ ਤਕਨੀਕ | ਐੱਫ ਟੀ 206 | 3 (2+1) |
| ਫਲੀਦਾਰ ਅਤੇ ਤੇਲ ਬੀਜਾਂ ਦੀ ਪ੍ਰੋਸੈਸਿੰਗ ਤਕਨੀਕ | ਐੱਫ ਟੀ 207 | 3 (2+1) |
| ਮਸਾਲਿਆਂ ਅਤੇ ਪਲਾਂਟੇਸ਼ਨ ਫ਼ਸਲਾਂ ਦੀ ਪ੍ਰੋਸੈਸਿੰਗ ਤਕਨੀਕ | ਐੱਫ ਟੀ 208 | 2 (1+1) |
| ਫ਼ਲਾਂ ਅਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਤਕਨੀਕ | ਐੱਫ ਟੀ 301 | 3 (2+1) |
| ਅਨਾਜ ਦੀ ਪ੍ਰੋਸੈਸਿੰਗ ਤਕਨੀਕ | ਐੱਫ ਟੀ 302 | 3 (2+1) |
| ਡੇਅਰੀ ਉਤਪਾਦਾਂ ਦੀ ਪ੍ਰੋਸੈਸਿੰਗ ਤਕਨੀਕ | ਐੱਫ ਟੀ 303 | 3 (2+1) |
| ਭੋਜਨ ਉਤਪਾਦਾਂ ਦਾ ਸੰਵੇਦੀ ਮੁਲਾਂਕਣ | ਐੱਫ ਟੀ 304 | 3 (2+1) |
| ਭੋਜਨ ਵਿਸਲੇਸ਼ਣ ਵਿੱਚ ਸਹਾਇਕ ਤਕਨੀਕਾਂ | ਐੱਫ ਟੀ 305 | 3 (1+2) |

| | | |
|---|---|---|
| ਫੂਡ ਪਲਾਂਟ ਸੈਨੀਟੇਸ਼ਨ | ਐੱਫ ਟੀ 306 | 2 (1+1) |
| ਮੱਛੀ ਅਤੇ ਜਲ ਜੀਵ ਉਤਪਾਦਾਂ ਦੀ ਪ੍ਰੋਸੈਸਿੰਗ ਤਕਨੀਕ | ਐੱਫ ਟੀ 307 | 2 (1+1) |
| ਪੇਅ ਪਦਾਰਥਾਂ ਦੀ ਪ੍ਰੋਸੈਸਿੰਗ ਤਕਨੀਕ | ਐੱਫ ਟੀ 308 | 3 (2+1) |
| ਭੋਜਨ ਦੀ ਗੁਣਵਤਾ, ਸੁਰੱਖਿਆ ਮਿਆਰ ਅਤੇ ਪ੍ਰਮਾਣੀਕਰਨ | ਐੱਫ ਟੀ 309 | 2 (2+0) |
| ਭੋਜਨ ਦੀ ਪੈਕੇਜਿੰਗ ਤਕਨੀਕ ਅਤੇ ਸਾਜ਼ੋ ਸਮਾਨ | ਐੱਫ ਟੀ 310 | 3 (2+1) |
| ਭੋਜਨ ਵਿਗਿਆਨ ਅਤੇ ਪੌਸ਼ਟਿਕਤਾ ਦੇ ਸਿਧਾਂਤ | ਐੱਫ ਟੀ 311/313 | 2 (2+0) |
| ਭੋਜਨ ਸੁਰੱਖਿਆ ਅਤੇ ਮਿਆਰ | ਐੱਫ ਟੀ 312/314 | 3 (2+1) |
| ਉੱਦਮਸ਼ੀਲਤਾ ਦਾ ਵਿਕਾਸ | *ਐੱਫ ਟੀ 491 | 3 (2+1) |
| ਸਟੂਡੈਂਟ ਰੈਡੀ-ਤਜ਼ਰਬਾਗਤ ਸਿਖਲਾਈ ਪ੍ਰੋਗਰਾਮ-I | ਐੱਫ ਟੀ 493 | 7 (0+7) |
| ਸਟੂਡੈਂਟ ਰੈਡੀ-ਤਜ਼ਰਬਾਗਤ ਸਿਖਲਾਈ ਪ੍ਰੋਗਰਾਮ-II | ਐੱਫ ਟੀ 494 | 7 (0+7) |
| ਸਟੂਡੈਂਟ ਰੈਡੀ-ਖੋਜ ਪ੍ਰੋਜੈਕਟ | ਐੱਫ ਟੀ 495 | 3 (0+3) |
| ਸਟੂਡੈਂਟ ਰੈਡੀ-ਸੈਮੀਨਾਰ | ਐੱਫ ਟੀ 496 | 1 (0+1) |
| ਸਟੂਡੈਂਟ ਰੈਡੀ-ਉਦਯੋਗਿਕ ਟੂਰ | ਐੱਫ ਟੀ 497 | 2 (0+2) |
| ਸਟੂਡੈਂਟ ਰੈਡੀ-ਇਨ ਪਲਾਂਟ ਟ੍ਰੇਨਿੰਗ | ਐੱਫ ਟੀ 498 | 20 (0+20) |
| ਸਬਜ਼ੀਆਂ ਅਤੇ ਮਸਾਲਿਆਂ ਲਈ ਉਤਪਾਦਨ ਤਕਨੀਕ | ਵੈੱਜ 202 | 1+1 |
| ਵੈਜੀਟੇਬਲ ਬਰੀਡਿੰਗ | ਵੈੱਜ 301 | 2+1 |
| ਸੁਰੱਖਿਅਤ ਕਾਸ਼ਤਕਾਰੀ | ਵੈੱਜ 302 | 1+1 |

## ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ

| ਕੋਰਸ ਦਾ ਨਾਂ | ਕੋਰਸ ਨੰਬਰ | ਕ੍ਰੈਡਿਟ ਆਵਰਜ਼ |
|---|---|---|
| ਇਮਾਰਤ ਉਸਾਰੀ ਅਤੇ ਲਾਗਤ ਦਾ ਅਨੁਮਾਨ | ਸੀ ਈ 306 | 2+0 |
| ਸਰੰਚਨਾਵਾਂ ਦਾ ਡਿਜ਼ਾਇਨ | ਸੀ ਈ 307 | 2+1 |
| ਫੂਡ ਪ੍ਰੋਸੈਸਿੰਗ ਦੇ ਯੂਨਿਟ ਓਪਰੇਸ਼ਨਜ਼-II | ਪੀ ਐੱਫ ਈ 202 | 3 (2+1) |
| ਫੂਡ ਰੈਫ੍ਰੀਜੀਰੇਸ਼ਨ ਅਤੇ ਕੋਲਡ ਚੇਨ | ਪੀ ਐੱਫ ਈ 203 | 3 (2+1) |
| ਖੇਤੀ ਉਤਪਾਦ ਦੀਆਂ ਇੰਜਨੀਅਰਿੰਗ ਵਿਸ਼ੇਸ਼ਤਾਵਾਂ | ਪੀ ਐੱਫ ਈ 204 | 3 (2+1) |
| ਫੂਡ ਪ੍ਰੋਸੈਸ ਇਕਿਉਪਮੈਂਟ ਡਿਜ਼ਾਇਨ | ਪੀ ਐੱਫ ਈ 301 | 3 (2+1) |
| ਫੂਡ ਸਟੋਰੇਜ ਇੰਜਨੀਅਰਿੰਗ | ਪੀ ਐੱਫ ਈ 302 | 3 (2+1) |
| ਸੁਰੱਖਿਅਤ ਕਾਸ਼ਤਕਾਰੀ ਅਤੇ ਦੁਜੈਲੀ ਖੇਤੀ | ਪੀ ਐੱਫ ਈ 303 | 2 (1+1) |
| ਖੇਤੀਬਾੜੀ ਸਰੰਚਨਾਵਾਂ ਅਤੇ ਵਾਤਾਵਰਣਕ ਨਿਯੰਤ੍ਰਣ | ਪੀ ਐੱਫ ਈ 304 | 3(2+1) |
| ਅਨਾਜਾਂ, ਦਾਲਾਂ ਅਤੇ ਤੇਲਬੀਜਾਂ ਦੀ ਕਟਾਈ ਉਪਰੰਤ ਇੰਜਨੀਅਰਿੰਗ | ਪੀ ਐੱਫ ਈ 305 | 3 (2+1) |

| | | |
|---|---|---|
| ਬਾਗਬਾਨੀ ਫ਼ਸਲਾਂ ਦੀ ਕਟਾਈ ਉਪਰੰਤ ਇੰਜਨੀਅਰਿੰਗ | ਪੀ ਐੱਫ ਈ 306 | 3 (2+1) |
| ਡੇਅਰੀ ਅਤੇ ਫੂਡ ਇੰਜਨੀਅਰਿੰਗ | ਪੀ ਐੱਫ ਈ 307 | 3 (2+1) |
| ਪ੍ਰੋਸੈਸ ਕੀਤੇ ਉਤਪਾਦ ਵਿਕਸਿਤ ਕਰਨਾ | ਪੀ ਐੱਫ ਈ 401 | 3 (2+1) |
| ਭੋਜਨ ਗੁਣਵਤਾ ਅਤੇ ਨਿਯੰਤ੍ਰਣ | ਪੀ ਐੱਫ ਈ 402 | 3 (2+1) |
| ਪ੍ਰੋਸੈਸ ਇਕਿਉਪਮੈਂਟ ਡਿਜ਼ਾਈਨ | ਪੀ ਐੱਫ ਈ 403 | 3 (2+1) |
| ਫੂਡ ਪਲਾਂਟ ਡਿਜ਼ਾਈਨ ਐਂਡ ਮੈਨਜਮੈਂਟ | ਪੀ ਐੱਫ ਈ 404 | 3 (2+1) |
| ਫੂਡ ਪੈਕੇਜਿੰਗ ਤਕਨਾਲੋਜੀ | ਪੀ ਐੱਫ ਈ 405 | 3 (2+1) |
| ਰਹਿੰਦ ਖੂੰਹਦ ਅਤੇ ਗੌਣ-ਉਪਜ ਦੀ ਵਰਤੋਂ | ਪੀ ਐੱਫ ਈ 406 | 3 (2+1) |
| ਫਾਰਮ ਮਸ਼ੀਨਰੀ ਅਤੇ ਪਾਵਰ | ਐਫ ਐਮ ਪੀ 102 | 1+1 |
| ਫਾਰਮ ਮਸ਼ੀਨਰੀ ਅਤੇ ਇਕਿਉਪਮੈਂਟ-I | ਐਫ ਐਮ ਪੀ 203 | 2+1 |
| ਟਰੈਕਟਰ ਅਤੇ ਆਟੋਮੋਟਿਵ ਇੰਜਨਜ਼ | ਐਫ ਐਮ ਪੀ 302 | 2+1 |
| ਫਾਰਮ ਮਸ਼ੀਨਰੀ ਅਤੇ ਇਕਿਉਪਮੈਂਟ-II | ਐਫ ਐਮ ਪੀ 306 | 2+1 |
| ਟਰੈਕਟਰ ਸਿਸਟਮਜ਼ ਅਤੇ ਕੰਟਰੋਲਜ਼ | ਐਫ ਐਮ ਪੀ 307 | 2+1 |
| ਟਰੈਕਟਰ ਅਤੇ ਫਾਰਮ ਮਸ਼ੀਨਰੀ ਮੈਂਟੀਨੈਂਸ | ਐਫ ਐਮ ਪੀ 311 | 0+1 |
| ਟਰੈਕਟਰ ਡਿਜ਼ਾਈਨ ਅਤੇ ਟੈਸਟਿੰਗ | ਐਫ ਐਮ ਪੀ 411 | 2+1 |
| ਫਾਰਮ ਮਸ਼ੀਨਰੀ ਡਿਜ਼ਾਇਨ ਅਤੇ ਉਤਪਾਦਨ | ਐਫ ਐਮ ਪੀ 412 | 2+1 |
| ਟਿੱਲੇਜ ਅਤੇ ਟ੍ਰੈਕਸ਼ਨ ਦੀ ਮਿਕੈਨਿਕਸ | ਐਫ ਐਮ ਪੀ 413 | 2+1 |
| ਇਰਗੋਨਾਮਿਕਸ ਅਤੇ ਸੁਰੱਖਿਆ | ਐਫ ਐਮ ਪੀ 414 | 2+1 |
| ਹਾਈਡ੍ਰੋਲਕ ਡਰਾਇਵਜ਼ ਅਤੇ ਕੰਟਰੋਲਜ਼ | ਐਫ ਐਮ ਪੀ 415 | 2+1 |
| ਸੂਖਮ ਖੇਤੀ ਅਤੇ ਸਿਸਟਮ ਮੈਨਜਮੈਂਟ | ਐਫ ਐਮ ਪੀ 416 | 2+1 |
| ਫ਼ਸਲਾਂ ਦੀ ਰਹਿੰਦ ਖੂੰਹਦ ਅਤੇ ਚਾਰੇ ਦੀ ਸਾਂਭ-ਸੰਭਾਲ ਲਈ ਮਸ਼ੀਨਰੀ | ਐਫ ਐਮ ਪੀ 417 | 2+1 |
| ਫਾਰਮ ਪਾਵਰ ਅਤੇ ਮਸ਼ੀਨਰੀ ਮੈਨਜਮੈਂਟ | ਐਫ ਐਮ ਪੀ 418 | 2+1 |
| ਨਵਿਆਉਣਯੋਗ ਊਰਜਾ ਅਤੇ ਗਰੀਨ ਤਕਨਾਲੋਜੀ | ਈ ਐੱਸ ਟੀ 202 | 1+1 |
| ਨਵਿਆਉਣਯੋਗ ਪਾਵਰ ਸਰੋਤ | ਈ ਐੱਸ ਟੀ 301 | 2+1 |
| ਬਾਇਓ ਐਨਰਜੀ ਸਿਸਟਮਜ਼ : ਡਿਜ਼ਾਈਨ ਐਂਡ ਐਪਲੀਕੇਸ਼ਨਜ਼ | ਈ ਐੱਸ ਟੀ 302 | 2+1 |
| ਵੈੱਬ ਡਿਜ਼ਾਇਨਿੰਗ ਅਤੇ ਇੰਟਰਨੈੱਟ ਐਪਲੀਕੇਸ਼ਨਜ਼ | ਸੀ ਐੱਸ ਈ 205 | 1+1 |
| ਆਰਟੀਫਿਸ਼ੀਅਲ ਇੰਟੈਲੀਜੈਂਸ | ਸੀ ਐੱਸ ਈ 402 | 3+0 |
| ਇਲੈਕਟ੍ਰਾਨਿਕਸ ਐਂਡ ਇੰਸਟਰੁਮੈਂਟੇਸ਼ਨ | ਈ ਈ 206 | 2+1 |
| ਭੋਜਨ ਉਦਯੋਗ ਵਿੱਚ ਇੰਟਰੁਮੈਂਟੇਸ਼ਨ ਅਤੇ ਪ੍ਰੋਸੈੱਸ ਕੰਟਰੋਲ | ਈ ਈ 304 | 2+1 |
| ਫਲਿਊਡ ਮਿਕੈਨਿਕਸ ਅਤੇ ਓਪਨ ਚੈਨਲ ਹਾਈਡ੍ਰੋਲਿਕਸ | ਐਮ ਈ 202 | 2+1 |
| ਥਿਊਰੀ ਆਫ਼ ਮਸ਼ੀਨਜ਼ | ਐਮ ਈ 207 | 2+0 |

| | | |
|---|---|---|
| ਮਸ਼ੀਨ ਡਿਜ਼ਾਈਨ | ਐਮ ਈ 302 | 2+0 |
| ਫਲਿਊਡ ਮਿਕੈਨਿਕਸ | ਐਮ ਈ 305 | 2+1 |
| ਮੈਕਾਟ੍ਰੋਨਿਕਜ਼ | ਐਮ ਈ 404 | 2+1 |
| ਭੂਮੀ ਅਤੇ ਪਾਣੀ ਰੱਖ ਰਖਾਅ ਇੰਜਨੀਅਰਿੰਗ | ਐੱਸ ਡਬਲਯੂ ਈ 202 | 3 (2+1) |
| ਸਪਰਿੰਕਲਰ ਅਤੇ ਮਾਈਕ੍ਰੋ ਸਿੰਚਾਈ ਸਿਸਟਮ | ਐੱਸ ਡਬਲਯੂ ਈ 203 | 2 (1+1) |
| ਵਾਟਰ ਹਾਰਵੈਸਟਿੰਗ ਅਤੇ ਸੁਆਇਲ ਕੰਜ਼ਰਵੇਸ਼ਨ ਸਟ੍ਰਕਚਰਜ਼ | ਐੱਸ ਡਬਲਯੂ ਈ 301 | 3 (2+1) |
| ਡ੍ਰੇਨੇਜ ਇੰਜਨੀਅਰਿੰਗ | ਐੱਸ ਡਬਲਯੂ ਈ 302 | 2 (1+1) |
| ਵਾਟਰਸ਼ੈੱਡ ਪਲਾਨਿੰਗ ਐਂਡ ਮੈਨਜਮੈਂਟ | ਐੱਸ ਡਬਲਯੂ ਈ 303 | 3 (2+1) |
| ਗਰਾਊਂਡ ਵਾਟਰ ਵੈੱਲਜ਼ ਐਂਡ ਪੰਪਜ਼ | ਐੱਸ ਡਬਲਯੂ ਈ 304 | 3 (2+1) |
| ਹੜ੍ਹ ਅਤੇ ਕੰਟਰੋਲ ਮਾਪਦੰਡ | ਐੱਸ ਡਬਲਯੂ ਈ 401 | 3 (2+1) |
| ਵੇਸਟਲੈਂਡ ਡਿਵੈਲਪਮੈਂਟ | ਐੱਸ ਡਬਲਯੂ ਈ 402 | 3 (2+1) |
| ਭੂਮੀ ਅਤੇ ਪਾਣੀ ਦੀ ਸਾਂਭ-ਸੰਭਾਲ ਲਈ ਸੂਚਨਾ ਤਕਨਾਲੋਜੀ | ਐੱਸ ਡਬਲਯੂ ਈ 403 | 3 (2+1) |
| ਰਿਮੋਟ ਸੈਂਸਿੰਗ ਅਤੇ ਜੀਓਗਰੈਫਿਕ ਸੂਚਨਾ ਸਿਸਟਮ | ਐੱਸ ਡਬਲਯੂ ਈ 404 | 3 (2+1) |
| ਨਹਿਰੀ ਸਿੰਚਾਈ ਪ੍ਰਣਾਲੀ ਦਾ ਡਿਜ਼ਾਈਨ ਅਤੇ ਮੈਨੇਜਮੈਂਟ | ਐੱਸ ਡਬਲਯੂ ਈ 405 | 3 (2+1) |
| ਲਘੂ ਸਿੰਚਾਈ ਅਤੇ ਕਮਾਂਡ ਏਰੀਆ ਵਿਕਾਸ | ਐੱਸ ਡਬਲਯੂ ਈ 406 | 3 (2+1) |
| ਸੁਰੱਖਿਅਤ ਕਾਸ਼ਤਕਾਰੀ ਲਈ ਸੂਖਮ ਖੇਤੀ ਤਕਨੀਕਾਂ | ਐੱਸ ਡਬਲਯੂ ਈ 407 | 3 (2+1) |
| ਪਾਣੀ ਦੀ ਗੁਣਵੱਤਾ ਅਤੇ ਸਾਂਭ-ਸੰਭਾਲ ਮਾਪਦੰਡ | ਐੱਸ ਡਬਲਯੂ ਈ 408 | 3 (2+1) |
| ਲੈਂਡਸਕੇਪ ਸਿੰਚਾਈ ਡਿਜ਼ਾਈਨ ਅਤੇ ਮੈਨੇਜਮੈਂਟ | ਐੱਸ ਡਬਲਯੂ ਈ 409 | 3 (2+1) |
| ਖੇਤੀਬਾੜੀ ਵਿੱਚ ਪਲਾਸਟਿਕ ਐਪਲੀਕੇਸ਼ਨਜ਼ | ਐੱਸ ਡਬਲਯੂ ਈ 410 | 3 (2+1) |
| ਫਲੋਰ (ਫਰਸ਼) ਅਤੇ ਫਲੋਰ (ਫਰਸ਼) ਕਵਰਿੰਗਜ਼ | ਐਫ ਆਰ ਐਮ 303 | 2+1 |

## ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

| ਕੋਰਸ ਦਾ ਨਾਂ | ਕੋਰਸ ਨੰਬਰ | ਕ੍ਰੈਡਿਟ ਆਵਰਜ਼ |
|---|---|---|
| ਅਡਵਾਂਸਡ ਆਰਗੇਨਾਈਜ਼ੇਸ਼ਨ ਸਾਈਕਾਲੋਜੀ | ਮੈਨੇਜ (Mgt.) 618 | 2+0 |
| ਆਰਗੇਨਾਈਜ਼ੇਸ਼ਨਲ ਡਿਵੈਲਪਮੈਂਟ | ਮੈਨੇਜ (Mgt.) 619 | 3+0 |
| ਇੰਟਰਨੈਸ਼ਨਲ ਹਿਊਮੈਨ ਰਿਸੋਰਸ ਮੈਨੇਜਮੈਂਟ | ਮੈਨੇਜ (Mgt.) 620 | 3+0 |
| ਅਡਵਾਂਸਿਸ ਇਨ ਬਿਜ਼ਨੈੱਸ ਐਥਿਕਸ | ਮੈਨੇਜ (Mgt.) 621 | 3+0 |
| ਇੰਟਰੋਡਕਸ਼ਨ ਟੂ ਇੰਟਰਮੀਡੀਅਰੀ ਮੈਟਾਬੋਲਿਜ਼ਮ | ਬਾਇਓਕੈਮ. 209 | 3+0 |
| ਕਲੀਨੀਕਲ ਬਾਇਓਕਮਿਸਟਰੀ | ਬਾਇਓਕੈਮ. 432 | 2+1 |

## ਵਿਦਿਆਰਥੀਆਂ ਦੀਆਂ ਅਕਾਦਮਿਕ ਪ੍ਰਾਪਤੀਆਂ

### ਖੇਤੀਬਾੜੀ ਕਾਲਜ

- ਮਿਜ਼ ਸਿਮਰਨਪ੍ਰੀਤ ਕੌਰ (L-2016-A-50-M) ਨੇ ਫ਼ਲ ਦੀਆਂ ਮੱਖੀਆਂ ਪਾਲਣ ਉੱਤੇ ਖੋਜ ਨੂੰ ਹੋਰ ਅੱਗੇ ਲਿਜਾਣ ਲਈ 1-10 ਅਪ੍ਰੈਲ 2018 ਦੌਰਾਨ ਚਾਈਨਾ ਐਗਰੀਕਲਚਰਲ ਯੂਨੀਵਰਸਿਟੀ, ਬੀਜਿੰਗ, ਚੀਨ ਦਾ ਦੌਰਾ ਕੀਤਾ ।
- ਮਿਜ਼ ਹਿਨਾ (L-2017-A-50-M) ਨੂੰ ਇੰਡੋ-ਯੂ ਐੱਸ ਸਾਇੰਸ ਐਂਡ ਤਕਨਾਲੋਜੀ ਫੋਰਮ (ਆਈ ਯੂ ਐੱਸ ਐੱਸ ਟੀ ਐੱਫ) ਵੱਲੋਂ ਸਕਾਲਰਾਂ ਲਈ ਖੋਰਾਨਾ ਪ੍ਰੋਗਰਾਮ ਤਹਿਤ ਚੁਣਿਆ ਗਿਆ । ਇਸ ਪ੍ਰੋਗਰਾਮ ਦੇ ਤਹਿਤ ਹਿਨਾ ਨੇ 21 ਮਈ ਤੋਂ 31 ਜੁਲਾਈ 2018 ਦੌਰਾਨ ਡਾ. ਜੇਸਨ ਐੱਲ ਰਾਸਗਨ ਦੀ ਕੀਟ ਵਿਗਿਆਨਕ ਲੈਬਾਰਟਰੀ, ਪੈਨਸਿਲਵੇਨੀਆ ਸਟੇਟ ਯੂਨੀਵਰਸਿਟੀ, ਯੂ ਐੱਸ ਏ ਦਾ ਦੌਰਾ ਕੀਤਾ ।
- ਮਿਜ਼ ਰਮਨਦੀਪ ਕੌਰ (L-2016-A-13-M) ਅਤੇ ਮਿਜ਼ ਸਲੋਨੀ (L-2016-A-49-M) ਨੇ ਸਾਲ 2017 ਵਿੱਚ ਬੇਅਰ ਕਰਾਪ ਸਾਇੰਸ ਪ੍ਰਾਈਵੇਟ ਲਿਮਟਿਡ ਤੋਂ ਬੇਅਰ ਕਰਾਪ ਸਾਇੰਸ ਫੈਲੋਸ਼ਿਪ ਹਾਸਲ ਕੀਤਾ ।

## ਪੀ ਏ ਯੂ ਵੱਲੋਂ ਪ੍ਰਦਾਨ ਕੀਤੇ ਪੁਰਸਕਾਰ

- ਮਿਜ਼ ਰਾਜਵਿੰਦਰ ਕੌਰ ਸੰਧੂ (L-2013-A-33-M) ਨੇ ਸਾਲ 2017 ਵਿੱਚ ਡਾ. ਸਰਦਾਰ ਸਿੰਘ ਮੈਡਲ ਹਾਸਲ ਕੀਤਾ।
- ਸ੍ਰੀ ਸੱਜਨ ਗਰੋਵਰ (L-2013-A-35-M) ਨੇ ਸਾਲ 2017 ਵਿੱਚ ਡਾ. ਜੀ ਐੱਸ ਧਾਲੀਵਾਲ ਮੈਡਲ ਹਾਸਲ ਕੀਤਾ ।
- ਸ੍ਰੀ ਮਨਮੋਹਨ ਢੱਕਲ (L-2013-A-93-M) ਨੇ ਸਾਲ 2017 ਵਿੱਚ ਡਾ. ਅਵਤਾਰ ਸਿੰਘ ਅਟਵਾਲ ਗੋਲਡ ਮੈਡਲ ਹਾਸਲ ਕੀਤਾ ।

- ਸ੍ਰੀ ਅੰਕਿਤ ਘੋਰਾਇ (L-2014-A-113-M) ਨੇ ਪੌਦ ਸੁਰੱਖਿਆ ਸੁਸਾਇਟੀ ਵਿੱਚ ਅਡਵਾਂਸਟਮੈਂਟ ਲਈ ਸੰਗਠਨ ਤੋਂ "ਸ਼ਿਸ਼ਿਆ ਸੁਰਖਸ਼ਿਆ ਐਮ ਐਸ ਸੀ ਡਿਜ਼ਰਟੇਸ਼ਨ ਐਵਾਰਡ 2017" ਹਾਸਲ ਕੀਤਾ।
- ਮਿਜ਼ ਜਾਗ੍ਰਿਤੀ ਗੁਪਤਾ (L-2013-A-29-D) ਨੇ 4-5 ਜਨਵਰੀ 2018 ਦੌਰਾਨ ਬਿਧਨ ਚੰਦਰਾ ਕ੍ਰਿਸ਼ੀ ਵਿਸ਼ਵਵਿਦਿਆਲਯ (ਬੀ ਸੀ ਕੇ ਵੀ), ਕਲਿਆਣੀ, ਨਾਡੀਆ, ਪੱਛਮੀ ਬੰਗਾਲ ਵਿਖੇ "ਵਿਸ਼ਵੀ ਪਰਿਪੇਖ ਵਿੱਚ ਫਲੋਰੀਕਲਚਰ ਅਤੇ ਸ਼ਹਿਰੀ ਬਾਗਬਾਨੀ ਉੱਤੇ ਮੌਜੂਦਾ ਖੋਜਾਂ (ਐਨ ਏ ਐਸ ਆਰ ਏ ਐਫ ਯੂ ਐਚ-18)" ਉੱਤੇ ਹੋਏ ਰਾਸ਼ਟਰੀ ਸਿੰਪੋਜ਼ੀਅਮ ਦੌਰਾਨ "ਸਰਵੋਤਮ ਮੌਖਿਕ ਖੋਜ ਪੱਤਰ ਪੁਰਸਕਾਰ" ਹਾਸਲ ਕੀਤਾ ।
- ਸ੍ਰੀ ਐੱਨ ਖੜਕਵਾਲ (L-2015-A-57-M), ਮਿਜ਼ ਏ ਕੌਰ, ਮਿਜ਼ ਜੇ ਕੌਰ ਅਤੇ ਸ੍ਰੀ ਏ ਬੀ ਖਟਕੜ ਨੇ 7-9 ਦਸੰਬਰ 2017 ਦੌਰਾਨ ਵਿਗਿਆਨਕ ਅਤੇ ਉਦਯੋਗਿਕ ਖੋਜ ਪ੍ਰੀਸ਼ਦ (ਸੀ ਐੱਸ ਆਈ ਆਰ)-ਕੈਮੀਕਲ ਤਕਨਾਲੋਜੀ ਦੀ ਭਾਰਤੀ ਸੰਸਥਾ, ਹੈਦਰਾਬਾਦ ਵੱਲੋਂ ਕਰਵਾਈ "26ਵੀਂ ਭੋਜਨ ਵਿਗਿਆਨੀਆਂ ਅਤੇ ਤਕਨਾਲੋਜਿਸਟਾਂ ਦੀ ਕੰਨਵੈਨਸ਼ਨ, ਭੋਜਨ ਅਤੇ ਪੋਸ਼ਣ ਚੁਣੌਤੀਆਂ : ਭੋਜਨ ਵਿਗਿਆਨ ਅਤੇ ਤਕਨਾਲੋਜੀ ਦੀ ਭੂਮਿਕਾ" ਮੌਕੇ "ਸਰਵੋਤਮ ਪੋਸਟਰ ਇਨਾਮ" ਹਾਸਲ ਕੀਤਾ । ਇਨ੍ਹਾਂ ਨੂੰ ਇਹ ਇਨਾਮ ਪੋਸਟਰ ਦੇ ਸਿਰਲੇਖ "ਬੇਕਰੀ ਉਤਪਾਦਾਂ ਵਿੱਚ ਖੰਡ ਦੀ ਥਾਂ ਤੇ ਗੁੜ, ਸ਼ਹਿਦ ਅਤੇ ਸਟੀਵੀਆ ਪਾਊਡਰ ਦਾ ਤਕਨਾਲੋਜੀਕਲ ਮੁਲਾਂਕਣ" ਕਰਕੇ ਹਾਸਲ ਹੋਇਆ ।
- ਸ੍ਰੀ ਮੁਦਾਸਿਰ ਯਾਕੂਬ (L-2015-A-22-D) ਅਤੇ ਡਾ. ਪੂਨਮ ਅਗਰਵਾਲ ਨੇ 9-11 ਮਾਰਚ, 2018 ਦੌਰਾਨ ਬਾਇਓਤਕਨਾਲੌਜੀ ਵਿਭਾਗ, ਮੋਤੀ ਲਾਲ ਨਹਿਰੂ ਨੈਸ਼ਨਲ ਇੰਸਟੀਚਿਊਟ ਆਫ਼ ਤਕਨਾਲੌਜੀ, ਅਲਾਹਾਬਾਦ ਵੱਲੋਂ "ਇਨੋਵੇਸ਼ਨਜ਼ ਐਂਡ ਟ੍ਰਾਂਸਲੇਸ਼ਨਲ ਡਾਇਮੈਂਨਸ਼ਨਜ਼ : ਫੂਡ, ਹੈਲਥ ਐਂਡ ਇਨਵਾਇਰਨਮੈਂਟਲ ਬਾਇਓਤਕਨਾਲੋਜੀ" ਤੇ ਕਰਵਾਈ ਅੰਤਰਰਾਸ਼ਟਰੀ ਕਾਨਫਰੰਸ ਮੌਕੇ "ਸਰਵੋਤਮ ਪੋਸਟਰ ਪੁਰਸਕਾਰ" ਹਾਸਲ ਕੀਤਾ । ਉਨ੍ਹਾਂ ਨੂੰ ਇਹ ਪੁਰਸਕਾਰ ਉਦਯੋਗਿਕ ਸੈਕਸ਼ਨ ਅਧੀਨ ਹਾਸਲ ਹੋਇਆ ਜਿਸਦਾ ਸਿਰਲੇਖ "ਕਿੰਨੂ ਦੇ ਛਿਲਕੇ ਤੋਂ ਬਾਇਓਐਕਟਿਵ ਦੀ ਪਛਾਣ ਅਤੇ ਨਿਕਾਸੀ" ਸੀ ।
- ਸ੍ਰੀ ਪ੍ਰਸ਼ਾਂਤ ਸਾਹਨੀ (L-2016-A-32-D), ਡਾ. ਸਵਿਤਾ ਸ਼ਰਮਾ ਅਤੇ ਡਾ. ਬਲਜੀਤ ਸਿੰਘ ਨੇ 16-17 ਮਾਰਚ 2018 ਨੂੰ ਆਈ ਸੀ ਏ ਆਰ-ਸੀਫੇਟ, ਲੁਧਿਆਣਾ ਵਿਖੇ "ਭੋਜਨ ਪ੍ਰੋਸੈਸਿੰਗ ਖੇਤਰ ਵਿੱਚ ਖੋਜਮਈ ਪਹੁੰਚ ਵਿਧੀਆਂ ਰਾਹੀਂ ਉੱਦਮਸ਼ੀਲਤਾ ਦੇ ਵਿਕਾਸ ਨੂੰ ਹੁਲਾਰਾ ਦੇਣਾ" ਉੱਤੇ ਹੋਈ ਰਾਸ਼ਟਰੀ ਕਾਨਫਰੰਸ ਮੌਕੇ "ਸਰਵੋਤਮ ਪੋਸਟਰ ਪੁਰਸਕਾਰ" ਹਾਸਲ ਕੀਤਾ । ਉਨ੍ਹਾਂ ਦੇ ਪੋਸਟਰ ਦਾ ਸਿਰਲੇਖ "ਬਿਸਕੁਟਾਂ ਵਿੱਚ ਭੋਜਨ ਤੱਤਾਂ ਦੇ ਬਦਲ ਵਜੋਂ ਕਲੋਰੇਲਾ ਐਸ ਪੀ (ਏ ਬੀ ਸੀ ਏ-17) ਦਾ ਚਰਬੀ ਰਹਿਤ ਮਾਈਕ੍ਰੋਅਲਗੇ ਭੋਜਨ ਦਾ ਮੁਲਾਂਕਣ ਅਤੇ ਗੁਣਵਤਾ ਪਰਖ" ਸੀ ।
- ਸ੍ਰੀ ਪਵਨਦੀਪ ਸਿੰਘ (L-2014-A-12-BTFT), ਸ੍ਰੀ ਰੁਪਿੰਦਰ ਸਿੰਘ ਅਤੇ ਡਾ. ਪੂਨਮ ਏ ਸਚਦੇਵ ਨੇ 1-2 ਜੂਨ, 2018 ਦੌਰਾਨ, ਚੌਧਰੀ ਚਰਨ ਸਿੰਘ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ, ਹਰਿਆਣਾ ਵਿਖੇ ਐਗਰੀ ਬਿਜ਼ਨੈੱਸ ਇਨਕੂਬੇਸ਼ਨ ਸੈਂਟਰ ਵੱਲੋਂ ਕਰਵਾਈ ਨੈਸ਼ਨਲ ਸਟਾਰਟ ਅੱਪ ਸੁਮੀਤ ਮੌਕੇ ਖੀਰ ਦੇ ਉਤਪਾਦਨ ਵਿੱਚ ਗੰਨੇ ਦੇ ਰਸ ਦੀ ਵਰਤੋਂ" ਦੇ ਸਟਾਰਟ ਅੱਪ ਆਈਡੀਆ ਨੈਸ਼ਨਲ ਐਵਾਰਡ ਹਾਸਲ ਕੀਤਾ ।

### ਖੇਤੀਬਾੜੀ ਇੰਜੀਨੀਅਰਿੰਗ ਅਤੇ ਤਕਨਾਲੋਜੀ ਕਾਲਜ

- ਯਾਸ਼ੀਮਾ ਜਿੰਦਲ (L-2013-AE-61-BIV) ਨੂੰ ਅਕਾਦਮਿਕਤਾ ਵਿੱਚ ਹੋਣਹਾਰ ਪੇਸ਼ਕਾਰੀ ਦਿਖਾਣ ਵਜੋਂ ਪੀਏਯੂ ਵੱਲੋਂ ਗੋਲਡ ਮੈਡਲ ਪ੍ਰਦਾਨ ਕੀਤਾ ਗਿਆ ।

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

- ਮਿਜ਼ ਜੁਪਿੰਦਰ ਕੌਰ (L-2013-BS-76-D) ਨੂੰ ਪੰਜਾਬ ਸਾਇੰਸ ਅਕਾਦਮੀ ਵੱਲੋਂ "ਯੰਗ ਸਾਇੰਟਿਸਟ ਐਵਾਰਡ" ਹਾਸਲ ਹੋਇਆ।
- ਮਿਜ਼ ਸ਼ੀਨਮ ਸਕਸੈਨਾ (L-2014-ਬੀ ਐੱਸ-278-M) ਨੇ ਐਟੋਮਿਕ ਖੋਜ ਲਈ ਇੰਦਰਾ ਗਾਂਧੀ ਕੇਂਦਰ, ਕਲਪਕਮ, ਤਾਮਿਲਨਾਡੂ ਵੱਲੋਂ ਕਰਵਾਏ ਗ੍ਰੈਜੂਏਟ ਐਪਟੀਚਿਊਟ ਟੈਸਟ ਇਨ ਇੰਜਨੀਅਰਿੰਗ (GATE) ਅਤੇ ਜੁਆਇੰਟ ਐਂਟਰੈਂਸ ਸਕਰੀਨਿੰਗ ਟੈਸਟ (JEST) ਨੂੰ ਪਾਸ ਕੀਤਾ।

### ਹੋਮ ਸਾਇੰਸ ਕਾਲਜ

- ਮਿਜ਼ ਅਸ਼ਪ੍ਰੀਤ ਕੌਰ (L-2014-HSc-4-BFD) ਅਤੇ ਮਿਜ਼ ਦਿਵਿਆਂਸ਼ਾ ਮਲਹੋਤਰਾ (L-2016-HSc-8-BFD) ਨੇ 1-2 ਜੂਨ 2018 ਦੌਰਾਨ ਚੌਧਰੀ ਚਰਨ ਸਿੰਘ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ, ਹਰਿਆਣਾ ਵਿਖੇ ਐਗ੍ਰੀ ਬਿਜ਼ਨੈੱਸ ਇਨਕੂਬੇਸ਼ਨ ਸੈਂਟਰ ਵੱਲੋਂ ਕਰਵਾਈ ਨੈਸ਼ਨਲ ਸਟਾਰਟ ਅੱਪ ਸੁਮਿਤ ਮੌਕੇ 'ਬੈਸਟ ਸਟਾਰਟ ਅੱਪ ਆਈਡੀਆ ਐਵਾਰਡ' ਹਾਸਲ ਕੀਤਾ।
- ਪੀ ਐੱਚ ਡੀ ਦੇ ਦੋ ਵਿਦਿਆਰਥੀਆਂ; ਮਿਜ਼ ਮਨੀਸ਼ਾ ਵਰਮਾ (L-2015-HSc-93-D) ਅਤੇ ਮਿਜ਼ ਸ਼ਿਪਰਾ ਸਕਲਾਣੀ (L-2014-HSc-116-D) ਨੂੰ 4-13 ਫ਼ਰਵਰੀ 2018 ਦੌਰਾਨ ਯੂਨੀਵਰਸਿਟੀ ਪੁਤਰਾ, ਮਲੇਸ਼ੀਆ ਵਿਖੇ ਹੋਏ "6ਵੇਂ ਅੰਤਰਰਾਸ਼ਟਰੀ ਖੇਤੀਬਾੜੀ ਵਿਦਿਆਰਥੀ ਸਿੰਪੋਜ਼ੀਅਮ" ਵਿੱਚ ਖੋਜ ਪੱਤਰ ਪ੍ਰਸਤੁਤ ਕਰਨ ਦਾ ਸੱਦਾ ਹਾਸਲ ਹੋਇਆ। ਮਿਜ਼ ਸਲੋਨੀ ਸੱਚਰ (L-2015-HSc-95-D) ਨੇ ਵੀ ਇਸ ਸਿੰਪੋਜ਼ੀਅਮ ਵਿੱਚ ਸ਼ਿਰਕਤ ਕੀਤੀ।

## ਵਜ਼ੀਫੇ ਅਤੇ ਵਿੱਤੀ ਸਹਾਇਤਾ

### ਖੇਤੀਬਾੜੀ ਕਾਲਜ

- 51 ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈਸ਼ਨਲ ਟੇਲੈਂਟ ਸਕਾਲਰਸ਼ਿਪ, 7 ਨੇ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ, 34 ਨੇ ਆਈ ਸੀ ਏ ਆਰ/ਯੂ ਜੀ ਸੀ-ਜੂਨੀਅਰ ਰਿਸਰਚ ਫੈਲੋਸ਼ਿਪ, ਇੱਕ ਨੇ ਆਈ ਸੀ ਏ ਆਰ-ਫਾਰਨ ਸਕਾਲਰਸ਼ਿਪ ਅਤੇ 27 ਨੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ (ਡੀ ਐਸ ਟੀ) ਦੀ ਇੰਸਪਾਇਰ ਫੈਲੋਸ਼ਿਪ ਹਾਸਲ ਕੀਤੀ।
- 22 ਵਿਦਿਆਰਥੀਆਂ ਨੇ ਡਾ. ਗੁਰਦੇਵ ਸਿੰਘ ਖੁਸ਼ ਸਕਾਲਰਸ਼ਿਪ, 112 ਨੇ ਯੂਨੀਵਰਸਿਟੀ ਮੈਰਿਟ ਫੈਲੋਸ਼ਿਪ, 3 ਨੇ ਸ੍ਰੀਮਤੀ ਜਸਵੰਤ ਕੌਰ ਬਿੰਦਰਾ ਸਕਾਲਰਸ਼ਿਪ, 9 ਨੇ ਪਿਆਰਾ ਸਿੰਘ ਪਰਮਾਰ ਯਾਦਗਾਰੀ ਫੈਲੋਸ਼ਿਪ, 2 ਨੇ ਸ੍ਰੀ ਬਾਲ ਕ੍ਰਿਸ਼ਨ ਵੈਦ ਮੈਰਿਟ ਸਕਾਲਰਸ਼ਿਪ ਅਤੇ 6 ਨੇ ਖੇਤੀਬਾੜੀ ਕਾਲਜ ਐਲੂਮਨੀ ਐਸੋਸੀਏਸ਼ਨ ਸਕਾਲਰਸ਼ਿਪ ਹਾਸਲ ਕੀਤੇ।
- 2 ਵਿਦਿਆਰਥੀਆਂ ਨੇ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ) ਅਤੇ 6 ਨੇ ਘੱਟ ਗਿਣਤੀ ਵਿਦਿਆਰਥੀਆਂ ਲਈ 'ਮੌਲਾਨਾ ਅਜ਼ਾਦ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ) ਹਾਸਲ ਕੀਤੀ।
- ਇੱਕ ਵਿਦਿਆਰਥੀ ਨੇ ਆਈ ਸੀ ਐੱਸ ਐੱਸ ਆਰ-ਸੀਨੀਅਰ ਰਿਸਰਚ ਫੈਲੋਸ਼ਿਪ ਅਤੇ ਇੱਕ ਨੇ ਅਨੁਸੂਚਿਤ ਜਾਤੀ ਲਈ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ) ਹਾਸਲ ਕੀਤੀ।
- ਇੱਕ ਵਿਦਿਆਰਥੀ ਨੇ ਡਾ. ਐੱਚ ਐੱਸ ਪਰੁਥੀ ਸਕਾਲਰਸ਼ਿਪ, ਇੱਕ ਨੇ ਪ੍ਰੋਫੈਸਰ ਗੁਰਚਰਨ ਸਿੰਘ ਸੋਹੀ ਯਾਦਗਾਰੀ ਸਕਾਲਰਸ਼ਿਪ ਅਤੇ ਇੱਕ ਨੇ ਸ. ਦਲਬੀਰ ਸਿੰਘ ਜੱਸੜ ਮੈਰਿਟ ਸਕਾਲਰਸ਼ਿਪ ਹਾਸਲ ਕੀਤਾ।
- 194 ਵਿਦਿਆਰਥੀਆਂ ਨੇ ਸਟੂਡੈਂਟ ਰੈਡੀ ਵਜ਼ੀਫਾ ਅਤੇ 166 ਨੇ ਪੰਜਾਬ ਮੰਡੀ ਬੋਰਡ ਵਜ਼ੀਫਾ ਹਾਸਲ ਕੀਤਾ।
- 8 ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈੱਟ ਪ੍ਰੀਖਿਆ ਪਾਸ ਕੀਤੀ।

### ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ

- 15 ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈਸ਼ਨਲ ਟੇਲੈਂਟ ਸਕਾਲਰਸ਼ਿਪ ਅਤੇ 6 ਨੇ ਆਈ ਸੀ ਏ ਆਰ/ਯੂ ਜੀ ਸੀ-ਜੂਨੀਅਰ ਰਿਸਰਚ ਫੈਲੋਸ਼ਿਪ ਹਾਸਲ ਕੀਤੀ।
- 2 ਵਿਦਿਆਰਥੀਆਂ ਨੇ ਡਾ. ਗੁਰਦੇਵ ਸਿੰਘ ਖੁਸ਼ ਸਕਾਲਰਸ਼ਿਪ 48 ਨੇ ਯੂਨੀਵਰਸਿਟੀ ਮੈਰਿਟ ਫੈਲੋਸ਼ਿਪ, 4 ਨੇ ਪਿਆਰਾ ਸਿੰਘ ਪਰਮਾਰ ਯਾਦਗਾਰੀ ਫੈਲੋਸ਼ਿਪ ਅਤੇ 1 ਨੇ ਪ੍ਰੋਫੈਸਰ ਆਰ. ਐਨ. ਕੌਲ ਯਾਦਗਾਰੀ ਸਕਾਲਰਸ਼ਿਪ ਹਾਸਲ ਕੀਤਾ।
- 17 ਵਿਦਿਆਰਥੀਆਂ ਨੇ ਕਿੱਤਾਮੁਖੀ ਅਤੇ ਤਕਨੀਕੀ ਕੋਰਸਾਂ ਲਈ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ (ਭਾਰਤ ਸਰਕਾਰ) ਅਤੇ 4 ਨੂੰ (CLASS) ਕਲਾਸ ਇੰਡੀਆ ਸਕਾਲਰਸ਼ਿਪ (ਅੰਡਰਗ੍ਰੈਜੂਏਟ) ਪ੍ਰਦਾਨ ਕੀਤਾ ਗਿਆ।
- 5 ਵਿਦਿਆਰਥੀਆਂ ਨੇ ਮਾਨਵ ਸਰੋਤ ਵਿਕਾਸ ਮੰਤਰਾਲਾ, ਭਾਰਤ ਸਰਕਾਰ ਤੋਂ ਸੈਂਟਰਲ ਸੈਕਟਰ ਸਕੀਮ ਆਫ਼ ਸਕਾਲਰਸ਼ਿਪ ਹਾਸਲ ਕੀਤੇ।
- 13 ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈੱਟ ਪ੍ਰੀਖਿਆ ਪਾਸ ਕੀਤੀ।

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

- 21 ਵਿਦਿਆਰਥੀਆਂ ਨੂੰ ਆਈ ਸੀ ਏ ਆਰ-ਨੈਸ਼ਨਲ ਟੇਲੈਂਟ ਸਕਾਲਰਸ਼ਿਪ, 5 ਨੂੰ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ, 8 ਨੂੰ ਆਈ ਸੀ ਏ ਆਰ/ਯੂ ਜੀ ਸੀ-ਜੂਨੀਅਰ ਰਿਸਰਚ ਫੈਲੋਸ਼ਿਪ ਅਤੇ 6 ਨੂੰ ਇੰਸਪਾਇਰ (ਡੀ ਐੱਸ ਟੀ) ਫੈਲੋਸ਼ਿਪ ਪ੍ਰਦਾਨ ਕੀਤੀ ਗਈ।
- 5 ਵਿਦਿਆਰਥੀਆਂ ਨੇ ਰਾਜੀਵ ਗਾਂਧੀ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ) 8 ਨੇ ਘੱਟ ਗਿਣਤੀ ਵਿਦਿਆਰਥੀਆਂ ਲਈ ਮੌਲਾਨਾ ਅਜ਼ਾਦ ਨੈਸ਼ਨਲ ਫੈਲੋਸ਼ਿਪ (ਯੂ ਜੀ ਸੀ) ਅਤੇ 3 ਨੇ ਆਈ ਸੀ ਐੱਸ ਐੱਸ ਆਰ-ਸੀਨੀਅਰ ਰਿਸਰਚ ਫੈਲੋਸ਼ਿਪ ਹਾਸਲ ਕੀਤੀ।

- 6 ਵਿਦਿਆਰਥੀਆਂ ਨੇ ਡਾ. ਗੁਰਦੇਵ ਸਿੰਘ ਖੁਸ਼ ਸਕਾਲਰਸ਼ਿਪ, 117 ਨੇ ਯੂਨੀਵਰਸਿਟੀ ਮੈਰਿਟ ਫੈਲੋਸ਼ਿਪ ਅਤੇ 4 ਨੇ ਪਿਆਰਾ ਸਿੰਘ ਪਰਮਾਰ ਯਾਦਗਾਰੀ ਫੈਲੋਸ਼ਿਪ ਹਾਸਲ ਕੀਤੀ ।
- 2 ਵਿਦਿਆਰਥੀਆਂ ਨੂੰ ਇੰਡੀਆ-ਅਫ਼ਗਾਨਿਸਤਾਨ ਫੈਲੋਸ਼ਿਪ (ਆਈ ਸੀ ਏ ਆਰ), 2 ਨੂੰ ਆਈ ਸੀ ਐਮ ਆਰ-ਜੂਨੀਅਰ ਰਿਸਰਚ ਫੈਲੋਸ਼ਿਪ ਅਤੇ 2 ਨੂੰ ਪੋਸਟ ਮੈਟ੍ਰਿਕ ਫੈਲੋਸ਼ਿਪ (ਪੰਜਾਬ ਸਰਕਾਰ) ਪ੍ਰਦਾਨ ਕੀਤੀ ਗਈ ।
- ਇੱਕ ਵਿਦਿਆਰਥੀ ਨੂੰ ਜੁਆਇੰਟ ਸੀ ਐੱਸ ਆਈ ਆਰ-ਯੂ ਜੀ ਸੀ ਸੀਨੀਅਰ ਰਿਸਰਚ ਫੈਲੋਸ਼ਿਪ, ਇੱਕ ਨੂੰ ਸੀ ਬੀ ਐੱਸ ਈ ਸਕਾਲਰਸ਼ਿਪ, ਇੱਕ ਨੂੰ ਸੀ ਬੀ ਐੱਸ ਈ ਮੈਰਿਟ ਫੈਲੋਸ਼ਿਪ ਅਤੇ ਇੱਕ ਨੂੰ ਪੀ ਐੱਸ ਈ ਬੀ ਮੈਰਿਟ ਫੈਲੋਸ਼ਿਪ ਪ੍ਰਦਾਨ ਕੀਤੀ ਗਈ ।
- 21 ਵਿਦਿਆਰਥੀਆਂ ਨੇ ਆਈ ਸੀ ਏ ਆਰ ਅਤੇ ਸੀ ਐੱਸ ਆਈ ਆਰ, ਨਵੀਂ ਦਿੱਲੀ ਵੱਲੋਂ ਲਈ ਨੈੱਟ ਪ੍ਰੀਖਿਆ ਪਾਸ ਕੀਤੀ ।

### ਹੋਮ ਸਾਇੰਸ ਕਾਲਜ

- 5 ਵਿਦਿਆਰਥੀਆਂ ਨੇ ਆਈ ਸੀ ਏ ਆਰ-ਨੈਸ਼ਨਲ ਟੇਲੈਂਟ ਸਕਾਲਰਸ਼ਿਪ, 2 ਨੇ ਆਈ ਸੀ ਏ ਆਰ-ਸੀਨੀਅਰ ਰਿਸਰਚ ਫੈਲੋਸ਼ਿਪ, 24 ਨੇ ਆਈ ਸੀ ਏ ਆਰ/ਯੂ ਜੀ ਸੀ-ਜੂਨੀਅਰ ਰਿਸਰਚ ਫੈਲੋਸ਼ਿਪ ਅਤੇ 3 ਨੇ ਇੰਸਪਾਇਰ (ਡੀ ਐੱਸ ਟੀ) ਫੈਲੋਸ਼ਿਪ ਹਾਸਲ ਕੀਤੀ ।
- 6 ਵਿਦਿਆਰਥੀਆਂ ਨੂੰ ਡਾ. ਗੁਰਦੇਵ ਸਿੰਘ ਖੁਸ਼ ਸਕਾਲਰਸ਼ਿਪ ਅਤੇ 54 ਨੂੰ ਯੂਨੀਵਰਸਿਟੀ ਮੈਰਿਟ ਫੈਲੋਸ਼ਿਪ ਪ੍ਰਦਾਨ ਕੀਤੀ ਗਈ ।
- ਇੱਕ ਵਿਦਿਆਰਥੀ ਨੇ ਸਰਦਾਰਨੀ ਗੁਰਬਚਨ ਕੌਰ ਯਾਦਗਾਰੀ ਸਕਾਲਰਸ਼ਿਪ, ਇੱਕ ਨੇ ਮਾਈ ਤੇਜ਼ ਕੌਰ ਯਾਦਗਾਰੀ ਸਕਾਲਰਸ਼ਿਪ, ਇੱਕ ਨੇ ਵਿਦਿਆਵੰਤੀ ਸੈਨੀ ਸਕਾਲਰਸ਼ਿਪ ਅਤੇ ਇੱਕ ਨੇ ਆਈ ਸੀ ਐਮ ਆਰ ਫੈਲੋਸ਼ਿਪ ਹਾਸਲ ਕੀਤੀ।
- 14 ਵਿਦਿਆਰਥੀਆਂ ਨੇ ਸਟੂਡੈਂਟ ਰੈਡੀ ਵਜ਼ੀਫੇ ਹਾਸਲ ਕੀਤੇ।
- ਤਿੰਨ ਵਿਦਿਆਰਥੀਆਂ ਨੇ ਯੂ ਜੀ ਸੀ-ਨੈੱਟ ਪ੍ਰੀਖਿਆ ਪਾਸ ਕੀਤੀ ।

## ਕਨਵੋਕੇਸ਼ਨ

- ਖੇਤੀਬਾੜੀ ਕਾਲਜ ਪੀਏਯੂ ਦਾ ਕਨਵੋਕੇਸ਼ਨ-ਕਮ-ਇਨਾਮ ਵੰਡ ਸਮਾਰੋਹ 11 ਨਵੰਬਰ 2017 ਨੂੰ ਹੋਇਆ, ਜਿਸ ਵਿੱਚ ਸ੍ਰੀ ਸੁਰੇਸ਼ ਕੁਮਾਰ ਮੁੱਖ ਮੰਤਰੀ ਦੇ ਚੀਫ਼ ਪ੍ਰਮੁੱਖ ਸਕੱਤਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਡਾ. ਬਲਦੇਵ ਸਿੰਘ ਢਿੱਲੋਂ, ਵਾਈਸ ਚਾਂਸਲਰ ਪੀਏਯੂ ਨੇ ਕਨਵੋਕੇਸ਼ਨ ਦੀ ਪ੍ਰਧਾਨਗੀ ਕੀਤੀ । ਇਸ ਮੌਕੇ ਅਕਾਦਮਿਕ ਵਰ੍ਹੇ 2016 ਦੇ ਬੀ ਐੱਸ ਸੀ ਐਗਰੀਕਲਚਰ (ਆਨਰਜ਼), ਬੀ ਐੱਸ ਸੀ ਬਾਇਓਤਕਨਾਲੋਜੀ (ਆਨਰਜ਼) ਅਤੇ ਬੀ ਟੈੱਕ ਫੂਡ ਟੈੱਕ (ਆਨਰਜ਼) ਪ੍ਰੋਗਰਾਮਾਂ ਦੇ 240 ਵਿਦਿਆਰਥੀਆਂ ਨੂੰ ਡਿਗਰੀਆਂ ਦਿੱਤੀਆਂ ਗਈਆਂ । ਇਨ੍ਹਾਂ ਤੋਂ ਇਲਾਵਾ ਹੋਣਹਾਰ ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ, ਗੋਲਡ ਮੈਡਲ ਅਤੇ ਮੈਡਲ ਪ੍ਰਦਾਨ ਕੀਤੇ ਗਏ ।
- ਪੀਏਯੂ ਦੀ ਸਾਲਾਨਾ ਕਨਵੋਕੇਸ਼ਨ 15 ਦਸੰਬਰ 2017 ਨੂੰ ਹੋਈ ਜਿਸ ਵਿੱਚ 61 ਵਿਦਿਆਰਥੀਆਂ ਨੇ ਪੀ ਐਚ ਡੀ ਦੀ ਡਿਗਰੀ ਅਤੇ 397 ਨੇ ਮਾਸਟਰ'ਜ਼ (ਐਮ ਐੱਸ ਸੀ, ਐਮ ਟੈਕ, ਐਮ ਸੀ ਏ, ਐਮ ਬੀ ਏ, ਐਮ ਬੀ ਏ (ਐਗ੍ਰੀ ਬਿਜ਼ਨੈੱਸ) ਅਤੇ ਐਮ ਜੇ ਐਮ ਸੀ) ਡਿਗਰੀਆਂ ਹਾਸਲ ਕੀਤੀਆਂ । ਇਸ ਮੌਕੇ 117 ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟਾਂ ਤੋਂ ਇਲਾਵਾ ਗੋਲਡ ਮੈਡਲ ਅਤੇ ਮੈਡਲ ਪ੍ਰਦਾਨ ਕੀਤੇ ਗਏ । ਇਸ ਕਨਵੋਕੇਸ਼ਨ ਵਿੱਚ ਡਾ. ਟੀ. ਮੋਹਾਪਾਤਰਾ, ਨਿਰਦੇਸ਼ਕ ਜਨਰਲ, ਭਾਰਤੀ ਖੇਤੀ ਖੋਜ ਪ੍ਰੀਸ਼ਦ ਅਤੇ ਸਕੱਤਰ, ਖੇਤੀਬਾੜੀ ਖੋਜ ਅਤੇ ਸਿੱਖਿਆ ਵਿਭਾਗ (ਡੀ ਏ ਆਰ ਈ) ਨਵੀਂ ਦਿੱਲੀ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਡਾ. ਬਲਦੇਵ ਸਿੰਘ ਢਿੱਲੋਂ, ਵਾਈਸ ਚਾਂਸਲਰ ਪੀਏਯੂ ਨੇ ਕਨਵੋਕੇਸ਼ਨ ਦੀ ਪ੍ਰਧਾਨਗੀ ਕੀਤੀ ।
- ਹੋਮ ਸਾਇੰਸ ਕਾਲਜ, ਪੀਏਯੂ ਦਾ ਕਨਵੋਕੇਸ਼ਨ-ਕਮ-ਇਨਾਮ ਵੰਡ ਸਮਾਰੋਹ 29 ਜਨਵਰੀ 2018 ਨੂੰ ਹੋਇਆ, ਜਿਸ ਵਿੱਚ ਬੀ ਐੱਸ ਸੀ (ਆਨਰਜ਼) ਹੋਮ ਸਾਇੰਸ (4 ਸਾਲ ਅਤੇ 6 ਸਾਲ), ਬੀ ਐੱਸ ਸੀ (ਆਨਰਜ਼) ਫੈਸ਼ਨ ਡਿਜ਼ਾਈਨਿੰਗ ਅਤੇ ਬੀ ਐੱਸ ਸੀ (ਆਨਰਜ਼) ਨਿਊਟ੍ਰੀਸ਼ਨ ਐਂਡ ਡਾਇਟਿਕਸ ਪ੍ਰੋਗਰਾਮਾਂ (ਅਕਾਦਮਿਕ ਸੈਸ਼ਨ 2014-15, 2015-16 ਅਤੇ 2016-17) ਦੇ 198 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ । ਇਸ ਕਨਵੋਕੇਸ਼ਨ ਵਿੱਚ ਸ੍ਰੀਮਤੀ ਅਰੁਣਾ ਚੌਧਰੀ, ਸਾਬਕਾ ਸਿੱਖਿਆ ਮੰਤਰੀ, ਪੰਜਾਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਡਾ. ਬਲਦੇਵ ਸਿੰਘ ਢਿੱਲੋਂ ਵਾਈਸ ਚਾਂਸਲਰ ਪੀਏਯੂ ਨੇ ਕਨਵੋਕੇਸ਼ਨ ਦੀ ਪ੍ਰਧਾਨਗੀ ਕੀਤੀ । ਇਸ ਮੌਕੇ ਵਿਦਿਆਰਥੀਆਂ ਨੂੰ ਅਕਾਦਮਿਕਤਾ ਵਿੱਚ ਸਰਵੋਤਮਤਾ ਦਿਖਾਉਣ ਵਜੋਂ ਮੈਰਿਟ ਸਰਟੀਫਿਕੇਟ, ਗੋਲਡ ਮੈਡਲ ਅਤੇ ਮੈਡਲ ਵੀ ਪ੍ਰਦਾਨ ਕੀਤੇ ਗਏ ।

## ਵਿਦਿਆਰਥੀ ਭਲਾਈ ਗਤੀਵਿਧੀਆਂ

### ਪ੍ਰਮੁੱਖ ਸਪੋਰਟਸ ਪ੍ਰਾਪਤੀਆਂ

### ਅੰਤਰ-ਵਰਸਿਟੀ ਟੂਰਨਾਮੈਂਟ

ਪੀਏਯੂ ਦੀਆਂ ਟੀਮਾਂ ਨੇ ਉੱਤਰੀ ਜ਼ੋਨ/ਆਲ ਇੰਡੀਆ ਅੰਤਰ-ਵਰਸਿਟੀ ਟੂਰਨਾਮੈਂਟ ਵਿੱਚ ਲਾਅਨ ਟੈਨਿਸ (ਲੜਕੇ), ਕ੍ਰਿਕਟ (ਲੜਕੇ), ਫੁੱਟਬਾਲ (ਲੜਕੇ), ਟੇਬਲ ਟੈਨਿਸ (ਲੜਕੇ ਅਤੇ ਲੜਕੀਆਂ), ਬਾਸਕਟਬਾਲ (ਲੜਕੇ ਅਤੇ ਲੜਕੀਆਂ), ਤੈਰਾਕੀ (ਲੜਕੇ ਅਤੇ ਲੜਕੀਆਂ) ਕਬੱਡੀ (ਲੜਕੇ), ਸਾਇਕਲਿੰਗ (ਲੜਕੇ ਅਤੇ ਲੜਕੀਆਂ) ਹੈਂਡਬਾਲ (ਲੜਕੇ ਅਤੇ ਲੜਕੀਆਂ), ਬੈਡਮਿੰਟਨ (ਲੜਕੇ ਅਤੇ ਲੜਕੀਆਂ), ਵਾਲੀਬਾਲ (ਲੜਕੀਆਂ),

ਹਾਕੀ (ਲੜਕੇ), ਅਥਲੈਟਿਕਸ (ਲੜਕੇ), ਸ਼ੂਟਿੰਗ (ਲੜਕੇ ਅਤੇ ਲੜਕੀਆਂ) ਅਤੇ ਵੇਟ ਲਿਫਟਿੰਗ (ਲੜਕੇ) ਵਿੱਚ ਹਿੱਸਾ ਲਿਆ।

### ਯੂਨੀਵਰਸਿਟੀ ਪੱਧਰ ਦੇ ਟੂਰਨਾਮੈਂਟ

ਪੀਏਯੂ ਦੇ ਸੰਬੰਧਤ ਕਾਲਜਾਂ ਦੀਆਂ ਟੀਮਾਂ ਨੇ ਅੰਤਰ-ਕਾਲਜ ਟੂਰਨਾਮੈਂਟਾਂ ਵਿੱਚ ਵਾਲੀਬਾਲ (ਲੜਕੇ ਅਤੇ ਲੜਕੀਆਂ), ਬਾਸਕਟਬਾਲ (ਲੜਕੇ ਅਤੇ ਲੜਕੀਆਂ), ਫੁੱਟਬਾਲ (ਲੜਕੇ), ਤੈਰਾਕੀ (ਲੜਕੇ ਅਤੇ ਲੜਕੀਆਂ), ਲਾਅਨ ਟੈਨਿਸ (ਲੜਕੇ), ਹੈਂਡਬਾਲ (ਲੜਕੇ ਅਤੇ ਲੜਕੀਆਂ), ਹਾਕੀ (ਲੜਕੇ), ਬੈਡਮਿੰਟਨ (ਲੜਕੇ ਅਤੇ ਲੜਕੀਆਂ), ਵੇਟ ਲਿਫਟਿੰਗ (ਲੜਕੇ), ਕ੍ਰਿਕਟ (ਲੜਕੇ), ਕਬੱਡੀ (ਲੜਕੇ), ਟੇਬਿਲ ਟੈਨਿਸ (ਲੜਕੇ ਅਤੇ ਲੜਕੀਆਂ), ਸ਼ੂਟਿੰਗ (ਲੜਕੇ ਅਤੇ ਲੜਕੀਆਂ) ਅਤੇ ਸਾਇਕਲਿੰਗ (ਲੜਕੇ ਅਤੇ ਲੜਕੀਆਂ) ਵਿੱਚ ਹਿੱਸਾ ਲਿਆ । ਸ੍ਰੀ ਅਜੇ ਕੁਮਾਰ (ਖੇਤੀਬਾੜੀ ਕਾਲਜ) ਨੂੰ ਸਰਵੋਤਮ ਸਾਇਕਲਿਸਟ, ਸ੍ਰੀ ਮਨਵੀਰ ਸਿੰਘ ਗਰੇਵਾਲ (ਖੇਤੀਬਾੜੀ ਕਾਲਜ) ਨੂੰ ਸਰਵੋਤਮ ਹਾਕੀ ਖਿਡਾਰੀ, ਸ੍ਰੀ ਸ਼ਾਹਬਾਜ ਸਿੰਘ ਭੁੱਲਰ (ਖੇਤੀਬਾੜੀ ਕਾਲਜ) ਅਤੇ ਮਿਜ਼ ਹਰਲੀਨ ਕੌਰ (ਖੇਤੀਬਾੜੀ ਕਾਲਜ) ਨੂੰ ਕ੍ਰਮਵਾਰ ਲੜਕੇ ਅਤੇ ਲੜਕੀਆਂ ਦੀ ਸ਼੍ਰੇਣੀ ਵਿੱਚ ਸਰਵੋਤਮ ਤੈਰਾਕ ਐਲਾਨਿਆ ਗਿਆ ।

### ਸਾਲਾਨਾ ਅਥਲੈਟਿਕ ਮੀਟ

ਸੈਸ਼ਨ 2017-18 ਦੀ 52ਵੀਂ ਸਾਲਾਨਾ ਅਥਲੈਟਿਕ ਮੀਟ 12-13 ਫਰਵਰੀ 2018 ਨੂੰ ਪੀਏਯੂ ਦੇ ਅਥਲੈਟਿਕ ਟ੍ਰੈਕ ਵਿਖੇ ਹੋਈ । ਸ੍ਰੀ ਸਹਿਜਦੀਪ ਸਿੰਘ ਸਰਾਂ (ਖੇਤੀਬਾੜੀ ਕਾਲਜ) ਨੂੰ ਲੜਕਿਆਂ ਦੀ ਸ਼੍ਰੇਣੀ ਵਿਚੋਂ ਅਤੇ ਮਿਜ਼ ਮਹਿਕਪ੍ਰੀਤ ਕੌਰ ਰੰਧਾਵਾ (ਖੇਤੀਬਾੜੀ ਕਾਲਜ) ਨੂੰ ਲੜਕੀਆਂ ਦੀ ਸ਼੍ਰੇਣੀ ਵਿੱਚੋਂ ਸਰਵੋਤਮ ਐਥਲੀਟ ਐਲਾਨਿਆ ਗਿਆ ।

### ਯੂਨੀਵਰਸਿਟੀ ਕਲਰ/ਮੈਰਿਟ ਸਰਟੀਫਿਕੇਟ

ਪੀਏਯੂ ਸਪੋਰਟਸ ਅਤੇ ਯੁਵਕ ਗਤੀਵਿਧੀਆਂ ਕੌਂਸਲ ਨੇ 18 ਦਸੰਬਰ 2017 ਨੂੰ ਹੋਈ 54ਵੀਂ ਮੀਟਿੰਗ ਵਿੱਚ ਸੈਸ਼ਨ 2016-17 ਦੌਰਾਨ ਸਪੋਰਟਸ, ਗੇਮਜ਼, ਸਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਵਿੱਚ ਸਰਵੋਤਮਤਾ ਦਿਖਾਣ ਵਾਲੇ ਪੀਏਯੂ ਦੇ ਖਿਡਾਰੀਆਂ/ਕਲਾਕਾਰਾਂ ਨੂੰ 46 ਮੈਰਿਟ ਸਰਟੀਫਿਕੇਟ, 15 ਯੂਨੀਵਰਸਿਟੀ ਕਲਰ ਅਤੇ 6 ਰੋਲ ਆਫ਼ ਆਨਰ ਪ੍ਰਦਾਨ ਕਰਨ ਦਾ ਫੈਸਲਾ ਲਿਆ । ਵਿਦਿਆਰਥੀਆਂ ਨੂੰ ਇਹ ਮਾਣ-ਸਨਮਾਨ ਯੂਨੀਵਰਸਿਟੀ ਦੀ 52ਵੀਂ ਸਾਲਾਨਾ ਅਥਲੈਟਿਕ ਮੀਟ ਮੌਕੇ ਪ੍ਰਦਾਨ ਕੀਤੇ ਗਏ ।

### ਸਪੋਰਟਸ ਕੋਚਿੰਗ ਕੈਂਪਸ

ਸਾਲ 2017-18 ਲਈ ਸਾਲਾਨਾ ਨੈਸ਼ਨਲ ਸਪੋਰਟਸ ਆਰਗੇਨਾਈਜ਼ੇਸ਼ਨ (ਐਨ ਐੱਸ ਓ) ਕੋਚਿੰਗ ਕੈਂਪ ਪੀਏਯੂ ਵਿਖੇ ਲਗਾਇਆ ਗਿਆ ਜਿਸ ਵਿੱਚ ਐਨ ਐੱਸ ਓ ਪ੍ਰੋਗਰਾਮ ਵਿੱਚ ਦਰਜ 250 ਸਿਖਿਆਰਥੀਆਂ ਨੇ ਅਧਿਕਾਰੀਆਂ ਸਮੇਤ ਸ਼ਿਰਕਤ ਕੀਤੀ ।

ਪੀਏਯੂ ਦੀਆਂ ਟੀਮਾਂ ਵੱਲੋਂ ਉੱਤਰੀ ਜ਼ੋਨ/ਆਲ ਇੰਡੀਆ ਅੰਤਰ-ਵਰਸਿਟੀ/ਅੰਤਰ ਖੇਤੀ ਯੂਨੀਵਰਸਿਟੀ ਟੂਰਨਾਮੈਂਟਾਂ ਵਿੱਚ ਸ਼ਿਰਕਤ ਕਰਨ ਤੋਂ ਪਹਿਲਾਂ ਵੱਖੋ-ਵੱਖ ਖੇਡਾਂ ਲਈ 15-20 ਦਿਨਾਂ ਦਾ ਕੋਚਿੰਗ ਕੈਂਪ ਯੂਨੀਵਰਸਿਟੀ ਵਿੱਚ ਲਗਾਇਆ ਗਿਆ ।

### ਸਪੋਰਟਸ ਸਕਾਲਰਸ਼ਿਪਜ਼

ਸਪੋਰਟਸ ਸਕਾਲਰਸ਼ਿਪ ਕਮੇਟੀ ਨੇ 26 ਮਾਰਚ 2018 ਨੂੰ ਹੋਈ ਮੀਟਿੰਗ ਵਿੱਚ ਸਾਲ 2017-18 ਦੇ ਅਕਾਦਮਿਕ ਸੈਸ਼ਨ ਦੌਰਾਨ ਸਪੋਰਟਸ ਅਤੇ ਗੇਮਜ਼ ਵਿੱਚ ਵਧੀਆ ਪੇਸ਼ਕਾਰੀ ਦਿਖਾਉਣ ਵਾਲੇ ਸਰਵੋਤਮ ਖਿਡਾਰੀਆਂ ਨੂੰ 550/- ਰੁਪਏ ਪ੍ਰਤੀ ਮਹੀਨਾ ਦੇ 9 (ਦੋ ਵੱਡੀਆਂ (ਮੇਜਰ) ਅਤੇ ਸੱਤ (ਮਾਈਨਰ/ ਛੋਟੀਆਂ) ਖੇਡਾਂ ਦੇ) ਸਪੋਰਟਸ ਸਕਾਲਰਸ਼ਿਪ ਪ੍ਰਦਾਨ ਕਰਨ ਦੀ ਸਹਿਮਤੀ ਦਿੱਤੀ।

### ਸਰਵੋਤਮ ਖਿਡਾਰੀ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੂੰ 30 ਜਨਵਰੀ ਤੋਂ 3 ਫ਼ਰਵਰੀ 2018 ਦੌਰਾਨ ਯੂਨੀਵਰਸਿਟੀ ਆਫ਼ ਐਗਰੀਕਲਚਰਲ ਸਾਇੰਸਜ਼, ਬੈਂਗਲੁਰੂ ਵਿਖੇ ਹੋਈ XVIIIਵੀਂ ਸਰਵ ਭਾਰਤੀ ਅੰਤਰ ਖੇਤੀਬਾੜੀ ਯੂਨੀਵਰਸਿਟੀ ਸਪੋਰਟਸ ਅਤੇ ਗੇਮਜ਼ ਮੀਟ ਮੌਕੇ ਟੀਮ ਗੇਮਜ਼ (ਲੜਕੇ) ਵਿੱਚ ਰਨਰਜ਼ ਅੱਪ ਐਲਾਨਿਆ ਗਿਆ । ਯੂਨੀਵਰਸਿਟੀ ਨੇ ਟੀਮ ਗੇਮਜ਼ (ਲੜਕੇ ਅਤੇ ਲੜਕੀਆਂ) ਵਿੱਚ ਇੱਕ ਗੋਲਡ ਮੈਡਲ ਅਤੇ ਇੱਕ ਸਿਲਵਰ ਮੈਡਲ ਹਾਸਲ ਕੀਤਾ ।

- ਬਾਸਕਟਬਾਲ (ਲੜਕੇ) ਦੀ ਟੀਮ ਨੇ ਗੋਲਡ ਮੈਡਲ ਹਾਸਲ ਕੀਤਾ । ਇਸ ਟੀਮ ਵਿੱਚ ਅਮਨਦੀਪ ਸਿੰਘ, ਹਰਪ੍ਰੀਤ ਸਿੰਘ, ਕਰਨ ਬਰਾੜ, ਕਰਨ ਬਾਵਾ, ਅੰਗਦਜੀਤ ਸਿੰਘ ਬਰਾੜ, ਜਸਜੀਤ ਸਿੰਘ, ਹਰਸੰਗੀਤ ਸਿੰਘ ਮਾਨ, ਅੰਮ੍ਰਿਤਪਾਲ ਸਿੰਘ, ਖੁਸ਼ਪ੍ਰੀਤ ਸਿੰਘ ਅਤੇ ਹਰਸਿਮਰਨ ਸਿੰਘ ਟੀਮ ਮੈਂਬਰ ਵਜੋਂ ਸ਼ਾਮਲ ਸਨ ।
- ਵਾਲੀਬਾਲ (ਲੜਕੇ) ਦੀ ਟੀਮ ਨੇ ਸਿਲਵਰ ਮੈਡਲ ਹਾਸਲ ਕੀਤਾ । ਇਸ ਟੀਮ ਵਿੱਚ ਮਿਲਾਪਦੀਪ ਸਿੰਘ, ਅਮਨਪ੍ਰੀਤ ਸਿੰਘ, ਸ਼ਹਿਬਾਜ ਸਿੰਘ, ਜਗਮਨਜੋਤ ਸਿੰਘ, ਰਾਜਵਿੰਦਰ ਸਿੰਘ, ਰਾਜੀਵ, ਜਤਿੰਦਰ ਸਿੰਘ, ਸੁਨੀਲ ਕੁਮਾਰ, ਬਲਵਿੰਦਰ ਸਿੰਘ ਅਤੇ ਸੁੰਧਰਾਲਿੰਗਮ ਟੀਮ ਮੈਂਬਰ ਵਜੋਂ ਸ਼ਾਮਲ ਸਨ।
- ਸ੍ਰੀ ਤੇਜਿੰਦਰਪਾਲ ਸਿੰਘ (ਖੇਤੀਬਾੜੀ ਕਾਲਜ) ਨੇ ਡਿਸਕਸ ਥਰੋਅ ਵਿੱਚ ਪਹਿਲਾ ਅਤੇ ਸ਼ਾਟ-ਪੁੱਟ ਵਿੱਚ ਦੂਜਾ ਸਥਾਨ ਹਾਸਲ ਕੀਤਾ ।
- ਸ੍ਰੀ ਹਰਮਨਦੀਪ ਸਿੰਘ (ਬੇਸਿਕ ਸਾਇੰਸਜ਼ ਕਾਲਜ) ਨੇ ਡਿਸਕਸ ਥਰੋਅ ਵਿੱਚ ਦੂਜਾ ਅਤੇ ਹਾਈ ਜੰਪ ਵਿੱਚ ਤੀਜਾ ਸਥਾਨ ਹਾਸਲ ਕੀਤਾ ।
- ਮਿਜ਼ ਮਹਿਕਪ੍ਰੀਤ ਕੌਰ ਰੰਧਾਵਾ (ਖੇਤੀਬਾੜੀ ਕਾਲਜ) ਨੇ 800 ਮੀ. ਅਤੇ 1500 ਮੀ. ਦੀਆਂ ਦੌੜਾਂ ਵਿੱਚ ਦੂਜਾ ਸਥਾਨ ਹਾਸਲ ਕੀਤਾ ।
- ਸ੍ਰੀ ਬੇਅੰਤ ਸਿੰਘ (ਖੇਤੀਬਾੜੀ ਕਾਲਜ) ਨੇ 14-19 ਅਗਸਤ 2017 ਨੂੰ ਕੇਰਲਾ ਵਿਖੇ ਹੋਈ ਸੀਨੀਅਰ ਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਤੀਜਾ ਸਥਾਨ ਹਾਸਲ ਕੀਤਾ।

- ਸ੍ਰੀ ਬੇਅੰਤ ਸਿੰਘ (ਖੇਤੀਬਾੜੀ ਕਾਲਜ) ਅਤੇ ਸ੍ਰੀ ਏਕਮਜੋਤ ਸਿੰਘ (ਖੇਤੀਬਾੜੀ ਕਾਲਜ) ਨੇ 16-19 ਮਾਰਚ 2018 ਨੂੰ ਝਾਰਖੰਡ ਵਿਖੇ ਹੋਈ ਫੈਡਰੇਸ਼ਨ ਕੱਪ ਨੈਸ਼ਨਲ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਸ਼ਮੂਲੀਅਤ ਕੀਤੀ।
- ਸ੍ਰੀ ਸਨਪ੍ਰੀਤ ਸਿੰਘ (ਖੇਤੀਬਾੜੀ ਕਾਲਜ) ਨੇ 17-18 ਫਰਵਰੀ 2018 ਨੂੰ ਨਵੀਂ ਦਿੱਲੀ ਵਿਖੇ ਹੋਈ ਐਨਰਜ਼ਲ ਨੈਸ਼ਨਲ ਰੇਸ ਵਾਕਿੰਗ ਚੈਂਪੀਅਨਸ਼ਿਪ ਵਿੱਚ ਸ਼ਮੂਲੀਅਤ ਕੀਤੀ।
- ਮਿਜ਼ ਨਿਮਰਤ ਕੌਰ ਸੇਖੋਂ (ਖੇਤੀਬਾੜੀ ਕਾਲਜ) ਨੇ 10-15 ਦਸੰਬਰ 2017 ਨੂੰ ਕੇਰਲਾ ਵਿਖੇ ਹੋਈ 61ਵੀਂ ਨੈਸ਼ਨਲ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਸ਼ਮੂਲੀਅਤ ਕੀਤੀ।
- ਸ੍ਰੀ ਵਿਕਰਮਦੀਪ ਸਿੰਘ (ਖੇਤੀਬਾੜੀ ਕਾਲਜ) ਨੇ 5-7 ਸਤੰਬਰ, 2017 ਦੌਰਾਨ ਬੱਦੀ, ਹਿਮਾਚਲ ਪ੍ਰਦੇਸ਼ ਵਿਖੇ ਹੋਈ ਨਾਰਥ ਜ਼ੋਨ ਸੀਨੀਅਰ ਨੈਸ਼ਨਲ ਹੈਂਡਬਾਲ ਚੈਂਪੀਅਨਸ਼ਿਪ ਵਿੱਚ ਪਹਿਲਾ ਸਥਾਨ ਹਾਸਲ ਕੀਤਾ।
- ਸ੍ਰੀ ਅਰਸ਼ਦੀਪ ਸਿੰਘ (ਖੇਤੀਬਾੜੀ ਕਾਲਜ) ਨੇ 14-16 ਫ਼ਰਵਰੀ 2018 ਦੌਰਾਨ ਕਪੂਰਥਲਾ, ਪੰਜਾਬ ਵਿਖੇ ਹੋਈ ਸੀਨੀਅਰ ਸਟੇਟ ਮੈਨ'ਜ਼ ਹੈਂਡਬਾਲ ਚੈਂਪੀਅਨਸ਼ਿਪ ਵਿੱਚ ਤੀਜਾ ਸਥਾਨ ਹਾਸਲ ਕੀਤਾ। ਉਸ ਨੇ 6-11 ਮਾਰਚ 2018 ਦੌਰਾਨ ਗਵਾਲੀਅਰ, ਮੱਧ ਪ੍ਰਦੇਸ਼ ਵਿਖੇ ਹੋਈ 46ਵੀਂ ਸੀਨੀਅਰ ਨੈਸ਼ਨਲ ਹੈਂਡਬਾਲ ਚੈਂਪੀਅਨਸ਼ਿਪ (ਲੜਕੇ) ਵਿੱਚ ਵੀ ਸ਼ਮੂਲੀਅਤ ਕੀਤੀ।
- ਸ੍ਰੀ ਪੁਨੀਤਇੰਦਰ ਸਿੰਘ ਗਰੇਵਾਲ (ਖੇਤੀਬਾੜੀ ਕਾਲਜ) ਨੇ 10-13 ਅਗਸਤ 2017 ਦੌਰਾਨ ਜਲੰਧਰ, ਪੰਜਾਬ ਵਿਖੇ ਹੋਏ ਪੰਜਾਬ ਸਟੇਟ ਸੀਨੀਅਰ ਰੈਂਕਿੰਗ ਟੂਰਨਾਮੈਂਟ ਮੌਕੇ ਮਿਕਸਡ ਡਬਲਜ਼ ਵਿੱਚ ਦੂਜਾ ਸਥਾਨ ਅਤੇ ਮੈੱਨ ਡਬਲਜ਼ ਵਿੱਚ ਤੀਜਾ ਸਥਾਨ ਹਾਸਲ ਕੀਤਾ।
- ਸ੍ਰੀ ਤੇਜਿੰਦਰ ਪਾਲ ਸਿੰਘ, ਸ੍ਰੀ ਸਨਪ੍ਰੀਤ ਸਿੰਘ ਅਤੇ ਮਿਜ਼ ਮਹਿਕਪ੍ਰੀਤ ਕੌਰ ਰੰਧਾਵਾ ਨੇ 8-10 ਸਤੰਬਰ 2017 ਦੌਰਾਨ ਸੰਗਰੂਰ, ਪੰਜਾਬ ਵਿਖੇ ਹੋਈ 92ਵੀਂ ਓਪਨ ਪੰਜਾਬ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਸ਼ਮੂਲੀਅਤ ਕੀਤੀ।

### ਨੈਸ਼ਨਲ ਸਰਵਿਸ ਸਕੀਮ (ਐਨ ਐੱਸ ਐੱਸ) ਗਤੀਵਿਧੀਆਂ

- ਮਿਜ਼ ਹਰਜੋਤ ਕੌਰ, ਪੀਏਯੂ ਦੀ ਪਹਿਲੀ ਐੱਨ ਐੱਸ ਐੱਸ ਵਲੰਟੀਅਰ ਹੈ, ਜਿਸ ਨੇ 26 ਜਨਵਰੀ 2018 ਨੂੰ ਨਵੀਂ ਦਿੱਲੀ ਵਿਖੇ ਗਣਤੰਤਰਤਾ ਦਿਵਸ ਪਰੇਡ ਵਿੱਚ ਸ਼ਮੂਲੀਅਤ ਕੀਤੀ।
- ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਵਲੰਟੀਅਰਾਂ ਨੂੰ 'ਨਸ਼ੇ ਦੀ ਆਦਤ ਤੋਂ ਰੋਕਥਾਮ ਅਫ਼ਸਰ (ਡੀ ਏ ਪੀ ਓ ਪ੍ਰੋਗਰਾਮ) ਦੇ ਤਹਿਤ ਸੁਸਿਖਿਅਤ ਕੀਤਾ ਗਿਆ।
- ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਹਿਯੋਗ ਨਾਲ ਲੁਧਿਆਣਾ ਦੇ ਝੁੱਗੀ ਝੌਂਪੜੀ ਵਾਲੇ ਅਤੇ ਹੋਰ ਇਲਾਕਿਆਂ ਵਿੱਚ 'ਪਲਾਸਟਿਕ ਪ੍ਰਦੂਸ਼ਣ ਖਤਮ ਕਰਨ ਲਈ ਜਾਗਰੂਕਤਾ-ਕਮ-ਸਵੱਛਤਾ' ਦੀ ਵਿਸ਼ੇਸ਼ ਮੁਹਿੰਮ ਚਲਾਈ ਗਈ।
- ਐੱਨ ਐੱਸ ਐੱਸ ਦੇ 10 ਵਾਲੰਟੀਅਰਾਂ ਨੇ 16 ਅਗਸਤ 2017 ਨੂੰ ਚੰਡੀਗੜ੍ਹ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਈ ਸਵੱਛ ਭਾਰਤ ਹੈਕਾਥਾਨ ਵਿੱਚ ਸ਼ਮੂਲੀਅਤ ਕੀਤੀ।
- ਐਨ ਐੱਸ ਐੱਸ ਦੇ 20 ਵਲੰਟੀਅਰਾਂ ਨੇ ਚੋਣਾਂ ਦੌਰਾਨ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਪ੍ਰਤੀ ਜਾਗਰੂਕਤਾ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਕਰਵਾਈ ਮੈਰਾਥਨ ਵਿੱਚ ਹਿੱਸਾ ਲਿਆ।
- ਪਾਣੀ ਬਚਾਓ, ਪੰਜਾਬ ਬਚਾਓ ਦੇ ਮਨਸ਼ੇ ਨੂੰ ਲੈ ਕੇ ਪੀਏਯੂ ਵਿਖੇ 'ਰੈਲੀ ਫਾਰ ਰਿਵਰਜ਼' ਉੱਤੇ ਇੱਕ ਰੋਜ਼ਾ ਵਰਕਸ਼ਾਪ ਈਸ਼ਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਰਵਾਈ ਗਈ।
- ਪੁਰਾਣੇ ਵਰਤਣਯੋਗ ਕੱਪੜੇ, ਬੂਟ, ਸਟੇਸ਼ਨਰੀ, ਸਕੂਲ ਬੈਗ, ਪੁਰਾਣੀਆਂ ਕਿਤਾਬਾਂ, ਕੰਬਲ, ਖਿਡੌਣੇ ਆਦਿ ਇਕੱਠੇ ਕਰਕੇ ਝੁੱਗੀ ਝੌਂਪੜੀਆਂ/ਉਸਾਰੀ ਵਾਲੀਆਂ ਥਾਵਾਂ ਤੇ ਮਜ਼ਦੂਰਾਂ ਅਤੇ ਲੋੜਵੰਦਾਂ ਨੂੰ ਵੰਡਣ ਲਈ ਪੰਜ ਵਿਸ਼ੇਸ਼ ਦਾਨ-ਪਾਤਰ ਦੀਆਂ ਮੁਹਿੰਮਾਂ ਚਲਾਈਆਂ ਗਈਆਂ।
- 22-23 ਸਤੰਬਰ 2017 ਨੂੰ ਕਿਸਾਨ ਮੇਲੇ ਮੌਕੇ ਪੀਏਯੂ ਦੇ ਐਨ ਐੱਸ ਐੱਸ ਸੈੱਲ ਵੱਲੋਂ ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਲੁਧਿਆਣਾ ਦੇ ਡਾਕਟਰਾਂ ਦੀ ਟੀਮ ਦੀ ਦੇਖ-ਰੇਖ ਹੇਠ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਪੀਏਯੂ ਦੇ ਐਨ ਐੱਸ ਐੱਸ ਵਲੰਟੀਅਰਾਂ, ਸਟਾਫ਼ ਅਤੇ ਫੈਕਲਟੀ ਮੈਂਬਰਾਂ ਵੱਲੋਂ ਖ਼ੂਨ ਦੇ 218 ਯੂਨਿਟ ਦਾਨ ਕੀਤੇ ਗਏ।
- ਹਰੇਕ ਐਨ ਐੱਸ ਐੱਸ ਯੂਨਿਟ ਵੱਲੋਂ ਯੁਵਕ ਮਾਮਲੇ ਅਤੇ ਸਪੋਰਟਸ ਮੰਤਰਾਲਾ, ਭਾਰਤ ਸਰਕਾਰ ਵੱਲੋਂ ਦਿੱਤੇ ਵਿਸ਼ਿਆਂ ਮੁਤਾਬਕ 20 ਇਕ ਰੋਜ਼ੇ ਗਤੀਵਿਧੀ ਕੈਂਪ ਲਗਾਏ ਗਏ। ਵਲੰਟੀਅਰਾਂ ਨੇ ਕੈਂਪਸ ਦੇ ਸੁੰਦਰੀਕਰਨ, ਖੇਡ ਮੈਦਾਨਾਂ ਦੀ ਸਫ਼ਾਈ, ਪਿੰਡ ਦੇ ਸਿਹਤ ਸੰਭਾਲ ਕੈਂਪ ਅਤੇ ਯੋਗਾ ਕੈਂਪ ਆਦਿ ਵਿੱਚ ਵੀ ਸ਼ਮੂਲੀਅਤ ਕੀਤੀ।

### ਸਭਿਆਚਾਰਕ ਗਤੀਵਿਧੀਆਂ

- ਪੀਏਯੂ ਵਿਖੇ ਅਜ਼ਾਦੀ ਦਿਵਸ ਅਤੇ ਗਣਤੰਤਰਤਾ ਦਿਵਸ ਕ੍ਰਮਵਾਰ 15 ਅਗਸਤ 2017 ਅਤੇ 26 ਜਨਵਰੀ 2018 ਨੂੰ ਮਨਾਇਆ ਗਿਆ।
- ਪੀਏਯੂ ਅੰਤਰ ਕਾਲਜ ਯੁਵਕ ਮੇਲਾ 2017-18, ਅਕਤੂਬਰ 25 ਤੋਂ ਨਵੰਬਰ 2, 2017 ਦੌਰਾਨ ਮਨਾਇਆ ਗਿਆ ਜਿਸ ਵਿੱਚ ਪੀਏਯੂ ਦੇ ਸੰਬੰਧਤ ਕਾਲਜਾਂ ਅਤੇ ਬਾਹਰ ਸਥਿਤ ਇੰਸਟੀਚਿਊਟਾਂ ਦੇ ਲਗਭਗ 400 ਵਿਦਿਆਰਥੀਆਂ ਨੇ ਸਾਹਿਤਕ, ਸੂਖਮ ਕਲਾਵਾਂ, ਸੰਗੀਤ, ਰੰਗ ਮੰਚ, ਨਾਚ ਅਤੇ ਵਿਰਾਸਤੀ ਗਤੀਵਿਧੀਆਂ ਵਿੱਚ ਹਿੱਸਾ ਲਿਆ। ਓਵਰਆਲ ਰਨਿੰਗ ਟਰਾਫੀ ਖੇਤੀਬਾੜੀ ਕਾਲਜ ਨੇ ਜਿੱਤੀ।
- ਸ੍ਰੀ ਪਲਵਿੰਦਰ ਸਿੰਘ (ਐੱਲ-2016-ਏ-83-ਐੱਮ) ਨੇ ਪੀਏਯੂ ਅੰਤਰ ਕਾਲਜ ਯੁਵਕ ਮੇਲਾ 2017-18 ਦੌਰਾਨ ਭੰਗੜਾ, ਸਭਿਆਚਾਰਕ ਝਾਕੀਆਂ ਅਤੇ ਹਾਸ ਰਸ ਵਿੱਚ ਪਹਿਲਾ ਇਨਾਮ ਅਤੇ ਕਵਿਤਾ, ਸਕਿੱਟ, ਭੰਡ ਅਤੇ ਇਕਾਂਗੀ ਵਿੱਚ ਦੂਜਾ ਇਨਾਮ ਹਾਸਲ ਕੀਤਾ।

- ਪੀਏਯੂ ਦੇ ਵਿਦਿਆਰਥੀਆਂ ਨੇ 16-18 ਫ਼ਰਵਰੀ, 2018 ਦੌਰਾਨ ਸ੍ਰੀ ਵੈਂਕੇਟਸਵਰਾ ਵੈਟਰਨਰੀ ਯੂਨੀਵਰਸਿਟੀ, ਤ੍ਰਿਪੁਤੀ, ਆਂਧਰਾ ਪ੍ਰਦੇਸ਼ ਵਿਖੇ ਭਾਰਤੀ ਖੇਤੀ ਖੋਜ ਪ੍ਰੀਸ਼ਦ ਨਵੀਂ ਦਿੱਲੀ ਵੱਲੋਂ ਕਰਵਾਏ "18ਵੇਂ ਸਰਵ ਭਾਰਤੀ ਅੰਤਰ ਖੇਤੀਬਾੜੀ ਯੂਨੀਵਰਸਿਟੀਜ਼ ਯੁਵਕ ਮੇਲੇ' ਦੌਰਾਨ ਸਮੂਹ ਗਾਇਣ (ਭਾਰਤੀ) ਵਿੱਚ ਸੋਨ ਤਗਮਾ, ਪੋਸਟਰ ਬਣਾਉਣ ਅਤੇ ਲਾਈਟ ਵੋਕਲ ਵਿੱਚ ਕਾਂਸੇ ਦੇ ਤਗਮੇ ਅਤੇ ਮਾਈਮ ਅਤੇ ਕਾਰਟੂਨਿੰਗ ਵਿੱਚ ਚੌਥਾ ਸਥਾਨ ਗ੍ਰਹਿਣ ਕੀਤਾ ।
- ਪੀਏਯੂ ਦੇ ਵਿਦਿਆਰਥੀਆਂ ਨੇ 12-16 ਜਨਵਰੀ 2018 ਦੌਰਾਨ ਮਹਾਂਰਿਸ਼ੀ ਮਾਰਕੰਡੇਸ਼ਵਰ ਯੂਨੀਵਰਸਿਟੀ, ਮੌਲਾਨਾ, ਅੰਬਾਲਾ, ਹਰਿਆਣਾ ਵਿਖੇ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼ (ਏ ਆਈ ਯੂ) ਵੱਲੋਂ ਕਰਵਾਏ "33ਵੇਂ ਉੱਤਰੀ ਜ਼ੋਨ ਅੰਤਰ-ਯੂਨੀਵਰਸਿਟੀ ਯੁਵਕ ਮੇਲਾ 2017-18" ਦੌਰਾਨ ਬਹਿਸ ਅਤੇ ਸਕਿੱਟ ਮੁਕਾਬਲਿਆਂ ਵਿੱਚ ਪ੍ਰੋਤਸਾਹਣ ਇਨਾਮ ਹਾਸਲ ਕੀਤੇ ।
- ਪੀਏਯੂ ਵਿਦਿਆਰਥੀਆਂ ਦੀ ਚਾਰ ਮੈਂਬਰੀ ਟੀਮ ਨੇ 2-6 ਮਾਰਚ 2018 ਦੌਰਾਨ ਗਨਪਤ ਯੂਨੀਵਰਸਿਟੀ, ਮੇਹਸਣਾ, ਗੁਜਰਾਤ ਵਿਖੇ ਹੋਏ 11ਵੇਂ ਅੰਤਰਰਾਸ਼ਟਰੀ ਸਭਿਆਚਾਰਕ ਮੇਲੇ 'ਐੱਸ ਏ ਯੂ ਐੱਫ ਈ ਐੱਸ ਟੀ 2018' ਵਿੱਚ ਸ਼ਮੂਲੀਅਤ ਕੀਤੀ ।
- ਪੀਏਯੂ ਦੇ ਵਿਦਿਆਰਥੀਆਂ ਨੇ ਸਵੱਛ ਭਾਰਤ ਅਭਿਆਨ ਮਿਸ਼ਨ ਹੇਠ ਸਫ਼ਾਈ ਅਤੇ ਸਵੱਛ ਪੱਖਵਾੜੇ (1-15 ਸਤੰਬਰ 2017) ਦੇ ਸੁਨੇਹੇ ਦੇ ਪਸਾਰ ਲਈ 14 ਸਤੰਬਰ, 2017 ਨੂੰ ਲੇਖ ਮੁਕਾਬਲਿਆਂ ਵਿੱਚ ਭਾਗ ਲਿਆ ।
- ਯੂਨੀਵਰਸਿਟੀ ਵਿਦਿਆਰਥੀਆਂ ਨੇ 27 ਮਾਰਚ 2018 ਨੂੰ ਕਵਿਤਾ ਪੜ੍ਹਨ ਮੁਕਾਬਲੇ ਅਤੇ ਕਵੀਆਂ ਨਾਲ ਵਿਚਾਰ ਵਟਾਂਦਰੇ ਸੈਸ਼ਨ ਵਿੱਚ ਸ਼ਮੂਲੀਅਤ ਕੀਤੀ ।
- ਪੀਏਯੂ ਵਿਦਿਆਰਥੀਆਂ ਦੇ ਫੋਟੋਗ੍ਰਾਫਿਕ ਹੁਨਰ ਨੂੰ ਹੁਲਾਰਾ ਦੇਣ ਲਈ 21 ਅਪ੍ਰੈਲ 2018 ਨੂੰ ਫੋਟੋ ਵਾਕ ਮੁਕਾਬਲੇ ਕਰਵਾਏ ਗਏ ।
- 2 ਮਈ 2018 ਨੂੰ 'ਯੁਵਕਾਂ ਦੇ ਰੰਗ' ਉੱਤੇ ਨੁਮਾਇਸ਼ ਅਤੇ ਕਲਾ ਉਤਸਵ ਮਨਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਪੇਂਟਿੰਗ ਵਿੱਚ ਆਪਣੀ ਕਲਾ ਦੇ ਜ਼ੌਹਰ ਵਿਖਾਉਣ ਦਾ ਮੌਕਾ ਮਿਲਿਆ ।

# ਪਸਾਰ

ਯੂਨੀਵਰਸਿਟੀ ਵੱਲੋਂ ਅਤਿ-ਆਧੁਨਿਕ ਖੇਤ ਤਕਨੀਕਾਂ ਨੂੰ ਕਿਸਾਨਾਂ ਤੱਕ ਪਹੁੰਚਾਉਣ ਦਾ ਕਾਰਜ ਪਸਾਰ ਗਤੀਵਿਧੀਆਂ ਰਾਹੀਂ ਕੀਤਾ ਜਾਂਦਾ ਹੈ । ਕਿਸਾਨਾਂ ਅਤੇ ਪਸਾਰ ਮਾਹਿਰਾਂ ਤੱਕ ਇਹ ਤਕਨੀਕਾਂ ਯੂਨੀਵਰਸਿਟੀ ਵੱਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਾ ਹੈੱਡਕੁਆਟਰਾਂ ਵਿਖੇ ਸਥਿਤ 15 ਖੇਤੀ ਸਲਾਹਕਾਰੀ ਸੇਵਾ ਕੇਂਦਰਾਂ (ਐਫਏਐੱਸਸੀ'ਜ਼) ਅਤੇ 18 ਕ੍ਰਿਸ਼ੀ ਵਿਗਿਆਨ ਕੇਂਦਰਾਂ (ਕੇਵੀਕੇ'ਜ਼) ਅਤੇ ਮੁੱਖ ਕੈਂਪਸ ਵਿਖੇ ਸਥਿਤ ਖੇਤੀ ਤਕਨਾਲੋਜੀ ਸੂਚਨਾ ਕੇਂਦਰ (ਏ ਟੀ ਆਈ ਸੀ) ਅਤੇ ਕੈਰੋਂ ਕਿਸਾਨ ਘਰ ਵਿਖੇ ਸਥਿਤ ਸਿਖਲਾਈ ਦੇ ਵਿਕਸਿਤ ਕੇਂਦਰ ਅਤੇ ਹੋਰ ਵਿਭਾਗਾਂ ਰਾਹੀਂ ਪਹੁੰਚਾਈਆਂ ਜਾਂਦੀਆਂ ਹਨ । ਇਨ੍ਹਾਂ ਕੇਂਦਰਾਂ ਵੱਲੋਂ ਇਹ ਤਕਨੀਕਾਂ ਕਈ ਪਸਾਰ ਵਿਧੀਆਂ ਜਿਵੇਂ ਕਿ ਕਿਸਾਨ ਮੇਲੇ, ਖੇਤ ਦਿਵਸ, ਕਾਰਜਸ਼ਾਲਾਵਾਂ, ਖੋਜ ਤਜਰਬੇ, ਖੇਤ ਤਜਰਬੇ/ਪ੍ਰਦਰਸ਼ਨੀਆਂ, ਵਿਸ਼ੇਸ਼ ਸਿਖਲਾਈ (ਥੋੜ੍ਹੇ ਸਮੇਂ ਦੀਆਂ, ਵੋਕੇਸ਼ਨਲ ਅਤੇ ਇਨ-ਸਰਵਿਸ), ਨੁਮਾਇਸ਼ਾਂ, ਮੁਹਿੰਮਾਂ, ਤਕਨੀਕੀ ਅਗਵਾਈ, ਪੀਏਯੂ ਦੂਤ, ਟੀਵੀ/ਰੇਡੀਓ ਵਾਰਤਾਵਾਂ, ਕਿਸਾਨ ਕਲੱਬ/ਕਮੇਟੀ ਦੀਆਂ ਮੀਟਿੰਗਾਂ ਅਤੇ ਖੇਤੀ ਸਾਹਿਤ ਦੀ ਵਿਕਰੀ ਆਦਿ ਰਾਹੀਂ ਪਹੁੰਚਾਈਆਂ ਜਾਂਦੀਆਂ ਹਨ । ਯੂਨੀਵਰਸਿਟੀ ਵੱਲੋਂ ਕਿਸਾਨਾਂ, ਕਿਸਾਨ ਬੀਬੀਆਂ ਅਤੇ ਪਸਾਰ ਮਾਹਿਰਾਂ ਦੀ ਵਿਗਿਆਨਕ ਖੇਤੀ ਤਕਨੀਕ ਸਮਰਥਾ ਵਧਾਉਣ ਲਈ ਵੱਖੋ-ਵੱਖ ਸਿਖਲਾਈ ਕੋਰਸ ਲਗਾਏ ਜਾਂਦੇ ਹਨ ।

## ਕਿਸਾਨ ਮੇਲੇ

ਕਿਸਾਨ ਮੇਲਿਆਂ ਦੀ ਖੇਤੀ ਸੰਬੰਧੀ ਨਵੀਨ ਜਾਣਕਾਰੀ ਨੂੰ ਕਿਸਾਨਾਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਹੈ। ਇਨ੍ਹਾਂ ਮੇਲਿਆਂ ਵਿਚ ਕਿਸਾਨਾਂ ਨੂੰ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਪ੍ਰਦਰਸ਼ਨੀਆਂ, ਨੁਮਾਇਸ਼ਾਂ ਅਤੇ ਤਕਨੀਕੀ ਸੈਸ਼ਨਾਂ ਰਾਹੀਂ ਦਿੱਤੀ ਜਾਂਦੀ ਹੈ । ਇਨ੍ਹਾਂ ਮੇਲਿਆਂ ਵਿੱਚ ਕਰਵਾਏ ਜਾਂਦੇ ਸਵਾਲ-ਜਵਾਬੀ ਸੈਸ਼ਨਾਂ ਰਾਹੀਂ ਕਿਸਾਨਾਂ ਦੀਆਂ ਖੇਤੀ ਸੰਬੰਧੀ ਜਿਗਿਆਸਾਵਾਂ ਦੇ ਹੱਲ ਸੁਝਾਏ ਜਾਂਦੇ ਹਨ । ਰਿਪੋਰਟ ਵਿਚ ਵਰਣਿਤ ਸਮੇਂ ਦੌਰਾਨ 14 ਕਿਸਾਨ ਮੇਲੇ ਲਗਾਏ ਗਏ, ਜਿਨ੍ਹਾਂ ਵਿਚੋਂ ਸੱਤ ਕਿਸਾਨ ਮੇਲੇ ਸਤੰਬਰ 2017 ਦੌਰਾਨ ਅਤੇ ਸੱਤ ਕਿਸਾਨ ਮੇਲੇ ਮਾਰਚ 2018 ਦੌਰਾਨ ਪੀਏਯੂ ਦੇ ਮੁੱਖ ਕੈਂਪਸ ਲੁਧਿਆਣਾ; ਕੇਵੀਕੇ ਰੌਣੀ (ਪਟਿਆਲਾ); ਕੇਵੀਕੇ ਨਾਗਕਲਾਂ (ਅੰਮ੍ਰਿਤਸਰ); ਖੇਤਰੀ ਖੋਜ ਕੇਂਦਰ (ਆਰ ਆਰ ਐੱਸ) ਫਰੀਦਕੋਟ, ਆਰ ਆਰ ਐੱਸ ਬਲੋਵਾਲ ਸੌਂਖੜੀ, ਆਰ ਆਰ ਐੱਸ, ਬਠਿੰਡਾ ਅਤੇ ਆਰ ਆਰ ਐੱਸ ਗੁਰਦਾਸਪੁਰ ਵਿਖੇ ਲਗਾਏ ਗਏ । ਸਤੰਬਰ 2017 ਦੇ ਕਿਸਾਨ ਮੇਲਿਆਂ ਦਾ ਸੁਨੇਹਾ "ਸਾਦੇ ਵਿਆਹ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ" ਸੀ ਅਤੇ ਮਾਰਚ 2018 ਦੇ ਕਿਸਾਨ ਮੇਲਿਆਂ ਵਿਚ "ਆਓ ਖੇਤੀ ਖਰਚ ਘਟਾਈਏ, ਵਾਧੂ ਪਾਣੀ ਖਾਦ ਨਾ ਪਾਈਏ, ਸਹਾਇਕ ਧੰਦੇ ਅਪਣਾ ਕੇ, ਖੇਤੀ ਲਾਹੇਵੰਦ ਬਣਾਈਏ" ਦਾ ਸੁਨੇਹਾ ਦਿੱਤਾ ਗਿਆ ਸੀ । ਇਨ੍ਹਾਂ ਮੇਲਿਆਂ ਵਿੱਚ ਪੰਜਾਬ ਅਤੇ ਲਾਗਲੇ ਸੂਬਿਆਂ ਤੋਂ ਭਾਰੀ ਗਿਣਤੀ ਵਿਚ ਕਿਸਾਨ ਸ਼ਾਮਿਲ ਹੋਏ । ਇਸ ਮੌਕੇ ਫਸਲਾਂ ਦੀਆਂ ਸੋਧੀਆਂ ਹੋਈਆਂ ਕਿਸਮਾਂ, ਉਤਪਾਦਨ-ਸੁਰੱਖਿਆ ਤਕਨੀਕਾਂ, ਖੇਤੀ ਰਹਿੰਦ-ਖੂੰਹਦ ਦੀ ਸੰਭਾਲ ਦੀਆਂ ਤਕਨੀਕਾਂ, ਸ਼ਹਿਦ ਦੀਆਂ ਮੱਖੀਆਂ ਪਾਲਣ, ਖੁੰਭਾਂ ਦੀ ਕਾਸ਼ਤ, ਪੌਸ਼ਟਿਕ ਬਗੀਚੀ, ਸੁਰੱਖਿਅਤ ਕਾਸ਼ਤਕਾਰੀ ਆਦਿ ਬਾਰੇ ਪ੍ਰਦਰਸ਼ਨੀਆਂ ਅਤੇ ਨੁਮਾਇਸ਼ਾਂ ਕਿਸਾਨਾਂ ਲਈ ਲਗਾਈਆਂ ਗਈਆਂ । ਇਨ੍ਹਾਂ ਮੇਲਿਆਂ ਵਿੱਚ ਫ਼ਸਲਾਂ ਅਤੇ ਸਬਜ਼ੀਆਂ ਦੇ ਸੋਧੇ ਹੋਏ ਬੀਜਾਂ ਤੋਂ ਇਲਾਵਾ ਸਬਜ਼ੀਆਂ, ਫ਼ਲ ਅਤੇ ਸਜਾਵਟੀ ਬੂਟਿਆਂ ਦੀ ਪਨੀਰੀ ਅਤੇ ਖੇਤੀ ਸਾਹਿਤ ਕਿਸਾਨਾਂ ਨੂੰ ਵੇਚਿਆ ਗਿਆ । ਇਸ ਤੋਂ ਇਲਾਵਾ ਖੇਤੀ-ਉਦਯੋਗ ਪ੍ਰਦਰਸ਼ਨੀਆਂ ਅਤੇ ਖੇਤੀ ਖਰਚਿਆਂ ਜਿਵੇਂ ਖਾਦਾਂ, ਕੀਟਨਾਸ਼ਕਾਂ, ਖੇਤੀ ਰਸਾਇਣਾਂ ਅਤੇ ਖੇਤੀ ਮਸ਼ੀਨਰੀ ਦੀਆਂ ਨੁਮਾਇਸ਼ਾਂ ਵੀ ਲਗਾਈਆਂ ਗਈਆਂ ।

## ਅਗਾਂਹਵਧੂ ਕਿਸਾਨਾਂ ਨੂੰ ਪੁਰਸਕਾਰ

ਪੰਜਾਬ ਦੇ ਵੱਖੋ-ਵੱਖ ਇਲਾਕਿਆਂ ਦੇ ਅਗਾਂਹਵਧੂ ਕਿਸਾਨਾਂ ਨੂੰ ਖੇਤੀਬਾੜੀ, ਬਾਗਬਾਨੀ ਅਤੇ ਹੋਰ ਸਹਾਇਕ ਧੰਦਿਆਂ ਵਿੱਚ ਪਾਏ ਵਡਮੁੱਲੇ ਯੋਗਦਾਨ ਕਰਕੇ ਪੀਏਯੂ ਕਿਸਾਨ ਮੇਲਿਆਂ ਵਿੱਚ ਸਨਮਾਨਿਤ ਕੀਤਾ ਜਾਂਦਾ ਹੈ । ਸਤੰਬਰ 21, 2017 ਨੂੰ ਪੀਏਯੂ ਕਿਸਾਨ ਮੇਲੇ ਦੌਰਾਨ ਪੰਜ ਅਗਾਂਹਵਧੂ ਕਿਸਾਨ ਵੀਰਾਂ ਸਮੇਤ ਇੱਕ ਕਿਸਾਨ ਬੀਬੀ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿਚ ਬਠਿੰਡਾ ਤੋਂ ਸ. ਜਗਤਾਰ ਸਿੰਘ ਗਿੱਲ ਨੂੰ ਪਰਵਾਸੀ ਭਾਰਤੀ 2017 ਪੁਰਸਕਾਰ, ਸ. ਹਰਪ੍ਰੀਤ ਸਿੰਘ (ਫਤਿਹਗੜ੍ਹ ਸਾਹਿਬ) ਨੂੰ ਸ. ਉਜਾਗਰ ਸਿੰਘ ਧਾਲੀਵਾਲ ਪੁਰਸਕਾਰ 2017 ਪੁਰਸਕਾਰ ਪ੍ਰਦਾਨ ਕੀਤੇ ਗਏ । ਸ. ਸੁਰਜੀਤ ਸਿੰਘ ਢਿੱਲੋਂ ਪੁਰਸਕਾਰ 2017 ਸ. ਸਤਵੀਰ ਸਿੰਘ ਸਰਾਂ ਨੂੰ ਅਤੇ ਸ. ਸੁਖਦੇਵ ਸਿੰਘ ਭੁੱਲਰ (ਕਪੂਰਥਲਾ) ਨੂੰ ਸਰਦਾਰ ਦਲੀਪ ਸਿੰਘ ਪੁਰਸਕਾਰ ਪ੍ਰਦਾਨ ਕੀਤੇ ਗਏ, ਸਰਦਾਰਨੀ ਜਗਬੀਰ ਕੌਰ ਗਰੇਵਾਲ ਪੁਰਸਕਾਰ ਹੁਸ਼ਿਆਰਪੁਰ ਤੋਂ ਬੀਬਾ ਰੇਖਾ ਸ਼ਰਮਾ ਨੂੰ ਦਿੱਤੇ ਗਏ ।

23 ਮਾਰਚ 2018 ਦੇ ਪੀਏਯੂ ਕਿਸਾਨ ਮੇਲੇ ਦੌਰਾਨ ਸ. ਹਰਦੀਪ ਸਿੰਘ (ਪਟਿਆਲਾ) ਨੂੰ "ਮੁੱਖ ਮੰਤਰੀ ਪੁਰਸਕਾਰ", ਸ. ਗੁਰਵਿੰਦਰ ਸਿੰਘ ਸੋਹੀ (ਫਤਿਹਗੜ੍ਹ ਸਾਹਿਬ) ਨੂੰ "ਸਰਦਾਰਨੀ ਪ੍ਰਕਾਸ਼ ਕੌਰ ਸਰਾਂ ਯਾਦਗਾਰੀ ਪੁਰਸਕਾਰ" ਅਤੇ ਸ. ਜਗਮੋਹਨ ਸਿੰਘ (ਮੋਗਾ) ਅਤੇ ਸ. ਤਰਸੇਮ ਸਿੰਘ (ਹੁਸ਼ਿਆਰਪੁਰ) ਨੂੰ "ਸੀ ਆਰ ਆਈ ਪੰਪਸ ਪੁਰਸਕਾਰ" ਪ੍ਰਦਾਨ ਕੀਤੇ ਗਏ ।

## ਵਿਸ਼ੇਸ਼ ਮੁਹਿੰਮਾਂ

- **ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ** : ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਪੰਜਾਬ ਦੇ ਵੱਖੋ-ਵੱਖ ਹਿੱਸਿਆਂ ਵਿੱਚ ਕਿੰਨੀਆਂ ਹੀ ਮੁਹਿੰਮਾਂ ਚਲਾਈਆਂ ਗਈਆਂ ਤਾਂ ਜੋ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਸਾੜਣ ਤੇ ਮਨੁੱਖੀ ਸਿਹਤ ਅਤੇ ਵਾਤਾਵਰਣ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ । ਕਣਕ ਬੀਜਣ ਤੋਂ ਪਹਿਲਾਂ ਝੋਨੇ ਦੀ ਪਰਾਲੀ

ਦੀ ਸੰਭਾਲ ਲਈ ਕਈ ਵਿਕਲਪਾਂ ਜਿਵੇਂ ਕਿ ਪੀਏਯੂ ਐੱਸ ਐਮ ਐੱਸ ਨੂੰ ਕੰਬਾਈਨਾਂ ਨਾਲ ਜੋੜਣਾ, ਹੈਪੀ ਸੀਡਰ, ਝੋਨੇ ਦੀ ਪਰਾਲੀ ਦਾ ਬੇਲਰ, ਮਲਚਰ, ਕਟਰ ਅਤੇ ਚੌਪਰ ਆਦਿ ਨੂੰ ਕਿਸਾਨਾਂ ਦੇ ਖੇਤਾਂ ਵਿੱਚ ਪ੍ਰਦਰਸ਼ਿਤ ਕੀਤਾ ਗਿਆ । ਇਸ ਦੇ ਨਾਲ ਪੀਏਯੂ ਵੱਲੋਂ ਅਪਣਾਏ 36 ਪਿੰਡ ਜਿਨ੍ਹਾਂ ਨੂੰ ਜ਼ੀਰੋ ਬਰਨਿੰਗ (ਸਾੜ ਮੁਕਤ) ਪਿੰਡ ਐਲਾਨਿਆ ਗਿਆ।

- **ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ** : ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ ਲਈ ਸੰਯੁਕਤ ਕੀਟ ਪ੍ਰਬੰਧ ਨੀਤੀ ਨੂੰ ਅਪਣਾਉਂਦਿਆਂ ਫ਼ਰਵਰੀ 2017 ਤੋਂ ਵਿਸ਼ੇਸ਼ ਮੁਹਿੰਮ ਚਲਾਈ ਗਈ । ਇਸ ਨੀਤੀ ਦੇ ਤਹਿਤ ਚਿੱਟੀ ਮੱਖੀ ਦੀ ਨੂੰ ਭਿੰਡੀ, ਕੱਦੂ, ਬੈਂਗਣ, ਚੱਪਣ ਕੱਦੂ ਆਦਿ ਸਬਜ਼ੀਆਂ ਅਤੇ ਨਦੀਨਾਂ ਉੱਤੇ ਵੇਖਿਆ ਗਿਆ ਅਤੇ ਉਨ੍ਹਾਂ ਦੀ ਰੋਕਥਾਮ ਕੀਤੀ ਗਈ।

  ਕਿਸਾਨਾਂ ਨੂੰ ਬੀ ਟੀ ਨਰਮੇ ਦੀਆਂ ਸਿਫ਼ਾਰਿਸ਼ ਕੀਤੀਆਂ ਕਿਸਮਾਂ, ਸਮੇਂ ਸਿਰ ਬਿਜਾਈ, ਪੌਸ਼ਟਿਕ ਪ੍ਰਬੰਧਨ, ਸਾਫ਼ ਸੁਥਰੀ ਕਾਸ਼ਤ ਅਤੇ ਲੋੜ ਮੁਤਾਬਕ ਰਸਾਇਣਕ/ ਗੈਰ-ਰਸਾਇਣਕ ਵਿਧੀਆਂ ਦੀ ਵਰਤੋਂ ਸੰਬੰਧੀ ਘੱਟੋ-ਘੱਟ ਧੱਧਰ ਬਾਰੇ ਸੁਚੇਤ ਕੀਤਾ ਗਿਆ । ਕੀਟਾਂ ਦੀ ਗਿਣਤੀ ਦੀ ਸਹੀ ਦੇਖ ਰੇਖ ਕਰਨ ਅਤੇ ਕਿਸਾਨਾਂ ਦੀ ਉਚਿਤ ਅਗਵਾਈ ਕਰਨ ਹਿੱਤ ਪੀਏਯੂ ਵੱਲੋਂ ਸਿਖਲਾਈ ਕੈਂਪਾਂ,ਖੇਤੀ ਸਾਹਿਤ, ਇਸ਼ਤਿਹਾਰਾਂ,ਵੱਟਸਐਪ, ਟੀ.ਵੀ/ਰੇਡੀਓ ਵਾਰਤਾਵਾਂ ਕਰਵਾਈਆਂ ਗਈਆਂ। ਚਿੱਟੀ ਮੱਖੀ ਦੇ ਲਗਾਤਾਰ ਸਰਵੇਖਣ ਲਈ ਨਰਮਾ-ਪੱਟੀ ਖੇਤਰ ਦੇ ਹਰ ਪਿੰਡ ਵਿਚ 500 ਵਿਦਿਆਰਥੀਆਂ ਨੂੰ ਨਾਲ ਜੋੜਿਆ ਗਿਆ। ਪੀਏਯੂ ਦੇ ਵਾਈਸ ਚਾਂਸਲਰ ਦੀ ਚੇਅਰਮੈਨਸ਼ਿਪ ਹੇਠ ਅੰਤਰਰਾਜੀ ਸਲਾਹਕਾਰੀ ਅਤੇ ਚਿੱਟੀ ਮੱਖੀ ਲਈ ਦੇਖ ਰੇਖ ਕਮੇਟੀ ਦੀਆਂ 4 ਮੀਟਿੰਗਾਂ ਬਠਿੰਡਾ ਅਤੇ ਅਬੋਹਰ ਵਿਖੇ ਹੋਈਆਂ ।

- **ਕਣਕ ਵਿੱਚ ਪੀਲੀ ਕੁੰਗੀ ਦੀ ਰੋਕਥਾਮ** : ਕਣਕ ਵਿੱਚ ਪੀਲੀ ਕੁੰਗੀ ਦੀ ਸਰਵਪੱਖੀ ਪਹੁੰਚ ਵਿਧੀ, ਜਿਸ ਵਿੱਚ ਪੰਜਾਬ ਦੇ ਨੀਮ ਪਹਾੜੀ ਇਲਾਕਿਆਂ ਵਿੱਚ ਸਮੇਂ ਸਮੇਂ ਤੇ ਦੇਖ ਰੇਖ ਕਰਨਾ, ਕਿਸਾਨਾਂ ਨੂੰ ਅਤਿ ਸੰਵੇਦਨਸ਼ੀਲ ਕਿਸਮਾਂ ਨਾ ਬੀਜਣ ਦੀ ਸਲਾਹ ਦੇਣਾ, ਅਕਤੂਬਰ ਵਿੱਚ ਅਗੇਤੀ ਬਿਜਾਈ ਤੋਂ ਪ੍ਰਹੇਜ ਕਰਨਾ ਅਤੇ ਲੋੜ ਅਧਾਰਿਤ ਉੱਲੀਨਾਸ਼ਕਾਂ ਦੀ ਵਰਤੋਂ ਕਰਨਾ ਸ਼ਾਮਲ ਹੈ, ਰਾਹੀਂ ਸਫ਼ਲਤਾਪੂਰਵਕ ਰੋਕਥਾਮ ਕੀਤੀ ਗਈ। ਲਾਗ ਦੇ ਮੁਢਲੇ ਲੱਛਣਾਂ ਨੂੰ ਸਮੇਂ ਸਿਰ ਪਛਾਣਿਆ ਗਿਆ ਅਤੇ ਫਫੂੰਦੀਨਾਸ਼ਕਾਂ ਰਾਹੀਂ ਇਸ ਤੇ ਕਾਬੂ ਪਾਇਆ ਗਿਆ । ਇਸ ਉਪਰੰਤ ਕਿਸਾਨਾਂ ਨੂੰ ਮੌਸਮ ਦੇ ਹਾਲਾਤਾਂ ਮੁਤਾਬਕ ਨਿਰੰਤਰ ਜਾਣਕਾਰੀ ਦਿੱਤੀ ਗਈ । ਇਹ ਲਾਗ ਔਸਤਨ ਜ਼ਿਆਦਾ ਤੇਜ਼ੀ ਨਾ ਫ਼ੜ ਸਕੀ ਅਤੇ ਝਾੜ ਦਾ ਨੁਕਸਾਨ ਹੋਣੋਂ ਵੀ ਟਲ ਗਿਆ ।

- **ਸਿਫ਼ਾਰਸ਼ ਕੀਤੀਆਂ ਕਿਸਮਾਂ** : 2017-18 ਵਿਚ ਹਾੜੀ ਅਤੇ ਸਾਉਣੀ ਦੀਆਂ ਫਸਲਾਂ ਦੀ ਬਿਜਾਈ ਤੋਂ ਪਹਿਲਾਂ ਚਲਾਈਆਂ ਵਿਸ਼ੇਸ਼ ਮੁਹਿੰਮਾਂ ਨੇ ਸਿਫਾਰਿਸ਼ ਕੀਤੀਆਂ ਕਿਸਮਾਂ ਹੇਠ ਰਕਬਾ ਵਧਾਉਣ ਵਿਚ ਸਹਾਇਤਾ ਕੀਤੀ। 2017-18 ਵਿਚ ਕਣਕ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਹੇਠ 97.7 ਪ੍ਰਤੀਸ਼ਤ ਰਕਬਾ ਆਇਆ ਜੋ 2016-17 ਵਿਚ 96.9 ਤੋਂ ਵਧੇਰੇ ਸੀ। ਇਸੇ ਤਰ੍ਹਾਂ ਝੋਨੇ ਲਈ ਸਿਫਾਰਸ਼ ਕੀਤੀਆਂ ਕਿਸਮਾਂ ਹੇਠ 2016 ਦੇ 61.6 ਦੇ ਮੁਕਾਬਲੇ 2017 ਵਿਚ ਰਕਬਾ ਵਧ ਕੇ 68.7 ਪ੍ਰਤੀਸ਼ਤ ਹੋ ਗਿਆ।

- **ਗਾਜਰ-ਬੂਟੀ ਦਾ ਖਾਤਮਾ** : ਵੱਖ-ਵੱਖ ਜ਼ਿਲ੍ਹਿਆਂ ਦੇ 47 ਪਿੰਡਾਂ ਵਿਚ ਗਾਜਰ ਬੂਟੀ ਦੇ ਖਾਤਮੇ ਲਈ ਇਕ ਮੁਹਿੰਮ ਚਲਾਈ ਗਈ ਤਾਂ ਜੋ ਸੂਬੇ ਨੂੰ ਗਾਜਰ ਬੂਟੀ ਤੋਂ ਮੁਕਤ ਕੀਤਾ ਜਾ ਸਕੇ।

- **ਜੈਵਿਕ ਖਾਦਾਂ ਅਤੇ ਬਾਇਓਏਜੰਟਸ ਬਾਰੇ ਰੁਚੀ ਵਧਾਉਣੀ:** ਜੈਵਿਕ ਖਾਦਾਂ ਦੀ ਵਰਤੋਂ ਲਈ ਇਕ ਮੁਹਿੰਮ ਚਲਾਈ ਗਈ ਜਿਸ ਸਦਕੇ ਜੈਵਿਕ ਖਾਦਾਂ ਦੀ ਵਰਤੋਂ ਨਾਲ ਕਣਕ ਅਧੀਨ ਰਕਬਾ 2016-17 ਵਿਚ 52,000 ਏਕੜ ਤੋਂ ਵਧ ਕੇ 2017-18 ਵਿਚ 56000 ਏਕੜ ਹੋਇਆ । ਨਾਲ ਹੀ ਗੰਨਾ, ਝੋਨਾ ਅਤੇ ਮਕਈ ਦਾ 12,003 ਏਕੜ ਰਕਬਾ ਪਿਛਲੇ ਸਾਲ ਦੌਰਾਨ ਟ੍ਰਾਂਈਕੋਕਾਰਡ ਅਧੀਨ ਸੀ । 2017-18 ਦੌਰਾਨ ਹੀ ਬਾਸਮਤੀ ਦੇ ਪੈਰਾਂ ਦੇ ਗਾਲ਼ੇ ਦੇ ਰੋਗ ਦੀ ਰੋਕਥਾਮ ਲਈ 500 ਏਕੜ ਟ੍ਰਾਈਕੋਡਰਮਾ ਅਧੀਨ ਸੀ ।

## ਖੇਤ ਦਿਵਸ

ਪੀਏਯੂ ਵੱਲੋਂ ਵਿਕਸਿਤ ਕੀਤੀਆਂ ਨਵੀਆਂ ਤਕਨੀਕਾਂ ਅਤੇ ਸਿਫਾਰਿਸ਼ਾਂ ਦੇ ਪਸਾਰ ਲਈ ਯੂਨੀਵਰਸਿਟੀ ਵੱਲੋਂ ਖੇਤ ਦਿਵਸ ਆਯੋਜਿਤ ਕੀਤੇ ਜਾਂਦੇ ਹਨ । ਇਸ ਤਹਿਤ ਪੰਜਾਬ ਦੇ ਵੱਖੋ-ਵੱਖ ਪਿੰਡਾਂ ਵਿੱਚ 300 ਖੇਤ ਦਿਵਸ ਮਨਾਏ ਗਏ, ਜਿਨ੍ਹਾਂ ਦਾ ਮੰਤਵ ਝੋਨੇ ਦੀ ਸਿੱਧੀ ਜਾਂ ਮਸ਼ੀਨਾਂ ਨਾਲ ਲੁਆਈ, ਫ਼ਸਲੀ ਰਹਿੰਦ-ਖੂੰਹਦ ਦੀ ਸੰਭਾਲ, ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਵਿੱਚ ਸੰਯੁਕਤ ਕੀਟ ਪ੍ਰਬੰਧਨ, ਪੀਏਯੂ ਫਰੂਟ ਫਲਾਈ ਟ੍ਰੈਪਜ਼, ਦਾਲਾਂ ਦੀ ਖੇਤੀ(ਸੋਇਆਬੀਨ, ਛੋਲੇ ਆਦਿ) ਅਤੇ ਮੱਕੀ ਦੀ ਕਾਸ਼ਤ, ਸੂਰਜਮੁਖੀ ਅਤੇ ਗੋਭੀ ਸਰ੍ਹੋਂ ਦੀ ਕਾਸ਼ਤ ਆਦਿ ਨੂੰ ਉਤਸ਼ਾਹਿਤ ਕਰਨਾ ਸੀ।

## ਅਪਨਾਏ ਖੋਜ ਤਜਰਬੇ

ਯੂਨੀਵਰਸਿਟੀ ਦੀ ਖੋਜ ਪ੍ਰਣਾਲੀ ਵੱਲੋਂ ਵਿਕਸਿਤ ਕੀਤੀਆਂ ਨਵੀਆਂ ਤਕਨੀਕਾਂ ਨੂੰ ਵੱਖੋ-ਵੱਖ ਖੇਤੀ ਪੌਣ-ਪਾਣੀ ਦੀਆਂ ਹਾਲਤਾਂ ਮੁਤਾਬਿਕ ਕਿਸਾਨਾਂ ਦੇ ਖੇਤਾਂ ਵਿਚੇ ਪਰਖਣ ਲਈ ਅਪਨਾਏ ਜਾਣ ਯੋਗ ਖੋਜ ਤਜਰਬੇ ਕੀਤੇ ਜਾਂਦੇ ਹਨ । ਰਿਪੋਰਟ ਵਿਚ ਵਰਣਿਤ ਸਮੇਂ ਦੌਰਾਨ ਫ਼ਸਲਾਂ ਦੀਆਂ ਨਵੀਆਂ ਕਿਸਮਾਂ, ਉਤਪਾਦਨ ਅਤੇ ਸੁਰੱਖਿਆ ਤਕਨੀਕਾਂ ਦੀ ਪਰਖ ਕਰਨ ਲਈ ਵੱਖੋ-ਵੱਖ ਸਥਾਨਾਂ ਤੇ 542 ਏਆਰਟੀ'ਜ਼ ਕਰਵਾਏ ਗਏ ।ਇਨ੍ਹਾਂ ਤਜਰਬਿਆਂ ਦੇ ਆਧਾਰ ਤੇ 67 ਸਿਫ਼ਾਰਸ਼ਾਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 22 ਨਵੀਆਂ ਕਿਸਮਾਂ (12 ਖੇਤ ਫ਼ਸਲਾਂ, 5 ਸਬਜ਼ੀਆਂ, 3 ਫ਼ਲਾਂ ਦੀਆਂ ਫ਼ਸਲਾਂ

ਅਤੇ 2 ਫੁੱਲਾਂ ਦੀਆਂ), 17 ਪੌਦ ਸੁਰੱਖਿਆ ਤਕਨੀਕਾਂ ਅਤੇ ਇੱਕ ਖੇਤ ਮਸ਼ੀਨਰੀ ਨਾਲ ਸੰਬੰਧਤ ਸਨ ।

## ਆਨ ਫਾਰਮ ਟ੍ਰਾਇਲਜ਼ (ਖੇਤਾਂ ਵਿੱਚ ਤਜਰਬੇ)

ਕਿਸਾਨਾਂ ਦੇ ਖੇਤਾਂ ਦੀਆਂ ਹਾਲਤਾਂ ਅਨੁਸਾਰ ਨਵੀਂ ਤਕਨੀਕ/ਵਿਚਾਰ ਨੂੰ ਪੀਏਯੂ ਦੀਆਂ ਸਿਫ਼ਾਰਸ਼ਾਂ ਅਤੇ ਕਿਸਾਨਾਂ ਵੱਲੋਂ ਅਪਣਾਏ ਜਾਂਦੇ ਤਰੀਕਿਆਂ ਅਨੁਸਾਰ ਪਰਖਣ ਲਈ ਆਨ ਫਾਰਮ ਟ੍ਰਾਇਲਜ਼ (ਓਐੱਫਟੀ'ਜ਼) ਕਰਵਾਏ ਜਾਂਦੇ ਹਨ । ਕ੍ਰਿਸ਼ੀ ਵਿਗਿਆਨ ਕੇਂਦਰ ਦੇ ਵਿਗਿਆਨੀਆਂ ਵੱਲੋਂ ਅਜਿਹੇ 139 ਤਜਰਬੇ ਕੀਤੇ ਗਏ । ਇਨ੍ਹਾਂ ਵਿੱਚੋਂ ਕੁਝ ਪ੍ਰਮੁੱਖ ਤਜਰਬਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

- **ਆਲੂਆਂ ਦੀ ਫ਼ਸਲ ਵਿੱਚ ਫਾਸਫੋਰਸ ਦੀ ਢੁਕਵੀ ਵਰਤੋਂ:** ਕਿਸਾਨ ਫਾਰਮ ਯਾਰਡ ਮੈਨੁਅਰ ਦੀ ਗੈਰਹਾਜ਼ਰੀ ਵਿੱਚ ਫ਼ਾਸਫੋਰਸ ਖਾਦ ਦੀ ਲੋੜ ਤੋਂ ਵਧੇਰੇ ਵਰਤੋਂ ਕਰਦੇ ਹਨ । ਇਸ ਤਰ੍ਹਾਂ ਇੱਕ ਤਜ਼ਰਬਾ ਕਰਦਿਆਂ 50 ਐੱਫ ਵਾਈ ਐੱਮ ਦੀ ਸਿਫ਼ਾਰਸ਼ ਮੁਤਾਬਿਕ 137.5 ਕਿੱਲੋ/ਹੈਕਟੇਅਰ ਡੀਏਪੀ, 275 ਕਿੱਲੋ ਡੀਏਪੀ (ਦਖਲ) ਅਤੇ ਕਿਸਾਨਾਂ ਦੀ ਰਵਾਇਤ ਅਨੁਸਾਰ 500 ਕਿਲੋਗ੍ਰਾਮ/ਹੈਕਟੇਅਰ ਡੀਏਪੀ ਦੀ ਵਰਤੋਂ ਕੀਤੀ ਗਈ । ਇਸ ਵਿਧੀ ਰਾਹੀਂ ਆਲੂਆਂ ਦਾ ਝਾੜ ਕ੍ਰਮਵਾਰ 350 ਕੁਇੰਟਲ/ਹੈਕਟੇਅਰ, 348 ਕੁਇੰਟਲ/ਹੈਕਟੇਅਰ ਅਤੇ 351.5 ਕੁਇੰਟਲ/ਹੈਕਟੇਅਰ ਪ੍ਰਾਪਤ ਹੋਇਆ । ਨਤੀਜਿਆਂ ਨੇ ਸਿੱਧ ਕੀਤਾ ਕਿ ਐੱਫ ਵਾਈ ਐੱਮ ਦੀ ਅਣਹੋਂਦ ਵਿੱਚ 275 ਕਿੱਲੋ ਡੀਏਪੀ ਵੀ (50 ਐੱਫ ਵਾਈ ਐੱਮ) ਸਿਫ਼ਾਰਸ਼ੀ ਮਿਕਦਾਰ 137.5 ਕਿੱਲੋ/ਹੈਕਟੇਅਰ ਜਿੰਨਾ ਝਾੜ ਹੀ ਦਿੰਦਾ ਹੈ ।
- **ਪੂਸਾ ਬਾਸਮਤੀ 1121 ਲਈ ਨਾਈਟ੍ਰੋਜਨ ਖਾਦ ਦੀ ਸੁਚੱਜੀ ਵਰਤੋਂ** : ਆਮ ਤੌਰ ਤੇ ਕਿਸਾਨ ਪੀਏਯੂ ਦੀਆਂ ਸਿਫ਼ਾਰਸ਼ਾਂ 36 ਕਿੱਲੋ ਯੂਰੀਆ/ਏਕੜ ਤੋਂ ਉਲਟ ਪੂਸਾ ਬਾਸਮਤੀ 1121 ਲਈ 100 ਤੋਂ 120 ਕਿਲੋਗ੍ਰਾਮ ਯੂਰੀਆ ਦੀ ਵਰਤੋਂ ਕਰਦੇ ਹਨ । ਕਿਸਾਨਾਂ ਵਿੱਚ ਇਹ ਤਰੀਕਾ (11 ਕਿੱਲੋ ਪ੍ਰਤੀ ਏਕੜ) ਨੂੰ ਸਿਫ਼ਾਰਸ਼ੀ ਮਿਕਦਾਰ (36 ਕਿੱਲੋ/ਏਕੜ) ਅਤੇ ਦਖ਼ਲ (50 ਕਿੱਲੋ/ਏਕੜ ਯੂਰੀਆ) ਦੇ ਮੁਕਾਬਲੇ ਪਰਖਿਆ ਗਿਆ। ਨਤੀਜੇ ਇਹ ਸੰਕੇਤ ਕਰਦੇ ਹਨ ਕਿ ਤਿੰਨਾਂ ਵਿਧੀਆਂ ਨਾਲ ਸਮਾਨ ਝਾੜ ਮਿਲਿਆ । 36 ਕਿੱਲੋ/ਏਕੜ ਵਾਲੀ ਸਿਫ਼ਾਰਸ਼ੀ ਮਿਕਦਾਰ ਸਭ ਤੋਂ ਵਧੀਆ ਤਰੀਕਾ ਸਿੱਧ ਹੋਇਆ ।
- **ਗਰਮ ਰੁੱਤ ਦੇ ਮਾਂਹ ਲਈ ਵੱਖ-ਵੱਖ ਨਦੀਨ ਨਾਸ਼ਕਾਂ ਦੀ ਵਰਤੋਂ** : ਬਿਜਾਈ ਤੋਂ 15 ਅਤੇ 40 ਦਿਨਾਂ ਬਾਅਦ ਦੋ ਗੋਡੀਆਂ ਅਤੇ ਇਮੇਜ਼ਥਾਪਾਇਰ+ਇਮਾਜ਼ਾਮੋਕਸ 70% ਡਬਲਯੂ ਜੀ ਵਰਗੇ ਨਵੇਂ ਨਦੀਨ ਨਾਸ਼ਕਾਂ ਦੇ ਮਿਸ਼ਰਣ ਦਾ ਖੇਤ ਵਿੱਚ ਤਜ਼ਰਬੇ ਵਿੱਚ ਪਹਿਲਾਂ ਸਿਫ਼ਾਰਸ਼ ਕੀਤੇ ਹੋਏ ਪੈਂਡੀਮੈਥਾਲੋਨ 30% ਈ ਸੀ ਦੇ ਮੁਕਾਬਲੇ ਮੁਲਾਂਕਣ ਕੀਤਾ ਗਿਆ । ਬਿਜਾਈ ਤੋਂ 20 ਦਿਨਾਂ ਬਾਅਦ 100 ਗ੍ਰਾਮ ਪ੍ਰਤੀ ਹੈਕਟੇਅਰ ਇਮੇਜ਼ਥਾਪਾਇਰ+ਇਮਾਜ਼ਾਮੋਕਸ 70% ਡਬਲਯੂ ਜੀ ਦੀ ਵਰਤੋਂ ਨਾਲ ਨਦੀਨਾਂ ਦੀ ਗਿਣਤੀ (8.2 ਪ੍ਰਤੀ ਵਰਗ ਮੀਟਰ) ਵਿੱਚ ਵੱਡੀ ਕਮੀ ਵੇਖਣ ਵਿੱਚ ਆਈ ਅਤੇ ਦੋ ਗੋਡੀਆਂ (9.35 ਕੁਇੰਟਲ/ਹੈਕਟੇਅਰ) ਬਿਜਾਈ ਸਮੇਂ (2.5 ਲਿਟਰ ਪ੍ਰਤੀ ਹੈਕਟੇਅਰ) ਅਤੇ ਪੈਂਡੀਮੈਥਾਲਿਨ 30 ਈ ਸੀ ਦੀ ਵਰਤੋਂ (3.5 ਕੁਇੰਟਲ/ਹੈਕਟੇਅਰ) ਪੈਂਡੀਮੈਥਾਲਾਨ 30 ਈ ਸੀ ਦੀ ਵਰਤੋਂ 8.5 ਕੁਇੰਟਲ/ਹੈਕਟੇਅਰ ਅਤੇ ਬਿਜਾਈ ਸਮੇਂ 2.5 ਲਿਟਰ/ਹੈਕਟੇਅਰ ਦੇ ਮੁਕਾਬਲੇ ਦਾਣਿਆਂ ਦਾ ਵੱਧ ਝਾੜ (10.5 ਕੁਇੰਟਲ/ਹੈਕਟੇਅਰ) ਪ੍ਰਾਪਤ ਹੋਇਆ ।
- **ਬਾਸਮਤੀ ਵਿੱਚ ਪੈਰਾਂ ਦੇ ਗਾਲ਼ੇ ਰੋਗ ਦੀ ਰੋਕਥਾਮ** : ਬਾਸਮਤੀ ਵਿੱਚ ਪੈਰਾਂ ਦੇ ਗਾਲ਼ੇ ਦੀ ਰੋਕਥਾਮ ਲਈ ਬੀਜ ਅਤੇ ਪਨੀਰੀ ਦੀ ਸੋਧ ਦੀ ਸਿਫ਼ਾਰਸ਼ ਕੀਤੀ ਗਈ । ਆਮ ਤੌਰ ਤੇ ਕਿਸਾਨ ਬੀਜ ਦੀ ਸੁਧਾਈ ਕਰਦੇ ਹਨ ਅਤੇ ਉੱਲੀ ਨਾਸ਼ਕ ਦੇ ਘੋਲ ਵਿੱਚ ਪਨੀਰੀ ਦੀਆਂ ਜੜ੍ਹਾਂ ਨੂੰ ਡੋਬਣ ਦੀ ਕਿਰਿਆ ਨੂੰ ਭੁਲਾ ਦਿੰਦੇ ਹਨ । ਬਾਵਿਸਟਨ 500 ਗ੍ਰਾਮ/ਏਕੜ ਦੀ ਵਰਤੋਂ ਨਾਲ ਪਨੀਰੀ ਅਤੇ ਖੇਤ ਵਿੱਚ ਲਵਾਈ ਮਗਰੋਂ ਸੋਧ ਦਾ ਇੱਕ ਤਜ਼ਰਬਾ ਕੀਤਾ ਗਿਆ । ਸਿਫ਼ਾਰਸ਼ ਮੁਤਾਬਿਕ ਬਾਵਿਸਟਨ (0.2%) ਦੇ ਘੋਲ ਵਿੱਚ ਜੜ੍ਹਾਂ ਡੋਬਣ ਨਾਲ 51.2 ਕੁਇੰਟਲ/ਹੈਕਟੇਅਰ ਝਾੜ ਪ੍ਰਾਪਤ ਹੋਇਆ । ਪਨੀਰੀ ਦੀ ਪੁਟਾਈ ਤੋਂ ਦੋ ਦਿਨ ਪਹਿਲਾਂ ਬਾਵਿਸਟਨ ਦੇ ਛੱਟਾ ਦੇਣ ਦੇ ਦਖਲ ਨਾਲ 48.7 ਕੁਇੰਟਲ/ਹੈਕਟੇਅਰ ਅਤੇ ਕਿਸਾਨਾਂ ਵੱਲੋਂ ਅਪਨਾਏ ਜਾਂਦੇ ਤਰੀਕੇ ਪਨੀਰੀ ਦੀ ਖੇਤ ਵਿੱਚ ਲੁਆਈ ਤੋਂ ਇੱਕ ਹਫ਼ਤਾ ਬਾਅਦ ਬਾਵਿਸਟਨ ਦੀ ਵਰਤੋਂ ਨਾਲ 47 ਕੁਇੰਟਲ/ਹੈਕਟੇਅਰ ਝਾੜ ਨਿਕਲਿਆ । ਸਿਫ਼ਾਰਸ਼ੀ ਤਰੀਕੇ ਨੇ ਇਸ ਤਰ੍ਹਾਂ ਆਪਣੀ ਉਤਮਤਾ ਸਾਬਿਤ ਕੀਤੀ ।
- **ਸਾਉਣੀ ਰੁੱਤ ਦੇ ਪਿਆਜ਼ ਦੀ ਕਾਸ਼ਤ ਦੀਆਂ ਤਕਨੀਕਾਂ** : ਸਾਉਣੀ ਸੀਜ਼ਨ ਵਿੱਚ 10 ਸੈ.ਮੀ. ਦੀ ਦੂਰੀ ਤੇ ਵੱਟਾਂ ਉੱਪਰ ਪਿਆਜ਼ ਦੀ ਕਾਸ਼ਤ ਦੀ ਸਿਫ਼ਾਰਸ਼ ਕੀਤੀ ਗਈ । 4 ਕਤਾਰਾਂ ਪ੍ਰਤੀ ਵੱਟ (ਝਾੜ ਵਧਾਉਣ ਦੇ ਉਦੇਸ਼ ਲਈ) ਕਿਸਾਨਾਂ ਦੇ ਪ੍ਰਚਲਿਤ ਤਰੀਕੇ 15x7.5 ਸੈ.ਮੀ. ਵਿੱਥ ਨਾਲ ਇਕ ਖੇਤ ਤਜਰਬਾ ਕੀਤਾ ਗਿਆ । ਵੱਟਾਂ 'ਤੇ ਬਿਜਾਈ ਨੇ ਸਿੱਧੀ ਬਿਜਾਈ ਨਾਲੋਂ ਬਿਹਤਰ ਸਿੱਟੇ ਦਿੱਤੇ । ਹਾਲਾਂਕਿ ਮਿਣਤੀ ਪੱਖੋਂ 3 ਕਤਾਰਾਂ ਜਾਂ 4 ਕਤਾਰਾਂ ਐਨੇ ਅਹਿਮ ਅੰਕੜੇ ਨਹੀਂ ਸਨ ।
- **ਮਿਰਚਾਂ ਦੀ ਨੀਵੀਂ ਸੁਰੰਗ ਤਕਨੀਕ** : ਕਿਸਾਨ ਦਸੰਬਰ ਵਿੱਚ ਮਿਰਚਾਂ ਦੀ ਪਨੀਰੀ ਦੀ ਤਿਆਰੀ ਕਰਦੇ ਹਨ । ਸਿਹਤਮੰਦ ਪਨੀਰੀ ਤਿਆਰ ਕਰਨ ਲਈ ਨੀਵੀਂ ਸੁਰੰਗ ਤਕਨੀਕ ਦੀ ਸਿਫ਼ਾਰਸ਼ ਕੀਤੀ ਗਈ । ਅਕਤੂਬਰ ਵਿੱਚ ਪੌਲੀ ਹਾਊਸ ਵਿੱਚ ਤਿਆਰ ਕੀਤੀ ਅਤੇ ਨਵੰਬਰ ਵਿੱਚ ਲਾਈ ਅਗੇਤੀ ਪਨੀਰੀ ਨੇ (225 ਕੁਇੰਟਲ/ਹੈਕਟੇਅਰ) ਵਧੇਰੇ ਝਾੜ ਦਿੱਤਾ ਜੋ ਫਰਵਰੀ-ਮਾਰਚ ਵਿੱਚ ਲਗਾਈ ਜਾਂਦੀ ਪਨੀਰੀ ਦੇ ਝਾੜ 220 ਕੁਇੰਟਲ/ਹੈਕਟੇਅਰ ਅਤੇ 1.6 ਬੀ ਸੀ ਦਰ ਦੇ ਮੁਕਾਬਲੇ 2.2 ਦੀ ਮੁਨਾਫ਼ਾ ਕੀਮਤ (ਬੀ ਸੀ) ਦਰ ਵਧੇਰੇ ਸੀ ।

- **ਗਾਵਾਂ ਦੇ ਲੇਵੇ ਦੀ ਸੋਜ ਲਈ ਵਿਟਾਮਿਨ ਈ ਵਾਲੀ ਖੁਰਾਕ ਦਾ ਪ੍ਰਭਾਵ** : ਦੋਗਲੀਆਂ ਗਾਵਾਂ ਵਿੱਚ ਲੇਵੇ ਦੀ ਸੋਜ ਬਹੁਤ ਆਮ ਪਾਈ ਜਾਣ ਵਾਲੀ ਸਮੱਸਿਆ ਹੈ । ਇਸ ਦੀ ਰੋਕਥਾਮ ਲਈ ਪ੍ਰਤੀ ਦਿਨ 1000 ਆਈ ਯੂ ਵਿਟਾਮਿਨ ਈ ਦੇ ਵਾਧੇ ਦਾ ਇੱਕ ਤਜਰਬਾ ਕੀਤਾ ਗਿਆ ਜੋ ਕਿਸਾਨਾਂ ਵਿੱਚ ਪ੍ਰਚਲਿਤ ਪਸ਼ੂ ਖੁਰਾਕ ਨਾਲ ਹਰੇ ਚਾਰੇ ਦੀ ਵਰਤੋਂ ਦੇ ਤਰੀਕੇ ਤੋਂ ਉਲਟ ਸੀ । ਵਿਟਾਮਿਨ ਈ ਦੇ ਵਾਧੇ ਵਾਲੇ ਤਰੀਕੇ ਨਾਲ ਪ੍ਰਚਲਿਤ ਤਰੀਕੇ ਨਾਲੋਂ ਲੇਵੇ ਦੀ ਸੋਜ ਦੀ ਸਮੱਸਿਆ ਇਕਤਾਲੀ ਪ੍ਰਤੀਸ਼ਤ ਘਾਟ ਦਰਜ ਕੀਤੀ ਗਈ ।
- **ਝੋਟੀਆਂ ਦੀ ਪਹਿਲੇ ਸੂਏ ਦੀ ਉਮਰ ਘਟਾਉਣੀ** : ਝੋਟੀਆਂ ਵਿੱਚ ਪਹਿਲੇ ਸੂਏ ਦੀ ਉਮਰ ਘਟਾਉਣ ਲਈ ਇਕ ਤਜਰਬਾ ਕੀਤਾ ਗਿਆ ਜੋ ਸਤੁੰਲਨ ਪੋਸ਼ਕਾਂ ਦੇ ਸਹੀ ਪ੍ਰਬੰਧਨ 'ਤੇ ਆਧਾਰਿਤ ਸੀ । ਸੰਤੁਲਿਤ ਖੁਰਾਕ ਲਈ 50 ਗ੍ਰਾਮ ਧਾਤਾਂ+50 ਗ੍ਰਾਮ ਕਿਰਮ/ਮਲੱਪ ਰਹਿਤ ਕਰਨ ਵਾਲੀ ਖੁਰਾਕ ਅਤੇ ਵਾਧਾ ਕਰਕੇ 50 ਗ੍ਰਾਮ ਧਾਤਾਂ+50 ਗ੍ਰਾਮ ਕਿਰਮ ਰਹਿਤ ਕਰਨ ਵਾਲੀ ਖੁਰਾਕ ਅਤੇ ਪਸ਼ੂ ਚਾਟ (200 ਗ੍ਰਾਮ ਰੋਜ਼ਾਨਾ ਇੱਕ ਮਹੀਨੇ ਲਈ) ਕਿਸਾਨਾਂ ਵਿੱਚ ਪ੍ਰਚਲਿਤ ਢੰਗ ਸਿਰਫ਼ ਹਰੇ ਚਾਰੇ ਦੇ ਸਮਾਂਤਰ ਦਿੱਤੀ ਗਈ । ਪਸ਼ੂ ਚਾਟ ਅਤੇ ਸੰਤੁਲਿਤ ਖੁਰਾਕ ਵਾਲੇ ਢੰਗ ਨਾਲ ਪਹਿਲੇ ਸੂਏ ਦੀ ਉਮਰ ਸਿਰਫ਼ ਹਰੇ ਚਾਰੇ ਵਾਲੇ ਤਰੀਕੇ ਦੇ ਮੁਕਾਬਲੇ 3.5 ਮਹੀਨੇ ਤੱਕ ਘੱਟ ਹੋਈ ।
- **ਸਿਆਹੀ ਦੇ ਦਾਗ ਹਟਾਉਣੇ** : ਤਾਜ਼ੇ ਅਤੇ ਪੁਰਾਣੇ ਸਿਆਹੀ ਦੇ ਦਾਗਾਂ ਨੂੰ ਰੰਗੀਨ ਕੱਪੜਿਆਂ (67% ਪਲਿਸਟਰ ਅਤੇ 33% ਸੂਤੀ) ਵਿਸ਼ੇਸ਼ ਕਰਕੇ ਸਕੂਲੀ ਵਰਦੀਆਂ ਤੇ ਹਟਾਉਣ ਦੀ ਯੋਗਤਾ ਦਾ ਮੁਲਾਂਕਣ ਕੀਤਾ ਗਿਆ। ਬਜ਼ਾਰ ਵਿੱਚ ਮਿਲਦੇ ਸਿਆਹੀ ਹਟਾਉਣ ਵਾਲੇ ਉਤਪਾਦ (Vanish), ਬੋਰਕਸ ਘੋਲ (ਸਿਫ਼ਾਰਸ਼ੀ ਤਰੀਕਾ) ਅਤੇ ਨਮਕ ਅਤੇ ਨਿੰਬੂ ਨੂੰ ਸਿਆਹੀ ਦੇ ਦਾਗ ਹਟਾਉਣ ਲਈ ਕ੍ਰਮਵਾਰ ਤਰੀਕੇ ਨਾਲ ਅਸਰਦਾਰ ਪਾਇਆ ਗਿਆ ।

## ਪ੍ਰਦਰਸ਼ਨੀਆਂ

ਪੀਏਯੂ ਵੱਲੋਂ ਵਿਕਸਿਤ ਕੀਤੀਆਂ ਫ਼ਸਲ ਉਤਪਾਦਨ, ਸੁਰੱਖਿਆ ਅਤੇ ਹੋਰ ਖੇਤੀ ਤਕਨੀਕਾਂ ਨੂੰ ਕਿਸਾਨਾਂ ਦੀਆਂ ਬਰੂਹਾਂ ਤੱਕ ਪਹੁੰਚਾਉਣ ਲਈ ਕਿਸਾਨਾਂ ਦੇ ਖੇਤਾਂ ਅਤੇ ਕੇਵੀਕੇ ਦੇ ਫਾਰਮਾਂ ਤੇ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਤੇਲ ਬੀਜ ਫ਼ਸਲਾਂ (ਮੂੰਗਫ਼ਲੀ, ਤਿੱਲ, ਗੋਭੀ ਸਰ੍ਹੋਂ, ਤੋਰੀਆ, ਰਾਇਆ ਅਤੇ ਸੂਰਜਮੁਖੀ), ਦਾਲਾਂ (ਗਰਮੀਆਂ ਦੀ ਮੂੰਗੀ, ਮੁੱਖ ਸੀਜ਼ਨ ਦੀ ਮੂੰਗੀ, ਮਾਂਹ, ਸੋਇਆਬੀਨ, ਛੋਲੇ ਅਤੇ ਮਸਰ), ਪਰਮਲ ਚੌਲ, ਬਾਸਮਤੀ ਚੌਲ, ਨਰਮਾ (ਅਮਰੀਕਨ ਅਤੇ ਦੇਸੀ), ਮੱਕੀ ਅਤੇ ਮੱਕਚਰ੍ਹੀ ਦੀਆਂ ਸੋਧੀਆਂ ਕਿਸਮਾਂ ਦੀਆਂ 3156 ਫਰੰਟ ਲਾਈਨ ਪ੍ਰਦਰਸ਼ਨੀਆਂ ਲਗਾਈਆਂ ਗਈਆਂ । ਸਰੋਤਾਂ ਦੀ ਸਾਂਭ-ਸੰਭਾਲ ਦੀਆਂ ਤਕਨੀਕਾਂ ਜਿਵੇਂ ਕਿ ਪੱਤਾ ਰੰਗ ਚਾਰਟ ਰਾਹੀਂ ਝੋਨੇ ਵਿੱਚ ਨਾਈਟ੍ਰੋਜਨ ਦਾ ਪ੍ਰਬੰਧਨ; ਸਿਫ਼ਾਰਸ਼ ਪੀ ਤੱਤ ਦੀ ਮਾਤਰਾ ਨਾਲ ਉਗਾਈ ਕਣਕ ਤੋਂ ਬਾਅਦ ਝੋਨਾ ਨਰਮਾ ਅਤੇ ਮੱਕੀ ਵਿੱਚ ਪੀ ਤੱਤ ਦਾ ਹੋਰ ਛਿੜਕਾਅ ਨਾ ਕਰਨਾ; ਬਾਸਮਤੀ ਵਿੱਚ ਮੁੱਢ ਦੇ ਗਾਲੇ ਦੀ ਰੋਕਥਾਮ ਲਈ ਬੀਜ ਅਤੇ ਨਰਸਰੀ ਨੂੰ ਸੋਧਣਾ; ਖੜ੍ਹੇ ਪਾਣੀ ਦੀ ਨਿਕਾਸੀ ਤੋਂ ਬਾਅਦ ਝੋਨੇ ਨੂੰ ਪਾਣੀ ਲਾਉਣਾ; ਝੋਨੇ ਦੀ ਕਾਸ਼ਤ ਤੋਂ ਪਹਿਲਾਂ ਹਰੀ ਖਾਦ ਪਾਉਣਾ; ਬੇਲਰ, ਐੱਸ ਐੱਮ ਐੱਸ ਅਤੇ ਚੌਪਰ ਰਾਹੀਂ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ, ਕਣਕ ਦੀ ਬਿਜਾਈ ਲਈ ਹੈਪੀ ਸੀਡਰ ਦੀ ਵਰਤੋਂ; ਝੋਨੇ ਦੇ ਟ੍ਰਾਂਸਪਲਾਂਟਰ ਦੀ ਵਰਤੋਂ; ਟ੍ਰਾਈਕੋਦਰਮਾ ਹੈਰਜ਼ੀਏਨਮ ਰਾਹੀਂ ਮੱਕੀ ਦੇ ਗੜੂੰਏਂ ਦੀ ਰੋਕਥਾਮ; ਜੈਵਿਕ ਖਾਦਾਂ ਦੀ ਵਰਤੋਂ; ਭੂਮੀ ਪਰਖ ਦੇ ਅਧਾਰ ਤੇ ਖਾਦਾਂ ਦੀ ਵਰਤੋਂ; ਮੱਕੀ ਅਤੇ ਸਿੱਧੇ ਬੀਜੇ ਝੋਨੇ ਵਿੱਚ ਨਦੀਨਾਂ ਦੀ ਰੋਕਥਾਮ ਅਤੇ ਪਰਮਲ ਝੋਨੇ ਅਤੇ ਬਾਸਮਤੀ ਝੋਨੇ ਵਿੱਚ ਤਣੇ ਦੇ ਗੜੂੰਏਂ/ਪੱਤਾ ਲਪੇਟ ਦੀ ਰੋਕਥਾਮ ਉੱਤੇ ਵੀ ਖੇਤ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

ਇਨ੍ਹਾਂ ਤੋਂ ਇਲਾਵਾ ਸਰ੍ਹੋਂ ਅਤੇ ਤੋਰੀਏ ਦੀ ਰਲਵੀਂ ਕਾਸ਼ਤ, ਕਮਾਦ ਵਿੱਚ ਗੋਭੀ ਸਰ੍ਹੋਂ ਦਾ ਅੰਤਰ ਫ਼ਸਲੀਕਰਨ, ਗਰਮੀਆਂ ਅਤੇ ਸਰਦੀਆਂ ਦੀਆਂ ਸਬਜ਼ੀਆਂ ਦੀ ਪੌਸ਼ਟਿਕ ਬਗੀਚੀ, ਝੋਨੇ ਦੀ ਪਰਾਲੀ ਦੇ ਚੌਪਰ ਦੀ ਵਰਤੋਂ, ਕਣਕ ਦੇ ਬੀਜ ਦੀ ਸੁਧਾਈ, ਹਲਦੀ ਦੀ ਕਾਸ਼ਤ, ਸਬਜ਼ੀਆਂ ਦੀ ਕਾਸ਼ਤ ਲਈ ਨੀਵੀਂ ਸੁਰੰਗ ਤਕਨੀਕ, ਗਰਮੀਆਂ ਵਿੱਚ ਬਾਗਾਂ ਨੂੰ ਬਚਾਉਣ, ਕਣਕ/ਆਲੂ/ਮਟਰਾਂ ਵਿੱਚ ਹਾਈਡ੍ਰੋਜੈੱਲ ਦੀ ਵਰਤੋਂ, ਸਾਉਣੀ ਦੇ ਪਿਆਜ਼ਾਂ ਲਈ ਬਲਬ ਸੈੱਟ ਤਕਨੀਕ, ਬਰਸਾਤੀ ਮੌਸਮ ਵਿੱਚ ਟਮਾਟਰ ਅਤੇ ਬਰੌਕਲੀ ਦੀ ਕਾਸ਼ਤ, ਨਿੰਬੂ ਜਾਤੀ ਵਿੱਚ ਮੁੱਢ ਦੇ ਗਾਲੇ ਲਈ ਉੱਲੀਨਾਸ਼ਕਾਂ ਦਾ ਪ੍ਰਬੰਧਣ ਅਤੇ ਨਰਮੇ ਵਿੱਚ ਪੈਰਾਵਿਲਟ ਦੀ ਰੋਕਥਾਮ ਲਈ ਕੋਬਾਲਟ ਕਲੋਰਾਈਡ ਦੀ ਵਰਤੋਂ ਉੱਤੇ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

ਖੇਤ ਪ੍ਰਦਰਸ਼ਨੀਆਂ ਤੋਂ ਇਲਾਵਾ ਖੇਤੀ ਦੇ ਪ੍ਰਮੁੱਖ ਢੰਗ/ਤਰੀਕਿਆਂ ਨੂੰ ਦਰਸਾਉਂਦੀਆਂ ਪ੍ਰਦਰਸ਼ਨੀਆਂ ਵੀ ਲਗਾਈਆਂ ਗਈਆਂ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਮਿੱਟੀ ਅਤੇ ਪਾਣੀ ਦੇ ਨਮੂਨੇ ਭਰਨ, ਬੀਜ ਸੋਧ, ਕਮਾਦ/ਬਰਸੀਮ/ਛੋਲੇ/ਮਟਰ/ਮਸਰ ਵਿੱਚ ਰਾਈਜ਼ੋਬੀਅਮ ਰਲਾਉਣ, ਖੇਤੀ ਰਸਾਇਣਾਂ ਦੇ ਛਿੜਕਾਅ ਦੀਆਂ ਤਕਨੀਕਾਂ, ਨਦੀਨਾਂ ਦੀ ਪਛਾਣ, ਸਬਜ਼ੀਆਂ ਦੀ ਨਰਸਰੀ ਉਗਾਉਣ, ਗ੍ਰਹਿ ਪ੍ਰਬੰਧਣ ਅਤੇ ਭੋਜਨ ਬਣਾਉਣ ਦੇ ਵੱਖੋ-ਵੱਖ ਪੱਖਾਂ ਅਤੇ ਪਸ਼ੂ ਵਿਗਿਆਨ ਉੱਤੇ 2191 ਪ੍ਰਦਰਸ਼ਨੀਆਂ ਲਗਾਈਆਂ ਗਈਆਂ । ਕਿਸਾਨਾਂ ਖਾਸ ਤੌਰ ਤੇ ਨਿਮਨ ਕਿਸਾਨਾਂ ਵਿੱਚ ਸਹਾਇਕ ਧੰਦਿਆਂ (ਮਧੂ ਮੱਖੀ ਪਾਲਣ, ਖੁੰਭਾਂ ਦੀ ਕਾਸ਼ਤ ਆਦਿ) ਨੂੰ ਉਤਸ਼ਾਹਿਤ ਕਰਨ ਲਈ ਵੀ ਪ੍ਰਦਰਸ਼ਨੀਆਂ ਲਗਾਈਆਂ ਗਈਆਂ ।

## ਸਿਖਲਾਈਆਂ ਅਤੇ ਨੁਮਾਇਸ਼ਾਂ

ਖੇਤੀ ਉਤਪਾਦਨ ਅਤੇ ਖੇਤੀ ਆਮਦਨ ਵਧਾਉਣ ਹਿਤ ਕਿਸਾਨਾਂ, ਕਿਸਾਨ ਬੀਬੀਆਂ ਅਤੇ ਪਸਾਰ ਮਾਹਿਰਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਕੇਵੀਕੇ'ਜ਼ ਅਤੇ ਪੀਏਯੂ ਵਿਖੇ ਸਥਿਤ ਅਡਵਾਂਸਡ ਸੈਂਟਰ ਆਫ਼ ਟ੍ਰੇਨਿੰਗ ਵੱਲੋਂ 1469 ਸਿਖਲਾਈ ਪ੍ਰੋਗਰਾਮ (1047 ਸ਼ਾਰਟ, 267 ਵੋਕੇਸ਼ਨਲ, 120 ਇਨ-ਸਰਵਿਸ ਅਤੇ 35 ਵਿੱਤੀ ਸਹਾਇਤਾ ਪ੍ਰਾਪਤ) ਲਗਾਏ ਗਏ। ਵੋਕੇਸ਼ਨਲ ਸਿਖਲਾਈਆਂ ਸੂਖਮ ਖੇਤੀ, ਹਾਈਬ੍ਰਿਡ ਬੀਜ ਉਤਪਾਦਨ, ਸਬਜ਼ੀਆਂ ਦੀ

ਸੁਰੱਖਿਅਤ ਕਾਸ਼ਤਕਾਰੀ, ਫ਼ਲਾਂ ਦੇ ਪੌਦਿਆਂ ਦੀ ਛੰਗਾਈ, ਖੁੰਭਾਂ ਦੀ ਕਾਸ਼ਤ, ਮਧੂ ਮੱਖੀ ਪਾਲਣ, ਖੇਤੀ ਉਤਪਾਦਨਾਂ ਦੀ ਗੁਣਵਤਾ ਵਧਾਉਣ (ਅਚਾਰ, ਮੁਰੱਬਾ, ਕੈਚਅੱਪ ਤਿਆਰ ਕਰਨ), ਟਾਈ ਅਤੇ ਡਾਈ, ਸਿਲਾਈ ਅਤੇ ਕਢਾਈ, ਪੋਲਟਰੀ, ਡੇਅਰੀ ਪਾਲਣ, ਸੂਰ ਪਾਲਣ, ਬੱਕਰੀ ਪਾਲਣ ਆਦਿ ਤੇ ਲਗਾਈਆਂ ਗਈਆਂ । ਇਨ੍ਹਾਂ ਸਿਖਲਾਈਆਂ ਵਿੱਚੋਂ 20,163 ਕਿਸਾਨਾਂ, 7,801 ਕਿਸਾਨ ਬੀਬੀਆਂ ਅਤੇ 2129 ਪਸਾਰ ਮਾਹਿਰਾਂ ਨੇ ਲਾਹਾ ਲਿਆ ।

## ਨੁਮਾਇਸ਼ਾਂ

ਪੀਏਯੂ ਵੱਲੋਂ ਵਿਕਸਿਤ ਕੀਤੀਆਂ ਨਵੀਆਂ ਅਤੇ ਸੋਧੀਆਂ ਹੋਈਆਂ ਤਕਨੀਕਾਂ ਅਤੇ ਪ੍ਰੈਕਟਸਿਸ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕਿਸਾਨ ਮੇਲਿਆਂ, ਸਿਖਲਾਈ ਕੈਂਪਾਂ, ਖੇਤ ਦਿਵਸਾਂ, ਵਿਗਿਆਨਕ ਸਲਾਹਕਾਰੀ ਕਮੇਟੀ ਦੀਆਂ ਮੀਟਿੰਗਾਂ, ਵਿਸ਼ੇਸ਼ ਦਿਵਸਾਂ ਦੌਰਾਨ ਨੁਮਾਇਸ਼ਾਂ ਲਗਾਈਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਉਤਪਾਦਨ, ਸੁਰੱਖਿਆ ਅਤੇ ਸਰੋਤਾਂ ਦੀ ਸਾਂਭ-ਸੰਭਾਲ ਨਾਲ ਸੰਬੰਧਤ ਪ੍ਰਮੁੱਖ ਤਕਨੀਕਾਂ; ਪੌਦਿਆਂ ਦੇ ਨਮੂਨਿਆਂ; ਖੇਤ ਮਸ਼ੀਨਰੀ; ਤੁਪਕਾ ਸਿੰਚਾਈ, ਸੰਯੁਕਤ ਖੇਤੀ ਪ੍ਰਣਾਲੀ, ਗੰਡੋਇਆਂ ਦੀ ਖਾਦ, ਘਰੇਲੂ ਬਗੀਚੀ; ਪ੍ਰੋਸੈਸਿੰਗ ਦਾ ਸਾਜ਼ੋ ਸਮਾਨ ਅਤੇ ਖੇਤੀ ਸਾਹਿਤ ਉੱਤੇ ਆਧਾਰਿਤ 803 ਨੁਮਾਇਸ਼ਾਂ ਲਗਾਈਆਂ ਗਈਆਂ ।

## ਕਾਰਜਸ਼ਾਲਾਵਾਂ

ਪੀਏਯੂ ਵਿਖੇ ਕਾਰਜਸ਼ਾਲਾਵਾਂ ਲੱਗਦੀਆਂ ਰਹਿੰਦੀਆਂ ਹਨ ਜਿਨ੍ਹਾਂ ਵਿੱਚ ਯੂਨੀਵਰਸਿਟੀ ਵਿਗਿਆਨੀ ਅਤੇ ਪਸਾਰ ਮਾਹਿਰ ਪੀਏਯੂ ਵੱਲੋਂ ਵਿਕਸਿਤ ਕੀਤੀਆਂ ਤਕਨੀਕਾਂ ਦੇ ਨਤੀਜਿਆਂ ਬਾਰੇ ਵਿਚਾਰ ਵਟਾਂਦਰੇ ਕਰਦੇ ਹਨ ਅਤੇ ਕਿਸਾਨਾਂ ਲਈ ਖੇਤੀ ਫ਼ਸਲਾਂ ਦੀਆਂ ਸਿਫ਼ਾਰਸ਼ਾਂ (ਪੈਕੇਜ ਆਫ਼ ਪ੍ਰੈਕਟਸਿਸ) ਨੂੰ ਅੰਤਿਮ ਰੂਪ ਦਿੰਦੇ ਹਨ । ਇਨ੍ਹਾਂ ਕਾਰਜਸ਼ਾਲਾਵਾਂ ਦੌਰਾਨ ਪਸਾਰ ਮਾਹਿਰ ਕਿਸਾਨਾਂ ਨੂੰ ਖੇਤਾਂ ਵਿੱਚ ਦਰਪੇਸ਼ ਚੁਣੌਤੀਆਂ ਬਾਰੇ ਵਿਗਿਆਨੀਆਂ ਨੂੰ ਫੀਡਬੈਕ ਦਿੰਦੇ ਹਨ ਤਾਂ ਜੋ ਉਨ੍ਹਾਂ ਨੂੰ ਨਜਿੱਠਿਆ ਜਾ ਸਕੇ। ਇਸ ਸਾਲ ਦੌਰਾਨ ਛੇ ਕਾਰਜਸ਼ਾਲਾਵਾਂ ਲਗਾਈਆਂ ਗਈਆਂ ਜਿਵੇਂ ਕਿ 'ਹਾੜ੍ਹੀ ਦੀਆਂ ਫ਼ਸਲਾਂ ਲਈ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (31 ਅਗਸਤ-1 ਸਤੰਬਰ 2017);ਫਾਰਮਰ ਪ੍ਰੋਡਿਊਸਰ ਆਰਗੇਨਾਈਜ਼ੇਸ਼ਨਜ਼ ਉੱਤੇ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ/ਸਿਖਲਾਈ (20 ਨਵੰਬਰ 2017); ਫਲਾਂ, ਖੁੰਬਾਂ, ਜੰਗਲਾਤ ਅਤੇ ਫਸਲ ਦੀ ਵਢਾਈ ਉਪਰੰਤ ਸਾਂਭ-ਸੰਭਾਲ, ਫਾਰਮ ਪਾਵਰ ਅਤੇ ਮਸ਼ੀਨਰੀ, ਭੋਜਨ ਤਕਨਾਲੋਜੀ ਬਾਰੇ ਪਸਾਰ ਮਾਹਿਰਾਂ ਦੀ ਵਰਕਸ਼ਾਪ (11-12 ਜਨਵਰੀ 2018)ਅਤੇ ਪਸਾਰ ਮਾਹਿਰਾਂ ਲਈ ਰਾਜ-ਪੱਧਰੀ ਵਰਕਸ਼ਾਪ (6 ਫਰਵਰੀ 2018) ਤੋਂ ਬਿਨਾਂ ਸਾਉਣੀ ਦੀਆਂ ਫ਼ਸਲਾਂ ਲਈ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (21-22 ਫ਼ਰਵਰੀ 2018) ਅਤੇ ਸਬਜ਼ੀਆਂ ਬਾਰੇ ਖੋਜ ਅਤੇ ਪਸਾਰ ਮਾਹਿਰਾਂ ਦੀ ਵਰਕਸ਼ਾਪ (10-11 ਮਈ 2018)।

## ਕਿਸਾਨਾਂ ਦੀਆਂ ਜੱਥੇਬੰਦੀਆਂ

ਕਿਸਾਨਾਂ ਦੀਆਂ ਵੱਖੋ-ਵੱਖ ਜੱਥੇਬੰਦੀਆਂ ਦੀਆਂ ਮੀਟਿੰਗਾਂ ਕਰਵਾਈਆਂ ਗਈਆਂ ਤਾਂ ਜੋ ਵੱਖੋ-ਵੱਖ ਖੇਤਰਾਂ ਵਿਚਲੀਆਂ ਨਵੀਆਂ ਖੋਜਾਂ ਦਾ ਅਦਾਨ ਪ੍ਰਦਾਨ ਹੋ ਸਕੇ । ਪੀਏਯੂ ਕਿਸਾਨ ਕਲੱਬ ਦੇ ਮੈਂਬਰਾਂ ਲਈ 10 ਮਹੀਨਾਵਾਰ ਸਿਖਲਾਈ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ 4474 ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਸ਼ਿਰਕਤ ਕੀਤੀ । ਇਸ ਤੋਂ ਇਲਾਵਾ ਅਗਾਂਹਵਧੂ ਮਧੂ ਮੱਖੀ ਪਾਲਕਾਂ ਦੀ ਐਸੋਸੀਏਸ਼ਨ ਦੇ ਮੈਂਬਰਾਂ ਲਈ 10 ਮਹੀਨਾਵਾਰ ਮੀਟਿੰਗਾਂ ਕਰਵਾਈਆਂ ਗਈਆਂ ਜਿਨ੍ਹਾਂ ਵਿੱਚ 863 ਕਿਸਾਨਾਂ ਨੇ ਸ਼ਮੂਲੀਅਤ ਕੀਤੀ । ਬੀਜ ਉਤਪਾਦਕਾਂ ਅਤੇ ਨਰਸਰੀ ਉਗਾਉਣ ਵਾਲਿਆਂ ਦੀ ਜੱਥੇਬੰਦੀ ਦੇ ਮੈਂਬਰਾਂ ਲਈ 3-3 ਸਿਖਲਾਈ ਕੈਂਪ ਲਗਾਏ ਗਏ ਜਿਨ੍ਹਾਂ ਵਿੱਚ ਕ੍ਰਮਵਾਰ 213 ਅਤੇ 85 ਕਿਸਾਨ ਸ਼ਾਮਲ ਹੋਏ । ਰੁੱਖ ਪਾਲਕਾਂ ਦੀ ਜੱਥੇਬੰਦੀ ਅਤੇ ਪੀਏਯੂ ਆਰਗੈਨਿਕ ਫਾਰਮਿੰਗ ਕਲੱਬ ਦੇ ਮੈਂਬਰਾਂ ਦੀਆਂ 3-3 ਮੀਟਿੰਗਾਂ ਕਰਵਾਈਆਂ ਗਈਆਂ, ਜਿਨ੍ਹਾਂ ਵਿੱਚ 182 ਰੁੱਖ ਪਾਲਕ ਸ਼ਾਮਲ ਹੋਏ ।ਇਕ ਸਿਖਲਾਈ ਕੈਂਪ ਪੀਏਯੂ ਦੇ ਫੁੱਲ ਉਗਾਉਣ ਵਾਲੇ ਮੈਂਬਰਾਂ ਦੀ ਹੋਈ ਜਿਸ ਵਿਚ 59 ਕਿਸਾਨ ਸ਼ਾਮਿਲ ਸਨ।

## ਸੂਚਨਾ ਅਤੇ ਸੰਚਾਰ ਦੇ ਸਾਧਨ

- **ਡਿਜ਼ੀਟਲ ਅਖਬਾਰ** : ਖੇਤੀ ਸੰਦੇਸ਼ ਨਾਂ ਦਾ ਡਿਜੀਟਲ ਅਖਬਾਰ ਕਿਸਾਨਾਂ ਤਕ ਨਵੀਨ ਤਕਨੀਕਾਂ ਪਹੁੰਚਾਉਣ ਲਈ ਆਰੰਭ ਕੀਤਾ ਗਿਆ। ਹੁਣ ਤਕ ਇਹ ਅਖਬਾਰ ਵੱਟਸਐਪ ਗਰੁੱਪਾਂ ਰਾਹੀਂ 5 ਲੱਖ ਤਕ ਪਹੁੰਚ ਬਣਾ ਚੁੱਕਾ ਹੈ।
- **ਪੀਏਯੂ ਦੂਤ** : ਯੂਨੀਵਰਸਿਟੀ ਵੱਲੋਂ ਇੰਟਰਨੈੱਟ ਦੀ ਵਰਤੋਂ ਕਰਨ ਵਾਲੇ ਕਿਸਾਨਾਂ ਨੂੰ ਪੀਏਯੂ ਦੂਤ ਵਜੋਂ ਸ਼ਾਮਲ ਕੀਤਾ ਜਾਂਦਾ ਹੈ, ਜੋ ਆਪਣੇ ਸੰਬੰਧਤ ਪਿੰਡਾਂ ਵਿੱਚ ਲਾਊਡ ਸਪੀਕਰਾਂ ਜਾਂ ਸੰਚਾਰ ਦੇ ਹੋਰ ਸਾਧਨਾਂ ਰਾਹੀਂ ਪੀਏਯੂ ਦੇ ਖੇਤੀ ਸੰਬੰਧਤ ਸੰਦੇਸ਼ ਘਰ-ਘਰ ਪਹੁੰਚਾਉਣ ਦਾ ਉਪਰਾਲਾ ਕਰਦੇ ਹਨ । ਪੀਏਯੂ ਵੱਲੋਂ ਆਪਣੇ ਇਨ੍ਹਾਂ ਦੂਤਾਂ ਨੂੰ ਹਰ ਹਫ਼ਤੇ ਈਮੇਲ ਰਾਹੀਂ ਖੇਤੀ ਸੰਬੰਧਤ 2-3 ਸੰਦੇਸ਼ ਭੇਜੇ ਜਾਂਦੇ ਹਨ। ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ 764 ਪੀਏਯੂ ਦੂਤਾਂ ਨੂੰ ਸ਼ਾਮਲ ਕੀਤਾ ਗਿਆ ਅਤੇ ਇਨ੍ਹਾਂ ਨੂੰ 72 ਸੰਦੇਸ਼ ਭੇਜੇ ਗਏ । ਹੁਣ ਤੱਕ 5873 ਪੀਏਯੂ ਦੂਤਾਂ ਨੂੰ ਸ਼ਾਮਲ ਕੀਤਾ ਜਾ ਚੁੱਕਾ ਹੈ ।
- **ਮੌਸਮ ਅਧਾਰਿਤ ਖੇਤੀ-ਸਲਾਹ ਐੱਸ ਐੱਮ ਐੱਸ** : ਇਸ ਸੇਵਾ ਅਧੀਨ 3,03,361 ਕਿਸਾਨਾਂ ਨੂੰ ਮੌਸਮ ਆਧਾਰਿਤ ਖੇਤੀ ਮਸ਼ਵਰੇ ਲਈ ਦਰਜ ਕੀਤਾ ਗਿਆ ਹੈ।
- **ਵੱਟਸਐਪ ਗਰੁੱਪ** : ਕੁੱਲ 121 ਵੱਟਸਐਪ ਗਰੁੱਪ ਨਵੀਨ ਤਕਨੀਕਾਂ ਨੂੰ ਕਿਸਾਨਾਂ ਤਕ ਪਹੁਚਾਉਣ ਲਈ ਕੇਵੀਕੇ/ਕਿਸਾਨ ਸਲਾਹਕਾਰ ਸੇਵਾ ਕੇਂਦਰਾਂ ਦੇ ਵਿਗਿਆਨੀਆਂ ਵਲੋਂ ਬਣਾਏ ਗਏ ਹਨ।
- **ਵੀਡੀਓ ਕੈਪਸੂਲ** : ਫਸਲਾਂ ਦੀਆਂ ਕਿਸਮਾਂ, ਸੰਯੁਕਤ ਕੀਟ ਪ੍ਰਬੰਧਨ, ਫਸਲੀ ਰਹਿੰਦ-ਖੂੰਹਦ ਦੀ ਸੰਭਾਲ ਆਦਿ ਨਵੀਆ ਤਕਨੀਕਾਂ ਕਿਸਾਨਾਂ ਤਕ ਪਹੁੰਚਾਉਣ ਲਈ ਮੋਬਾਈਲ ਫੋਨ ਦੇ ਕੁੱਲ 22 ਵੀਡੀਓ ਕੈਪਸੂਲ ਬਣਾਏ ਗਏ।
- **ਫਾਰਮਰ ਪੋਰਟਲ** : ਯੂਨੀਵਰਸਿਟੀ ਵੱਲੋਂ 'ਫਾਰਮਰ ਪੋਰਟਲ' ਸ਼ੁਰੂ ਕੀਤਾ ਗਿਆ ਜਿਸ ਨੂੰ ਪੀਏਯੂ ਵੈੱਬਸਾਈਟ (www.

pau.edu) ਤੇ ਪਾਇਆ ਗਿਆ ਤਾਂ ਜੋ ਲੋੜਵੰਦਾਂ ਨੂੰ ਫਾਇਦਾ ਹੋ ਸਕੇ ।

## ਜਨ-ਸਾਧਨਾਂ ਰਾਹੀਂ ਸੰਚਾਰ

ਸੰਚਾਰ ਅਤੇ ਅੰਤਰਰਾਸ਼ਟਰੀ ਸੰਪਰਕ ਕੇਂਦਰ ਵੱਲੋਂ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਜਿਸ ਵਿੱਚ ਦੂਰਦਰਸ਼ਨ ਕੇਂਦਰ ਅਤੇ ਆਲ ਇੰਡੀਆ ਰੇਡੀਓ, ਜਲੰਧਰ ਵੀ ਸ਼ਾਮਲ ਹੈ, ਨਾਲ ਬਹੁਤ ਨੇੜਲਾ ਰਾਬਤਾ ਰੱਖਿਆ ਜਾਂਦਾ ਹੈ ਤਾਂ ਜੋ ਯੂਨੀਵਰਸਿਟੀ ਦੀਆਂ ਗਤੀਵਿਧੀਆਂ ਨੂੰ ਵੱਧ ਤੋਂ ਵੱਧ ਕਿਸਾਨਾਂ ਅਤੇ ਹੋਰਾਂ ਤੱਕ ਪਹੁੰਚਾਇਆ ਜਾ ਸਕੇ । ਕੇਂਦਰ ਵੱਲੋਂ ਵੱਖੋ-ਵੱਖ ਅਖਬਾਰਾਂ ਅਤੇ ਖਬਰਾਂ ਦੇ ਚੈਨਲਾਂ ਨੂੰ ਨਿਰੰਤਰ ਪ੍ਰੈਸ ਰਿਲੀਜ਼ਾਂ ਜਾਰੀ ਕੀਤੀਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਕੇਂਦਰ ਵੱਲੋਂ 876 ਪ੍ਰੈਸ ਰਿਲੀਜ਼ਾਂ (ਅੰਗਰੇਜ਼ੀ ਭਾਸ਼ਾ ਵਿੱਚ 450 ਅਤੇ ਪੰਜਾਬੀ ਭਾਸ਼ਾ ਵਿੱਚ 426) ਜਾਰੀ ਕੀਤੀਆਂ ਗਈਆਂ । ਕੇਂਦਰ ਵੱਲੋਂ ਪੀਏਯੂ ਵਿਗਿਆਨੀਆਂ ਦੇ ਬਹੁਤ ਸਾਰੇ ਆਰਟੀਕਲਜ਼ ਵੱਖੋ-ਵੱਖ ਅਖਬਾਰਾਂ ਅਤੇ ਮੈਗਜ਼ੀਨਾਂ ਨੂੰ ਪ੍ਰਕਾਸ਼ਨਾ ਹਿੱਤ ਭੇਜੇ ਗਏ। ਕੇਂਦਰ ਵੱਲੋਂ ਵੱਖੋ-ਵੱਖ ਪ੍ਰੋਗਰਾਮਾਂ ਦੀ ਟੀ ਵੀ ਕਵਰੇਜ ਵੀ ਕਰਵਾਈ ਗਈ ਅਤੇ 14 ਕਿਸਾਨ ਮੇਲਾ ਰਿਪੋਰਟਾਂ ਤਿਆਰ ਕਰਵਾ ਕੇ ਦੂਰਦਰਸ਼ਨ ਤੋਂ ਟੈਲੀਕਾਸਟ ਕਰਵਾਈਆਂ ਗਈਆਂ । ਪੀਏਯੂ ਵਿਗਿਆਨੀਆਂ ਦੀਆਂ 340 ਟੀ ਵੀ ਟਾਕਜ਼ ਲਈ ਦੂਰਦਰਸ਼ਨ ਕੇਂਦਰ ਜਲੰਧਰ ਅਤੇ 352 ਰੇਡੀਓ ਟਾਕਜ਼ ਲਈ ਆਲ ਇੰਡੀਆ ਰੇਡੀਓ, ਜਲੰਧਰ ਨਾਲ ਰਾਬਤਾ ਕਾਇਮ ਕੀਤਾ ਗਿਆ । ਇਸ ਤੋਂ ਬਿਨਾਂ 6 ਡਾਕੂਮੈਂਟਰੀਆਂ ਅਤੇ ਦੋ ਇਸ਼ਤਿਹਾਰ ਵੀ ਤਿਆਰ ਕੀਤੇ ਗਏ।

## ਖੇਤੀ ਪ੍ਰਕਾਸ਼ਨਾਵਾਂ

ਕੇਂਦਰ ਵੱਲੋਂ ਦੋ ਮਹੀਨਾਵਾਰ ਖੇਤੀ ਰਸਾਲੇ 'ਚੰਗੀ ਖੇਤੀ' (ਪੰਜਾਬੀ ਵਿੱਚ) ਅਤੇ 'ਪ੍ਰੋਗਰੈਸਿਵ ਫਾਰਮਿੰਗ' (ਅੰਗਰੇਜ਼ੀ ਵਿੱਚ) ਕੱਢੇ ਜਾਂਦੇ ਹਨ । ਦੋਵੇਂ ਖੇਤ ਮੈਗਜ਼ੀਨਾਂ ਨੂੰ ਚਾਰ ਰੰਗਾਂ ਵਿੱਚ ਆਫਸੈੱਟ ਮਸ਼ੀਨਾਂ ਤੇ ਛਾਪਿਆ ਜਾਂਦਾ ਹੈ ਤਾਂ ਜੋ ਦਿੱਖ ਵਧੀਆ ਲੱਗੇ । ਸਾਲ 2017-18 ਦੌਰਾਨ ਇਨ੍ਹਾਂ ਰਸਾਲਿਆਂ ਦੀ ਸਾਂਝੀ ਸਰਕੂਲੇਸ਼ਨ 1,79,800 ਰਹੀ । ਕੇਂਦਰ ਵੱਲੋਂ ਪੰਜਾਬ ਦੀਆਂ ਫ਼ਸਲਾਂ ਦੀਆਂ ਸਿਫ਼ਾਰਸ਼ਾਂ ਵੀ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਸਾਲ ਵਿੱਚ ਦੋ ਵਾਰੀ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ । ਇਨ੍ਹਾਂ ਤੋਂ ਇਲਾਵਾ ਵੱਖੋ-ਵੱਖ ਫ਼ਸਲਾਂ ਅਤੇ ਤਕਨੀਕਾਂ ਉੱਤੇ ਵੀ ਖੇਤੀ ਬੁਲੇਟਿਨਜ਼ (25 ਅੰਗਰੇਜ਼ੀ ਵਿਚ ਅਤੇ 29 ਪੰਜਾਬੀ ਵਿਚ) ਪ੍ਰਕਾਸ਼ਿਤ ਕੀਤੇ ਗਏ। ਇਨ੍ਹਾਂ ਵਿੱਚ ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ ਦੀਆਂ ਸਿਫ਼ਾਰਸ਼ਾਂ (ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ), ਪੰਜਾਬ ਵਿੱਚ ਖੇਤੀ ਵਿਕਾਸ ਨੂੰ ਮੁੜ ਸੁਰਜੀਤ ਕਰਨਾ, ਕਿੰਨੋ, ਨਿੰਬੂ ਜਾਤੀ ਦੀ ਕਾਸ਼ਤ, ਸਫ਼ਲ ਕਿਸਾਨ ਪੰਜਾਬ ਦੇ, ਜੈਵਿਕ ਖੇਤੀ, ਟਰੈਕਟਰ ਦੀ ਵਰਤੋਂ ਅਤੇ ਸੰਭਾਲ, ਰਵਾਇਤੀ ਪੰਜਾਬੀ ਪਕਵਾਨ, ਪੰਜਾਬ ਵਿੱਚ ਆਲੂਆਂ ਦੀ ਕਾਸ਼ਤ ਆਦਿ ਸ਼ਾਮਲ ਹਨ ।

# ਮਾਨਵ ਸਰੋਤ, ਵਿੱਤ ਅਤੇ ਬੁਨਿਆਦੀ ਢਾਂਚੇ ਦਾ ਵਿਕਾਸ

## ਨਵੀਆਂ ਨਿਯੁਕਤੀਆਂ, ਤਰੱਕੀਆਂ ਅਤੇ ਸੇਵਾ ਮੁਕਤੀਆਂ

### ਨਵੀਆਂ ਨਿਯੁਕਤੀਆਂ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਹੇਠ ਲਿਖੀਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ। ਇਨ੍ਹਾਂ ਤੋਂ ਇਲਾਵਾ 50 ਸਹਾਇਕ ਪ੍ਰੋਫੈਸਰ ਅਤੇ ਉਨ੍ਹਾਂ ਦੇ ਬਰਾਬਰ ਅਤੇ ਪੰਜ ਸਹਿਯੋਗੀ ਪ੍ਰੋਫੈਸਰ ਅਤੇ ਉਨ੍ਹਾਂ ਦੇ ਬਰਾਬਰ ਦੀ ਸਿੱਧੀ ਭਰਤੀ ਕੀਤੀ ਗਈ।

| ਨਾਮ | ਅਹੁਦਾ | ਨਿਯੁਕਤੀ ਦੀ ਮਿਤੀ |
|---|---|---|
| ਡਾ. ਜੇ. ਐੱਸ. ਮਾਹਲ | ਨਿਰਦੇਸ਼ਕ ਪਸਾਰ ਸਿੱਖਿਆ | 22.01.2018 (ਬਾਅਦ ਦੁਪਹਿਰ) |
| ਡਾ. (ਸ੍ਰੀਮਤੀ) ਆਰ.ਕੇ. ਧਾਲੀਵਾਲ | ਨਿਰਦੇਸ਼ਕ ਵਿਦਿਆਰਥੀ ਭਲਾਈ | 22.01.2018 (ਬਾਅਦ ਦੁਪਹਿਰ) |
| ਡਾ. ਕੇ.ਐੱਸ. ਥਿੰਦ | ਵਧੀਕ ਨਿਰਦੇਸ਼ਕ ਖੋਜ (ਫ਼ਸਲ ਵਿਕਾਸ) | 14.09.2017 |
| ਡਾ. ਡੀ. ਐੱਸ. ਭੱਟੀ | ਵਧੀਕ ਨਿਰਦੇਸ਼ਕ ਪਸਾਰ ਸਿੱਖਿਆ | 14.09.2017 |
| ਡਾ. ਅਸ਼ੋਕ ਕੁਮਾਰ | ਵਧੀਕ ਨਿਰਦੇਸ਼ਕ ਖੋਜ | 22.01.2018 (ਬਾਅਦ ਦੁਪਹਿਰ) (ਦੂਸਰੀ ਵਾਰ) |
| ਡਾ. ਐੱਮ ਆਈ ਐੱਸ ਗਿੱਲ | ਵਧੀਕ ਨਿਰਦੇਸ਼ਕ ਖੋਜ (ਬਾਗਬਾਨੀ ਅਤੇ ਭੋਜਨ ਵਿਗਿਆਨ) | 22.01.2018 (ਬਾਅਦ ਦੁਪਹਿਰ) |
| ਡਾ. ਪੀ.ਕੇ. ਛੁਨੇਜਾ | ਮੁਖੀ, ਕੀਟ ਵਿਗਿਆਨ ਵਿਭਾਗ | 01.07.2017 |
| ਡਾ. ਸ਼ੰਮੀ ਕਪੂਰ | ਮੁਖੀ, ਮਾਈਕ੍ਰੋਬਾਇਓਲੋਜੀ ਵਿਭਾਗ | 29.07.2017 |
| ਡਾ. (ਸ੍ਰੀਮਤੀ) ਸੁਚੇਤਾ ਸ਼ਰਮਾ | ਮੁਖੀ, ਬਾਇਓਕੈਮਿਸਟਰੀ ਵਿਭਾਗ | 13.09.2017 |
| ਡਾ. ਜੀ.ਐੱਸ. ਮਾਂਗਟ | ਮੁਖੀ, ਪਲਾਂਟ ਬਰੀਡਿੰਗ ਤੇ ਜੈਨੇਟਿਕਸ ਵਿਭਾਗ | 01.11.2017 |
| ਡਾ. ਹਰਮਿੰਦਰ ਸਿੰਘ | ਮੁਖੀ,ਫਲ ਵਿਗਿਆਨ ਵਿਭਾਗ | 27.11.2017 |
| ਡਾ. ਪ੍ਰਭਜਯੋਤ ਕੌਰ | ਮੁਖੀ,ਜਲਵਾਯੂ ਬਦਲਾਅ ਅਤੇ ਖੇਤੀ ਮੌਸਮ ਵਿਗਿਆਨ ਵਿਭਾਗ | 27.02.2018 |
| ਡਾ. ਪਰਮਜੀਤ ਸਿੰਘ | ਨਿਰਦੇਸ਼ਕ,ਖੇਤਰੀ ਖੋਜ ਕੇਂਦਰ ਕਪੂਰਥਲਾ | 01.11.2017 |
| ਡਾ. ਪੀ.ਕੇ. ਅਰੋੜਾ | ਨਿਰਦੇਸ਼ਕ,ਖੇਤਰੀ ਖੋਜ ਕੇਂਦਰ ਅਬੋਹਰ | 01.11.2017 (ਦੂਸਰੀ ਵਾਰ) |
| ਡਾ. ਪੀ ਕੇ ਰਾਠੌੜ | ਨਿਰਦੇਸ਼ਕ,ਖੇਤਰੀ ਖੋਜ ਕੇਂਦਰ ਫਰੀਦਕੋਟ | 16.11.2017 (ਦੂਸਰੀ ਵਾਰ) |
| ਡਾ. ਸੀ. ਐੱਸ ਔਲਖ | ਨਿਰਦੇਸ਼ਕ, ਜੈਵਿਕ ਖੇਤੀ ਸਕੂਲ | 24.11.2017 |

### ਤਰੱਕੀਆਂ ਅਤੇ ਸੇਵਾ ਮੁਕਤੀਆਂ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ 15600-39100 ਰੁਪਏ ਦੇ ਪੇਅ ਸਕੇਲ ਵਿੱਚ ਸੇਵਾ ਨਿਭਾਅ ਰਹੇ 30ਸਹਾਇਕ ਪ੍ਰੋਫੈਸਰਾਂ ਨੂੰ 6000/-ਰੁਪਏ ਦੇ ਗਰੇਡ ਪੇਅ ਤੋਂ ਤਰੱਕੀ ਦੇ ਕੇ 7000/- ਰੁਪਏ ਦੇ ਗਰੇਡ ਪੇਅ ਵਿੱਚ ਲਿਆਂਦਾ; ਇੱਕੀ ਸਹਾਇਕ ਪ੍ਰੋਫੈਸਰਾਂ ਨੂੰ ਗਰੇਡ ਪੇਅ 7000/- ਰੁਪਏ ਤੋਂ ਤਰੱਕੀ ਦੇ ਕੇ 8000/- ਰੁਪਏ; ਨੌਂ ਸਹਾਇਕ ਪ੍ਰੋਫੈਸਰਾਂ ਨੂੰ ਗਰੇਡ ਪੇਅ 8000/- ਰੁਪਏ ਤੋਂ ਪਦ ਉੱਨਤ ਕਰਕੇ ਸਹਿਯੋਗੀ ਪ੍ਰੋਫੈਸਰ ਅਤੇ ਇਸਦੇ ਬਰਾਬਰ ਦੇ ਤਨਖਾਹ ਸਕੇਲ 37,400-67,000/- ਰੁਪਏ ਅਤੇ ਗਰੇਡ ਪੇਅ 9000/-ਰੁਪਏ; 17 ਸਹਿਯੋਗੀ ਪ੍ਰੋਫੈਸਰਾਂ ਨੂੰ ਗਰੇਡ ਪੇਅ 9000/- ਰੁਪਏ ਤੋਂ ਪਦਉੱਨਤ ਕਰਕੇ ਪ੍ਰੋਫੈਸਰ ਅਤੇ ਉਸਦੇ ਬਰਾਬਰ ਦੇ ਅਹੁਦੇ ਵਿੱਚ ਤਨਖਾਹ ਸਕੇਲ 37400-67000/- ਰੁਪਏ ਅਤੇ ਗਰੇਡ ਪੇਅ 10,000/- ਰੁਪਏ ਵਿੱਚ ਲਿਆਂਦਾ। ਇਸ ਦੌਰਾਨ 16 ਅਧਿਆਪਕ ਯੂਨੀਵਰਸਿਟੀ ਸੇਵਾਵਾਂ ਤੋਂ ਸੇਵਾ ਮੁਕਤ ਹੋਏ/ਅਸਤੀਫਾ ਦੇ ਗਏ।

## ਫੈਕਲਟੀ ਮੈਂਬਰਾਂ ਦੀ ਗਿਣਤੀ

| ਸ਼੍ਰੇਣੀ | ਮਨਜ਼ੂਰ ਅਸਾਮੀਆਂ | ਇਨ ਪੁਜ਼ੀਸ਼ਨ ਅਸਾਮੀਆਂ |
|---|---|---|
| ਰਾਜ | 1054 | 462 |
| ਆਈ ਸੀ ਏ ਆਰ | 156 | 155 |
| ਕੇ ਵੀ ਕੇ | 126 | 124 |
| ਹੋਰ | 23 | 17 |
| ਕੁੱਲ | 1359 | 758 |

## ਪੁਰਸਕਾਰ, ਮਾਣ ਅਤੇ ਸਨਮਾਨ

- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੂੰ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਵਿੱਚੋਂ ਪਹਿਲਾ ਦਰਜਾ ਮਿਲਿਆ ਅਤੇ ਭਾਰਤੀ ਖੇਤ ਖੋਜ ਪ੍ਰੀਸ਼ਦ ਨਵੀਂ ਦਿੱਲੀ ਵੱਲੋਂ 2017 ਵਿੱਚ ਖੇਤੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਵਿੱਚੋਂ ਰੈਂਕਿੰਗ ਪੱਖੋਂ ਤੀਜਾ ਦਰਜਾ ਦਿੱਤਾ ਗਿਆ ।
- ਇੰਡੀਆ ਟੂਡੇ ਰਸਾਲੇ ਵੱਲੋਂ ਅਗਸਤ 2017 ਵਿੱਚ ਭਾਰਤੀ ਆਜ਼ਾਦੀ ਦੇ 70 ਸਾਲਾਂ ਬਾਰੇ ਵਿਸ਼ੇਸ਼ ਅੰਕ ਵਿੱਚ ਪੀਏਯੂ ਨੂੰ ਆਧੁਨਿਕ ਭਾਰਤ ਦਾ ਇੱਕ 'ਆਈਕਨ' ਐਲਾਨ ਕੀਤਾ ਗਿਆ। 'ਹਾਰਵੈਸਟ ਆਫ਼ ਰਿਚਸ' ਸਿਰਲੇਖ ਹੇਠ ਯੂਨੀਵਰਸਿਟੀ ਦੀ ਉਸ ਭੂਮਿਕਾ ਨੂੰ ਪਛਾਣਿਆ ਗਿਆ ਜੋ ਹਰੀ ਕ੍ਰਾਂਤੀ ਰਾਹੀਂ ਭਾਰਤ ਨੂੰ ਅਨਾਜ ਪੱਖੋਂ ਸਵੈ-ਨਿਰਭਰ ਬਣਾਉਣ ਵਿੱਚ ਨਿਭਾਈ ਗਈ ।

### ਨਿਰਦੇਸ਼ਕ ਖੋਜ

- ਖੇਤਰੀ ਖੋਜ ਕੇਂਦਰ, ਕਪੂਰਥਲਾ ਦੀ ਮਾਨਤਾ ਗੰਨੇ ਬਾਰੇ ਖੋਜ ਦੇ ਆਲ ਇੰਡੀਆ ਕੋਆਰਡੀਨੇਟਡ ਰੀਸਰਚ ਪ੍ਰਜੈਕਟ (ਏਆਈਸੀਆਰਪੀ) ਅਧੀਨ 2017-18 ਲਈ ਗੰਨੇ ਦੀ ਖੋਜ ਦਾ ਸ਼ਾਨਦਾਰ ਖੋਜ ਕੇਂਦਰ ਵਜੋਂ ਕੀਤੀ ਗਈ ।
- ਆਲ ਇੰਡੀਆ ਕੋਆਰਡੀਨੇਟਰ ਰਿਸਰਚ ਪ੍ਰਜੈਕਟ (ਏਆਈਸੀਆਰਪੀ) ਲਈ ਪੀਏਯੂ ਦੇ ਫ਼ਸਲਾਂ ਬਾਰੇ ਰਾਸ਼ਟਰੀ ਖੋਜ ਪ੍ਰੋਜੈਕਟ (ਫ਼ਸਲਾਂ) ਕੇਂਦਰ ਨੂੰ 2018 ਦੇ ਸਰਵੋਤਮ ਬਰੀਡਰ ਬੀਜ ਉਤਪਾਦਨ ਕੇਂਦਰ ਵੱਲੋਂ ਚੁਣਿਆ ਗਿਆ ।
- ਖੇਤਰੀ ਖੋਜ ਕੇਂਦਰ ਦੇ ਡਾ. ਸਤਨਾਮ ਸਿੰਘ ਨੂੰ ਜੂਨ 2018 ਵਿੱਚ ਨੀਦਰਲੈਂਡ ਸਰਕਾਰ ਵੱਲੋਂ ਨਿਊਫਿਕ ਫੈਲੋਸ਼ਿਪ ਐਵਾਰਡ ਨਾਲ ਨਿਵਾਜ਼ ਕੇ 'ਸੰਯੁਕਤ ਕੀਟ ਪ੍ਰਬੰਧ' ਅਤੇ 'ਭੋਜਨ ਸੁਰੱਖਿਆ' ਬਾਰੇ ਵੈਜਨਜੇਨ ਵਿੱਚ ਇੱਕ ਸਿਖਲਾਈ ਕੋਰਸ ਵਿੱਚ ਹਿੱਸਾ ਲੈਣ ਲਈ ਬੁਲਾਇਆ ।
- ਖੇਤਰੀ ਖੋਜ ਕੇਂਦਰ ਬੱਲੋਵਾਲ ਸੌਂਖੜੀ ਦੇ ਡਾ. ਕੇ.ਕੇ. ਸ਼ਰਮਾ ਨੂੰ ਸੁਸਾਇਟੀ ਫਾਰ ਸਾਇੰਟਿਫਿਕ ਡਿਵੈਲਪਮੈਂਟ ਇਨ ਐਗਰੀਕਲਚਰ ਐਂਡ ਤਕਨਾਲੋਜੀ, ਝਾਂਸੀ ਵੱਲੋਂ 2017 ਦਾ 'ਯੁਵਾ ਵਿਗਿਆਨੀ ਪੁਰਸਕਾਰ' ਪ੍ਰਦਾਨ ਕੀਤਾ ਗਿਆ ।
- ਖੇਤਰੀ ਖੋਜ ਕੇਂਦਰ ਬੱਲੋਵਾਲ ਸੌਂਖੜੀ ਦੇ ਡਾ. ਪ੍ਰਕਾਸ਼ ਮਾਹਾਲਾ ਨੂੰ ਆਲ ਇੰਡੀਆ ਐਗਰੀਕਲਚਰਲ ਸਟੂਡੈਂਟਸ ਐਸੋਸੀਏਸ਼ਨ ਨਵੀਂ ਦਿੱਲੀ ਵੱਲੋਂ ਯੰਗ ਸਾਇੰਟਿਸ ਐਵਾਰਡ ਦਿੱਤਾ ਗਿਆ । ਨਾਲ ਹੀ ਸੁਸਾਇਟੀ ਫਾਰ ਸਾਇੰਟਿਫਿਕ ਡਿਵੈਲਪਮੈਂਟ ਇਨ ਐਗਰੀਕਲਚਰ ਐਂਡ ਤਕਨਾਲੋਜੀ ਨੇ ਉਨ੍ਹਾਂ ਨੂੰ ਸਰਵੋਤਮ ਪੀਐੱਚਡੀ ਖੋਜ ਪ੍ਰਬੰਧ 2017 ਪੁਰਸਕਾਰ ਵੀ ਪ੍ਰਦਾਨ ਕੀਤਾ।
- ਬੱਲੋਵਾਲ ਸੌਂਖੜੀ, ਖੇਤਰੀ ਖੋਜ ਕੇਂਦਰ ਦੇ ਡਾ. ਕੇ.ਕੇ. ਸ਼ਰਮਾ, ਡੀ. ਐੱਸ. ਰਾਣਾ ਅਤੇ ਐੱਮ. ਜੇ. ਸਿੰਘ ਨੇ ਰਾਸ਼ਟਰੀ ਖੇਤੀ ਵਿਗਿਆਨ ਕੰਪਲੈਕਸ, ਆਈਸੀਏਆਰ, ਨਵੀਂ ਦਿੱਲੀ ਵਿੱਚ 24-25 ਮਾਰਚ 2018 ਨੂੰ ਹੋਏ ਤੀਸਰੀ ਰਾਸ਼ਟਰੀ ਕਨਵੈਨਸ਼ਨ 'ਐਗਰੀਵਿਜ਼ਨ-2018' ਵਿੱਚ ਪੋਸਟਰ ਪੇਸ਼ਕਾਰੀ ਵਿੱਚ ਪਹਿਲਾ ਇਨਾਮ ਜਿੱਤਿਆ ।

### ਖੇਤੀਬਾੜੀ ਕਾਲਜ

- ਡਾ. ਆਰ ਆਈ ਐੱਸ ਗਿੱਲ, ਬਲਜੀਤ ਸਿੰਘ ਅਤੇ ਨਵਨੀਤ ਕੌਰ (ਜੰਗਲਾਤ ਅਤੇ ਕੁਦਰਤੀ ਸਰੋਤ) ਨੂੰ ਸੈਂਟਰਲ ਐਗਰੋਫੋਰੈਸਟਰੀ ਰਿਸਰਚ ਇੰਸਟੀਚਿਊਟ ਝਾਂਸੀ ਵੱਲੋਂ 'ਬੈਸਟ ਆਲ ਇੰਡੀਆ ਕੋਆਰਡੀਨੇਟਰ ਰਿਸਰਚ ਪ੍ਰੋਜੈਕਟ (ਖੇਤੀ ਜੰਗਲਾਤ ਬਾਰੇ)' ਪ੍ਰਾਪਤ ਕੀਤਾ ।
- ਡਾ. ਏ ਐੱਸ ਢੱਟ ਅਤੇ ਸਾਰੇ ਫੈਕਲਟੀ ਮੈਂਬਰਾਂ (ਸਬਜ਼ੀ ਵਿਗਿਆਨ) ਨੇ ਪੀਏਯੂ ਦੇ ਆਲ ਇੰਡੀਆ ਕੁਆਰਡੀਨੇਟਡ ਰਿਸਰਚ ਪ੍ਰੋਜੈਕਟ ਆਨ ਔਨੀਅਨ ਐਂਡ ਗਾਰਲਿਕ ਲਈ ਆਈ ਸੀ ਏ ਆਰ ਦੇ ਪਿਆਜ਼ ਅਤੇ ਲਸਣ ਖੋਜ ਨਿਰਦੇਸ਼ਕ ਪੂਨੇ ਵੱਲੋਂ 'ਬੈਸਟ ਨੈੱਟਵਰਕ ਸੈਂਟਰ ਐਵਾਰਡ 2017-18' ਪ੍ਰਾਪਤ ਕੀਤਾ ।
- ਡਾ. ਐੱਨ ਐੱਸ ਬੈਂਸ, ਵੀ ਐੱਸ ਸੋਹੂ, ਕੁਲਦੀਪ ਸਿੰਘ, ਪ੍ਰਵੀਨ ਛੁਨੇਜਾ ਅਤੇ ਜੀ ਐੱਸ ਮਾਵੀ (ਪਲਾਂਟ ਬਰੀਡਿੰਗ ਐਂਡ ਜੈਨੇਟਿਕਸ) ਨੂੰ ਬੋਰਲਾਗ ਗਲੋਬਲ ਰਸਟ ਇਨੀਸ਼ੀਏਟਵ (ਬੀ ਜੀ ਆਰ ਆਈ) ਦਾ ਜੇਨੇ ਸਟੀਵਾਰਡਸ਼ਿਪ ਐਵਾਰਡ 2018 ਪ੍ਰਾਪਤ ਹੋਇਆ ।
- ਡਾ. ਸਰਵਣ ਕੁਮਾਰ (ਪਲਾਂਟ ਬਰੀਡਿੰਗ ਐਂਡ ਜੈਨੇਟਿਕਸ) ਨੂੰ ਐਜੂਕੇਸ਼ਨ ਐਂਡ ਟ੍ਰੇਨਿੰਗ ਵਿਭਾਗ ਵੱਲੋਂ 2018 ਵਿੱਚ ਆਸਟ੍ਰੇਲੀਅਨ ਸਰਕਾਰ ਦੀ ਐਂਡੇਵਾਰ ਰਿਸਰਚ ਫੈਲੋਸ਼ਿਪ ਪ੍ਰਾਪਤ ਹੋਈ ।
- ਡਾ. ਮਹਿਕ ਗੁਪਤਾ (ਪਲਾਂਟ ਬਰੀਡਿੰਗ ਐਂਡ ਜੈਨੇਟਿਕਸ) ਨੇ ਭਾਰਤੀ ਰਾਸ਼ਟਰੀ ਵਿਗਿਆਨ ਅਕੈਡਮੀ (ਆਈ ਐੱਨ ਐੱਸ ਏ) ਨਵੀਂ ਦਿੱਲੀ ਵੱਲੋਂ 2018 ਦਾ ਯੰਗ ਸਾਇੰਟਿਸਟ ਐਵਾਰਡ ਪ੍ਰਾਪਤ ਕੀਤਾ ।
- ਡਾ. ਅਸ਼ੋਕ ਕੁਮਾਰ ਧਾਕੜ (ਜੰਗਲਾਤ ਅਤੇ ਕੁਦਰਤੀ ਸਰੋਤ) ਨੂੰ ਨੈਸ਼ਨਲ ਇੰਨਵਾਇਰਮੈਂਟਲ ਸਾਇੰਸ ਅਕਾਦਮੀ, ਨਵੀਂ ਦਿੱਲੀ ਵੱਲੋਂ ਜੂਨੀਅਰ ਸਾਇੰਟਿਸਟ ਆਫ਼ ਦੀ ਈਅਰ 2017 ਦਾ ਐਵਾਰਡ ਪ੍ਰਾਪਤ ਹੋਇਆ ।
- ਡਾ. ਰਵਿੰਦਰ ਸਿੰਘ ਅਤੇ ਡਾ. ਗੌਰਵ ਕੁਮਾਰ ਤੱਗੜ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਸਾਲ 2017 ਵਿੱਚ ਦਾਲਾਂ ਦੀ ਖੋਜ ਅਤੇ ਵਿਕਾਸ ਦੀ ਭਾਰਤੀ ਸੰਸਥਾ, ਕਾਨਪੁਰ ਦਾ ਫੈਲੋ ਨਾਮਜ਼ਦ ਕੀਤਾ ਗਿਆ ।

- ਡਾ. ਵਰਿੰਦਰ ਸਰਦਾਨਾ ਅਤੇ ਡਾ. ਸਤਵਿੰਦਰ ਕੌਰ ਢਿੱਲੋਂ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਸਾਲ 2017 ਵਿੱਚ ਤੇਲ ਬੀਜਾਂ ਦੀ ਖੋਜ ਦੀ ਭਾਰਤੀ ਸੰਸਥਾ, ਹੈਦਰਾਬਾਦ ਵੱਲੋਂ ਫੈਲੋ ਨਾਮਜ਼ਦ ਕੀਤਾ ਗਿਆ ।
- ਡਾ. ਗੁਰਇਕਬਾਲ ਸਿੰਘ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ ਦਾਲਾਂ ਦੀ ਖੋਜ ਅਤੇ ਵਿਕਾਸ ਦੀ ਭਾਰਤੀ ਸੰਸਥਾ (ਆਈ ਐੱਸ ਪੀ ਆਰ ਡੀ), ਕਾਨਪੁਰ ਵੱਲੋਂ "ਆਈ ਐੱਸ ਪੀ ਆਰ ਡੀ ਐਕਸੇਲੈਂਸ ਐਵਾਰਡ 2017" ਹਾਸਲ ਕੀਤਾ । ਉਨ੍ਹਾਂ ਨੇ ਸਾਲ 2017 ਵਿੱਚ ਪੀਏਯੂ ਤੋਂ "ਡਾ. ਹਰਚਰਨ ਸਿੰਘ ਸੰਧੂ ਯਾਦਗਾਰੀ ਪੁਰਸਕਾਰ 2014-15" ਵੀ ਹਾਸਲ ਕੀਤਾ ।
- ਡਾ. ਸ਼ਿਆਲਾ ਬਿੰਦਰਾ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੇ ਸਾਲ 2017 ਵਿੱਚ ਚੌਧਰੀ ਸਰਵਨ ਕੁਮਾਰ ਹਿਮਾਚਲ ਪ੍ਰਦੇਸ਼ ਕ੍ਰਿਸ਼ੀ ਵਿਸ਼ਵਵਿਦਿਆਲਾ ਪਾਲਮਪੁਰ ਤੋਂ ਗੋਲਡ ਮੈਡਲ ਹਾਸਲ ਕੀਤਾ ।
- ਡਾ. ਏ.ਐੱਸ. ਢੱਟ ਅਤੇ ਡਾ. ਐੱਮ.ਕੇ. ਸਿੱਧੂ (ਸਬਜ਼ੀ ਵਿਗਿਆਨ) ਨੇ ਸਾਲ 2017 ਵਿੱਚ ਸਰਵੋਤਮ ਪ੍ਰਕਾਸ਼ਨਾ ਹਿਤ ਸਬਜ਼ੀ ਵਿਗਿਆਨ ਦੀ ਭਾਰਤੀ ਸੰਸਥਾ ਤੋਂ ਡਾ. ਹਰਭਜਨ ਸਿੰਘ ਗੋਲਡ ਮੈਡਲ ਹਾਸਲ ਕੀਤਾ ।
- ਡਾ. ਐੱਮ.ਆਈ.ਐੱਸ. ਗਿੱਲ (ਫ਼ਲ ਵਿਗਿਆਨ) ਨੇ ਪੀਏਯੂ ਤੋਂ "ਹੰਸ ਰਾਜ ਪਾਹਵਾ ਐਵਾਰਡ 2017" ਹਾਸਲ ਕੀਤਾ ।
- ਡਾ. ਹਰਮਿੰਦਰ ਸਿੰਘ (ਫ਼ਲ ਵਿਗਿਆਨ) ਨੇ ਪੀਏਯੂ ਤੋਂ "ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਐਵਾਰਡ 2017" ਹਾਸਲ ਕੀਤਾ ।
- ਡਾ. ਗੌਰਵ ਕੁਮਾਰ ਤੱਗੜ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਸਾਲ 2017 ਵਿੱਚ ਕੀਟ ਵਿਗਿਆਨ ਦੇ ਵਿਕਾਸ ਲਈ ਭਾਰਤੀ ਸੰਸਥਾ, ਕੀਟ ਵਿਗਿਆਨ ਵਿਭਾਗ, ਪੀਏਯੂ ਵੱਲੋਂ ਜਰਨਲ ਆਫ਼ ਇੰਸੈਕਟ ਸਾਇੰਸ ਦਾ ਸੰਪਾਦਕ ਨਿਯੁਕਤ ਕੀਤਾ ਗਿਆ । ਉਸ ਨੇ 9-11 ਅਕਤੂਬਰ 2017 ਨੂੰ ਗੁਰੂਗ੍ਰਾਮ, ਹਰਿਆਣਾ ਵਿਖੇ ਹੋਈ "ਖੇਤੀਬਾੜੀ ਅਤੇ ਫ਼ਸਲ ਵਿਗਿਆਨ" ਦੀ ਅੰਤਰਰਾਸ਼ਟਰੀ ਕਾਨਫਰੰਸ ਮੌਕੇ "ਸਰਵੋਤਮ ਮੌਖਿਕ ਪੇਸ਼ਕਾਰੀ ਐਵਾਰਡ" ਵੀ ਹਾਸਲ ਕੀਤਾ।
- ਡਾ. ਸਰਵਜੀਤ ਸਿੰਘ ਅਤੇ ਡਾ. ਰਵਿੰਦਰ ਸਿੰਘ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਦਾਲਾਂ ਦੀ ਖੋਜ ਅਤੇ ਵਿਕਾਸ ਦੀ ਭਾਰਤੀ ਸੰਸਥਾ, ਕਾਨਪੁਰ (ਉੱਤਰੀ ਜ਼ੋਨ ਚੈਪਟਰ) ਦਾ ਕ੍ਰਮਵਾਰ ਪ੍ਰਧਾਨ ਅਤੇ ਸਕੱਤਰ ਚੁਣਿਆ ਗਿਆ ।
- ਡਾ. ਰਵਿੰਦਰ ਸਿੰਘ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ) ਨੂੰ ਸਾਲ 2017 ਵਿੱਚ ਕੀਟ ਵਿਗਿਆਨ ਦੇ ਵਿਕਾਸ ਦੀ ਭਾਰਤੀ ਸੰਸਥਾ, ਕੀਟ ਵਿਗਿਆਨ ਵਿਭਾਗ ਪੀਏਯੂ ਦਾ ਕੌਂਸਲਰ ਚੁਣਿਆ ਗਿਆ ।
- ਡਾ. ਵਿਕਾਸ ਜਿੰਦਲ (ਕੀਟ ਵਿਗਿਆਨ) ਨੂੰ 9-11 ਫਰਵਰੀ 2018 ਦੌਰਾਨ ਐਪਲਾਈਡ ਜ਼ੁਆਲੋਜੀਕਲ ਰਿਸਰਚ ਐਸੋਸੀਏਸ਼ਨ (ਏ ਜ਼ੈਡ ਆਰ ਏ) ਵੱਲੋਂ ਆਯੋਜਿਤ "XVI ਏ ਜ਼ੈੱਡ ਆਰ ਏ ਅੰਤਰਰਾਸ਼ਟਰੀ ਕਾਨਫਰੰਸ" ਮੌਕੇ ਸਰਵੋਤਮ ਮੌਖਿਕ ਪੇਸ਼ਕਾਰੀ ਦੇਣ ਹਿਤ "ਪੀ ਕਮੇਸ਼ਵਰਾ ਰਾਓ ਐਵਾਰਡ" ਪ੍ਰਦਾਨ ਕੀਤਾ ਗਿਆ ।
- ਡਾ. ਐਸ ਪੀ ਸ਼ਰਮਾ, ਡਾ. ਐਸ. ਦੇਵੀ, ਡਾ. ਏ. ਕਾਲੀਆ ਅਤੇ ਡਾ. ਐੱਸ ਐੱਸ ਧਾਲੀਵਾਲ (ਭੂਮੀ ਵਿਗਿਆਨ) ਨੂੰ 5-9 ਸਤੰਬਰ 2017 ਦੌਰਾਨ ਆਈ ਸੀ ਏ ਆਰ-ਬਾਗਬਾਨੀ ਖੋਜ ਦੇ ਭਾਰਤੀ ਸੰਸਥਾਨ, ਬੈਂਗਲੁਰੂ ਵਿਖੇ "ਬਾਗਬਾਨੀ ਪ੍ਰਾਥਮਿਕਤਾ ਅਤੇ ਉੱਭਰਦੇ ਰੁਝਾਨ" ਤੇ ਹੋਏ ਅੰਤਰਰਾਸ਼ਟਰੀ ਸਿੰਪੋਜ਼ੀਅਮ ਮੌਕੇ "ਸਰਵੋਤਮ ਪੋਸਟਰ ਐਵਾਰਡ" ਹਾਸਲ ਹੋਇਆ ।
- ਡਾ. ਪ੍ਰਭਜੋਤ ਕੌਰ, ਡਾ. ਵਿਜੈ ਕੁਮਾਰ, ਡਾ. ਹਰਪ੍ਰੀਤ ਸਿੰਘ, ਡਾ. ਸੰਦੀਪ ਸਿੰਘ ਸੰਧੂ ਅਤੇ ਡਾ. ਓ.ਪੀ. ਗੁਪਤਾ (ਜਲਵਾਯੂ ਪਰਿਵਰਤਨ ਅਤੇ ਖੇਤੀ ਮੌਸਮ ਵਿਗਿਆਨ) ਨੇ 12-14 ਅਕਤੂਬਰ 2017 ਦੌਰਾਨ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ ਹਿਸਾਰ, ਹਰਿਆਣਾ ਵਿਖੇ "ਨਿਰੰਤਰ ਵਿਕਾਸ ਲਈ ਖੇਤੀ ਮੌਸਮ ਵਿਗਿਆਨ ਅਤੇ ਜਲਵਾਯੂ ਪੱਖੀ ਖੇਤੀ ਅਤੇ ਭੋਜਨ ਸੁਰੱਖਿਆ ਲਈ ਖੇਤੀ ਮੌਸਮ ਵਿਗਿਆਨਕ ਪ੍ਰੈਕਟਿਸਿਸ" ਉੱਤੇ ਹੋਏ ਨੈਸ਼ਨਲ ਸੈਮੀਨਾਰ ਐਗਮੈੱਟ-2017 ਮੌਕੇ ਸਰਵੋਤਮ ਮੌਖਿਕ ਪੇਪਰ ਐਵਾਰਡ ਹਾਸਲ ਕੀਤਾ । ਉਨ੍ਹਾਂ ਦੇ ਖੋਜ ਪੇਪਰ ਦਾ ਵਿਸ਼ਾ "ਮੌਸਮ ਅਧਾਰਿਤ ਫੈਸਲਾਕੁੰਨ ਸਪੋਰਟ ਸਿਸਟਮ ਨਾਲ ਨਰਮੇ ਵਿੱਚ ਚਿੱਟੀ ਮੱਖੀ ਦੇ ਹਮਲੇ ਦੀ ਭਵਿੱਖਬਾਣੀ" ਸੀ ।
- ਡਾ. ਅਤਿਨ, ਡਾ. ਮਜ਼ੂਮਦਾਰ, ਡਾ. ਆਰ. ਸੇਤੀਆ, ਡਾ. ਪੀ.ਕੇ. ਕਿੰਗਰਾ, ਡਾ. ਪ੍ਰੀਓਨਾਥ ਅਧਿਕਾਰੀ, ਡਾ. ਸੋਮਪਾਲ ਸਿੰਘ ਅਤੇ ਡਾ. ਬੀ. ਪੈਟਰੀਆ (ਜਲਵਾਯੂ ਪਰਿਵਰਤਨ ਅਤੇ ਖੇਤੀ ਮੌਸਮ ਵਿਗਿਆਨ) ਨੇ 22-23 ਫ਼ਰਵਰੀ, 2018 ਨੂੰ ਪੰਜਾਬ ਰਿਮੋਟ ਸੈਂਸਿੰਗ ਕੇਂਦਰ, ਲੁਧਿਆਣਾ ਵਿਖੇ "ਪੇਂਡੂ ਅਤੇ ਸ਼ਹਿਰੀ ਫਰਕ ਨੂੰ ਮਿਟਾਉਣ ਲਈ ਜੀਓਸਪੈਟੀਅਲ ਤਕਨੀਕਾਂ ਦੀ ਭੂਮਿਕਾ" ਉਤੇ ਹੋਈ ਰਾਸ਼ਟਰੀ ਕਾਨਫਰੰਸ ਮੌਕੇ "ਸਰਵੋਤਮ ਪੇਪਰ ਐਵਾਰਡ" ਹਾਸਲ ਕੀਤਾ ।

### ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ

- ਡਾ. ਏ.ਕੇ. ਜੈਨ (ਭੂਮੀ ਅਤੇ ਪਾਣੀ ਇੰਜੀਨਅਰਿੰਗ) ਨੂੰ ਕਾਪੀ ਰਾਈਟ ਦਫ਼ਤਰ, ਕਾਮਰਸ ਅਤੇ ਉਦਯੋਗ ਮੰਤਰਾਲਾ, ਭਾਰਤ ਸਰਕਾਰ ਵੱਲੋਂ ਸਾਲ 2018 ਵਿੱਚ ਮੋਬਾਈਲ ਐਪ ਲਈ ਕਾਪੀ ਰਾਈਟ ਦਿੱਤਾ ਗਿਆ ।
- ਡਾ. ਐੱਮ ਐੱਸ ਆਲਮ (ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ) ਨੂੰ ਸਾਲ 2018 ਵਿੱਚ ਨੀਦਰਲੈਂਡ ਫੈਲੋਸ਼ਿਪ ਪ੍ਰੋਗਰਾਮ ਦੇ ਤਹਿਤ ਨਿਊਫਿਕ, ਹਾਲੈਂਡ ਵੱਲੋਂ ਅੰਤਰਰਾਸ਼ਟਰੀ ਫੈਲੋਸ਼ਿਪ ਅਤੇ ਖੇਤੀ ਇੰਜੀਨੀਅਰਾਂ ਦੀ ਭਾਰਤੀ ਸੰਸਥਾ ਵੱਲੋਂ ਸ਼ਲਾਘਾ ਦਾ ਮੈਡਲ ਪ੍ਰਦਾਨ ਕੀਤਾ ਗਿਆ ।
- ਡਾ. ਅਨੂਪ ਦੀਕਸ਼ਿਤ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ) ਨੇ ਖੇਤੀ ਇੰਜੀਨੀਅਰਾਂ ਦੀ ਭਾਰਤੀ ਸੰਸਥਾ ਕੋਲੋਂ "ਫੈਲੋ ਐਵਾਰਡ 2017-18" ਹਾਸਲ ਕੀਤਾ ।

- ਡਾ. ਮਨਪ੍ਰੀਤ ਸਿੰਘ (ਨਵਿਆਉਣਯੋਗ ਊਰਜਾ ਇੰਜਨੀਅਰਿੰਗ) ਨੇ ਪੰਜਾਬ ਰਾਓ ਦੇਸ਼ ਮੁੱਖ ਐਗਰੀਕਲਚਰਲ ਯੂਨੀਵਰਸਿਟੀ, ਅਕੋਲਾ, ਮਹਾਂਰਾਸ਼ਟਰ ਤੋਂ "ਸਰਵੋਤਮ ਸਿਖਿਆਰਥੀ ਪੁਰਸਕਾਰ 2017" ਹਾਸਲ ਕੀਤਾ ।
- ਡਾ. ਮਨਜੀਤ ਸਿੰਘ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ) ਨੇ ਬਿਰਲਾ ਸਾਫ਼ਟ ਇੰਡੀਆ ਲਿਮਟਿਡ ਤੋਂ 'ਸ਼ੋਧਣ' ਪ੍ਰਤੀ ਮਦਦ ਅਤੇ ਅਗਵਾਈ ਦੇਣ ਹਿਤ ਸਾਲ 2017-18 ਲਈ 'ਪ੍ਰੋਤਸਾਹਨ ਪ੍ਰਮਾਣ ਪੱਤਰ' ਹਾਸਲ ਕੀਤਾ। ਬਿਰਲਾ ਸਾਫਟ ਸੀ ਐਸ ਆਰ ਵੱਲੋਂ ਪੰਜਾਬ ਦੇ ਚੋਣਵੇਂ ਪਿੰਡਾਂ ਵਿੱਚ ਫ਼ਸਲਾਂ ਦੀ ਰਹਿੰਦ-ਖੂੰਹਦ ਸਾੜਣ ਨੂੰ ਘਟਾਉਣ ਵਿੱਚ ਯਤਨ ਕੀਤੇ ਗਏ । ਉਨ੍ਹਾਂ ਨੂੰ ਸਾਲ 2017-18 ਦੌਰਾਨ ਐਗਰੀਕਲਚਰ ਡਵੀਜ਼ਨ ਆਫ਼ ਇੰਸਟੀਚਿਊਸ਼ਨ ਆਫ਼ ਇੰਜੀਨੀਅਰਜ਼ (ਭਾਰਤ), ਕਲਕੱਤਾ ਦਾ ਫੈਲੋ ਵੀ ਨਾਮਜਦ ਕੀਤਾ ਗਿਆ ।
- ਡਾ. ਜੀ.ਐੱਸ ਮਨੇਸ, ਡਾ. ਅਨੂਪ ਦੀਕਸ਼ਿਤ, ਡਾ. ਅਰਸ਼ਦੀਪ ਸਿੰਘ, ਡਾ. ਅਸੀਮ ਵਰਮਾ ਅਤੇ ਡਾ. ਅਭਿਸ਼ੇਕ ਭਾਰਦਵਾਜ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ) ਨੇ 8 ਜਨਵਰੀ 2018 ਨੂੰ ਅਨੰਦ ਐਗਰੀਕਲਚਰਲ ਯੂਨੀਵਰਸਿਟੀ ਆਨੰਦ, ਗੁਜਰਾਤ ਵਿਖੇ ਖੇਤੀ ਇੰਜਨੀਅਰਾਂ ਦੀ ਭਾਰਤੀ ਸੰਸਥਾ ਦੀ ਹੋਈ 52ਵੀਂ ਸਾਲਾਨਾ ਕਨਵੈਨਸ਼ਨ ਮੌਕੇ "ਸਰਵੋਤਮ ਪੋਸਟਰ ਪੇਪਰ ਐਵਾਰਡ" ਹਾਸਲ ਕੀਤਾ । ਉਨ੍ਹਾਂ ਦੇ ਪੇਪਰ ਦਾ ਵਿਸ਼ਾ "ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਟਰੈਕਟਰ ਨਾਲ ਚੱਲਣ ਵਾਲੇ ਖੁੱਲ੍ਹੀ ਪਰਾਲੀ ਚੌਪਰ ਦਾ ਵਿਕਾਸ ਅਤੇ ਮੁਲਾਂਕਣ" ਸੀ ।

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

- ਡਾ. ਰਾਜੀਵ ਕੁਮਾਰ (ਮੈਥ, ਸਟੈਟ ਅਤੇ ਫਜ਼ਿਕਸ) ਨੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ (ਡੀ ਐੱਸ ਟੀ) - ਸਾਇੰਸ ਐਂਡ ਇੰਜੀਨੀਅਰਿੰਗ ਰਿਸਰਚ ਬੋਰਡ (ਐਸ ਈ ਆਰ ਬੀ) ਤੋਂ "ਅਰਲੀ ਕਰੀਅਰ ਰਿਸਰਚ ਐਵਾਰਡ 2018" ਹਾਸਲ ਕੀਤਾ ।
- ਡਾ. ਪ੍ਰਿਆ ਕਤਿਆਲ (ਮਾਈਕ੍ਰੋਬਾਇਓਲੋਜੀ) ਨੇ ਪੀਏਯੂ ਤੋਂ "ਡਾ. ਜੀ.ਐਸ.ਖੁਸ਼ ਟਰੈਵਲ ਗਰਾਂਟ 2018" ਹਾਸਲ ਕੀਤੀ। ਉਨ੍ਹਾਂ ਨੇ 4-24 ਦਸੰਬਰ 2017 ਦੌਰਾਨ ਆਈ ਸੀ ਏ ਆਰ-ਸੀਫੇਟ ਲੁਧਿਆਣਾ ਵੱਲੋਂ ਆਯੋਜਿਤ "ਪ੍ਰੋਸੈਸਿੰਗ ਵਿੱਚ ਤਕਨਾਲੋਜੀਕਲ ਖੋਜਾਂ ਅਤੇ ਖੇਤੀ ਉਤਪਾਦਨ ਦੇ ਗੌਣ ਉਪਜ ਦੀ ਵਰਤੋਂ" ਉੱਤੇ ਹੋਏ ਵਿੰਟਰ ਸਕੂਲ ਦੌਰਾਨ "ਸਰਵੋਤਮ ਡਾਟਾ ਪੇਸ਼ਕਾਰੀ ਐਵਾਰਡ" ਵੀ ਹਾਸਲ ਹੋਇਆ ।
- ਡਾ. ਪਰਮਿੰਦਰ ਕੌਰ (ਅਰਥ ਸ਼ਾਸ਼ਤਰ ਅਤੇ ਸਮਾਜ ਵਿਗਿਆਨ) ਨੇ ਸਾਲ 2018 ਵਿੱਚ ਇੰਡੀਅਨ ਜਰਨਲ ਆਫ਼ ਡੇਅਰੀ ਸਾਇੰਸ ਵਿੱਚ ਪ੍ਰਕਾਸ਼ਿਤ ਹੋਏ ਖੋਜ ਪੇਪਰ ਵਜੋਂ ਇੰਡੀਅਨ ਡੇਅਰੀ ਐਸੋਸੀਏਸ਼ਨ, ਨਵੀਂ ਦਿੱਲੀ ਤੋਂ "ਸਰਵੋਤਮ ਪੇਪਰ ਐਵਾਰਡ" ਹਾਸਲ ਕੀਤਾ ।
- ਡਾ. ਬਲਜਿੰਦਰ ਕੌਰ ਸਿਡਾਨਾ (ਅਰਥ ਸ਼ਾਸ਼ਤਰ ਅਤੇ ਸਮਾਜ ਵਿਗਿਆਨ) ਨੇ 5 ਅਪ੍ਰੈਲ 2018 ਨੂੰ ਅਰਥ ਸ਼ਾਸ਼ਤਰ ਅਤੇ ਵਿਕਾਸ ਦੀ ਸੰਸਥਾ, ਪੀਏਯੂ ਵੱਲੋਂ "ਖੇਤੀ ਨਿਰੰਤਰਤਾ : ਤਕਨਾਲੋਜੀ, ਨੀਤੀ ਯੋਜਨਾਬੰਦੀ ਅਤੇ ਲਾਗੂ ਕਰਨ" ਉੱਤੇ ਕਰਵਾਏ 5ਵੇਂ ਰਾਸ਼ਟਰੀ ਸੈਮੀਨਾਰ ਵਿੱਚ "ਸਰਵੋਤਮ ਪੇਪਰ ਪ੍ਰਸਤੁਤੀਕਰਨ ਐਵਾਰਡ" ਹਾਸਲ ਕੀਤਾ ।

### ਹੋਮ ਸਾਇੰਸ ਕਾਲਜ

- ਡਾ. ਕਿਰਨ ਬੈਂਸ (ਭੋਜਨ ਅਤੇ ਪੋਸ਼ਣ) ਨੇ 1-3 ਫ਼ਰਵਰੀ 2018 ਦੌਰਾਨ ਮਹਾਰਾਣਾ ਪ੍ਰਤਾਪ ਯੂਨੀਵਰਸਿਟੀ ਆਫ਼ ਐਗਰੀਕਲਚਰ ਐਂਡ ਤਕਨਾਲੋਜੀ, ਉਦੇਪੁਰ, ਰਾਜਸਥਾਨ ਵਿਖੇ ਹੋਈ "ਭਾਰਤ ਦੀ ਹੋਮ ਸਾਇੰਸ ਐਸੋਸੀਏਸ਼ਨ ਦੀ XXXII ਦੋ ਵਰਸ਼ੀ ਕਾਨਫਰੰਸ" ਮੌਕੇ "ਸਰਵੋਤਮ ਪੋਸਟਰ ਪੇਸ਼ਕਾਰੀ ਐਵਾਰਡ" ਹਾਸਲ ਕੀਤਾ ।
- ਡਾ. ਨੀਰਜਾ ਸਿੰਗਲਾ (ਭੋਜਨ ਅਤੇ ਪੋਸ਼ਣ) ਨੇ 4-13 ਫਰਵਰੀ 2018 ਦੌਰਾਨ ਯੂਨੀਵਰਸਿਟੀ ਪੁਤਰਾ, ਮਲੇਸ਼ੀਆ ਵਿਖੇ ਹੋਏ '6ਵੇਂ ਅੰਤਰਰਾਸ਼ਟਰੀ ਖੇਤੀਬਾੜੀ ਸਟੱਡੀਜ਼ ਸਿਨੋਪਸਿਸ' ਦੌਰਾਨ 'ਸਰਵੋਤਮ ਪ੍ਰਸਤੁਤਕਰਤਾ ਐਵਾਰਡ' ਹਾਸਲ ਕੀਤਾ ।
- ਮਿਸਿਜ਼ ਰਾਜਦੀਪ ਕੌਰ ਅਤੇ ਡਾ. ਸੰਦੀਪ ਬੈਂਸ (ਐਪੇਰਿਲ ਐਂਡ ਟੈਕਸਟਾਈਲ ਸਾਇੰਸ) ਨੇ 5 ਅਪ੍ਰੈਲ 2018 ਨੂੰ ਅਰਥ ਸਾਸ਼ਤਰ ਅਤੇ ਵਿਕਾਸ ਦੀ ਸੰਸਥਾ, ਪੀਏਯੂ ਵੱਲੋਂ "ਖੇਤੀ ਨਿਰੰਤਰਤਾ :ਤਕਨਾਲੋਜੀ, ਨੀਤੀ ਦੀ ਯੋਜਨਾਬੰਦੀ ਅਤੇ ਲਾਗੂ ਕਰਨਾ" ਉੱਤੇ ਕਰਵਾਏ 5ਵੇਂ ਰਾਸ਼ਟਰੀ ਸੈਮੀਨਾਰ ਮੌਕੇ ਪੇਪਰ ਪ੍ਰਸਤੁਤੀਕਰਨ ਵਿੱਚ ਪਹਿਲਾ ਇਨਾਮ ਹਾਸਲ ਕੀਤਾ ।

## ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਪਰਕ

### ਸਹੀਬੱਧ ਕੀਤੇ ਸਮਝੌਤੇ ਦੇ ਯਾਦ ਪੱਤਰ (ਐੱਮ ਓ ਯੂ'ਜ਼)

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪੀਏਯੂ ਨੇ ਵੱਖੋ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਅਤੇ ਸੰਗਠਨਾਂ ਨਾਲ 6 ਐੱਮ ਓ ਯੂ'ਜ਼ ਸਹੀਬੱਧ ਕੀਤੇ ।

- ਇੰਡਸਟ੍ਰੀਪ੍ਰੋਜੈਕਟ ਜੀ ਅੱਮ ਬੀ ਐੱਚ (ਆਈ ਪੀ ਆਰ ਓ) ਅਤੇ ਜੀ ਆਈ ਜੈੱਡ, ਜਰਮਨੀ ਨਾਲ 12 ਜੁਲਾਈ 2017 ਨੂੰ ਸਹੀਬੱਧ ਕੀਤਾ ਗਿਆ ਤਾਂ ਜੋ ਵਿਗਿਆਨੀਆਂ ਅਤੇ ਤਕਨੀਕਾਂ ਦਾ ਅਦਾਨ ਪ੍ਰਦਾਨ ਹੋ ਸਕੇ ਅਤੇ ਸਾਂਝੇ ਪ੍ਰੋਜੈਕਟਾਂ ਨੂੰ ਬਣਾਇਆ ਅਤੇ ਚਲਾਇਆ ਜਾ ਸਕੇ ।
- ਡਾ. ਵਾਈ ਐੱਸ ਪਰਮਾਰ ਯੂਨੀਵਰਸਿਟੀ ਆਫ਼ ਹਾਰਟੀਕਲਚਰ ਐਂਡ ਫਾਰੈਸਟਰੀ, ਨੌਨੀ, ਸੋਲਨ ਨਾਲ 26 ਸਤੰਬਰ 2017 ਨੂੰ ਸਹੀਬੱਧ ਕੀਤਾ ਗਿਆ ਤਾਂ ਜੋ ਪੀਐੱਚ ਡੀ ਵਿਦਿਆਰਥੀਆਂ ਦਾ ਅਦਾਨ ਪ੍ਰਦਾਨ ਹੋ ਸਕੇ ।
- ਆਈ ਸੀ ਏ ਆਰ-ਮੱਕੀ ਖੋਜ ਦਾ ਭਾਰਤੀ ਸੰਸਥਾਨ (ਆਈ ਆਈ ਐੱਮ ਆਰ) ਲੁਧਿਆਣਾ ਨਾਲ 16 ਅਕਤੂਬਰ 2017 ਨੂੰ ਸਹੀਬੱਧ ਕੀਤਾ ਗਿਆ ਤਾਂ ਜੋ ਵਿਦਿਆਰਥੀਆਂ ਦੇ ਅਧਿਆਪਣ ਅਤੇ ਪੋਸਟਗ੍ਰੈਜੂਏਟ ਖੋਜ ਦੀ ਗੁਣਵੱਤਾ ਨੂੰ ਨਿਖਾਰਿਆ ਜਾ ਸਕੇ ।

- ਆਈ ਸੀ ਏ ਆਰ-ਸੀਫੇਟ, ਲੁਧਿਆਣਾ ਨਾਲ 16 ਦਸੰਬਰ 2017 ਨੂੰ ਸਹੀਬੱਧ ਕੀਤਾ ਗਿਆ ਤਾਂ ਜੋ ਵਿਗਿਆਨੀਆਂ, ਤਕਨਾਲੋਜਿਸਟਾਂ ਅਤੇ ਵਿਦਿਆਰਥੀਆਂ ਦਾ ਅਦਾਨ-ਪ੍ਰਦਾਨ ਅਤੇ ਉਨ੍ਹਾਂ ਦੀ ਸਹੀ ਨਿਯੁਕਤੀ ਹੋ ਸਕੇ ਅਤੇ ਅਧਿਆਪਨ ਖੋਜ ਅਤੇ ਪਸਾਰ ਵਿੱਚ ਆਪਸੀ ਸੰਬੰਧ ਬਣ ਸਕਣ ।
- ਉਦਯੋਗ ਅਤੇ ਕਾਮਰਸ ਵਿਭਾਗ, ਚੰਡੀਗੜ੍ਹ ਨਾਲ 16 ਮਈ 2018 ਨੂੰ ਸਹੀਬੱਧ ਕੀਤਾ ਗਿਆ ਤਾਂ ਜੋ ਭੋਜਨ ਪ੍ਰੋਸੈਸਿੰਗ ਖੇਤਰ ਨੂੰ ਮਦਦ ਮਿਲ ਸਕੇ ਅਤੇ ਖੇਤੀ ਪ੍ਰੋਸੈਸਿੰਗ ਲਈ ਬੁਨਿਆਦੀ ਢਾਂਚੇ ਦੀ ਨਵੀਂ ਸਕੀਮ ਨੂੰ ਹੁਲਾਰਾ ਮਿਲ ਸਕੇ ।
- ਖੁਸ਼ਕ ਇਲਾਕਿਆਂ ਵਿੱਚ ਖੇਤੀ ਖੋਜ ਲਈ ਅੰਤਰਰਾਸ਼ਟਰੀ ਕੇਂਦਰ (ਆਈ ਸੀ ਏ ਆਰ ਡੀ ਏ) ਨਾਲ 14 ਜੂਨ 2018 ਨੂੰ ਸਹੀਬੱਧ ਕੀਤਾ ਗਿਆ ਤਾਂ ਜੋ ਖੇਤੀ ਖੋਜ ਅਤੇ ਅਧਿਆਪਨ ਵਿੱਚ ਸਹਿਯੋਗ ਹੋ ਸਕੇ, ਵਿਗਿਆਨੀਆਂ, ਤਕਨੀਕੀ ਮਾਹਿਰਾਂ ਅਤੇ ਵਿਦਿਆਰਥੀਆਂ ਦਾ ਅਦਾਨ ਪ੍ਰਦਾਨ ਹੋ ਸਕੇ, ਜਰਮਪਲਾਜਮ ਅਤੇ ਬਰੀਡਿੰਗ ਸਮੱਗਰੀ ਵਿਗਿਆਨਕ ਸਾਹਿਤ, ਸੂਚਨਾ ਅਤੇ ਢੰਗ ਤਰੀਕੇ ਦਾ ਅਦਾਨ-ਪ੍ਰਦਾਨ ਹੋ ਸਕੇ ।

## ਦੌਰੇ ਤੇ ਆਏ ਵਿਸ਼ੇਸ਼ ਮਹਿਮਾਨ

- ਸ੍ਰੀ ਅਜੈਵੀਰ ਜਾਖੜ, ਚੇਅਰਮੈਨ, ਪੰਜਾਬ ਰਾਜ ਕਿਸਾਨ ਅਤੇ ਖੇਤੀ ਕਾਮਿਆਂ ਦਾ ਕਮਿਸ਼ਨ ਨੇ ਪੀਏਯੂ ਦਾ 12 ਜੁਲਾਈ 2017; 26 ਅਕਤੂਬਰ 2017 ਅਤੇ 4 ਜਨਵਰੀ 2018 ਨੂੰ ਦੌਰਾ ਕੀਤਾ ਅਤੇ ਇਸ ਦੌਰਾਨ ਖੇਤੀ ਨੀਤੀ ਅਤੇ ਪੰਜਾਬ ਦੇ ਕਿਸਾਨਾਂ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਪਸਾਰ ਸੇਵਾਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ।
- ਡਾ. ਰਾਜ ਖੋਸਲਾ, ਰੋਬਰਟ ਈ. ਗਾਰਡਨਰ, ਪ੍ਰੋਫੈਸਰ (ਸੂਖਮ ਖੇਤੀ), ਕੋਲਾਰੇਡੋ ਸਟੇਟ ਯੂਨੀਵਰਸਿਟੀ ਯੂ ਐਸ ਏ ਨੇ 'ਸੂਖਮ ਖੇਤੀ ਅਤੇ ਵਿਸ਼ਾਲ ਡਾਟਾ : ਖੇਤੀ ਦਾ ਭਵਿੱਖ' ਉੱਤੇ ਭਾਸ਼ਣ ਦੇਣ ਅਤੇ ਆਪਸੀ ਸਹਿਯੋਗ ਦੇ ਖੇਤਰਾਂ ਦੀ ਖੋਜ ਹਿੱਤ 17 ਜੁਲਾਈ 2017 ਨੂੰ ਪੀਏਯੂ ਦਾ ਦੌਰਾ ਕੀਤਾ ।
- ਕੇਰਲਾ ਦੀ ਵਿਧਾਨ ਸਭਾ ਦੀ ਹਾਊਸ ਕਮੇਟੀ ਨੇ ਪੰਜਾਬ ਦੇ ਖੇਤੀ ਰੁਝਾਨਾਂ ਨੂੰ ਜਾਣਨ ਅਤੇ ਪੀਏਯੂ ਦੇ ਖੋਜ ਅਧਿਆਪਨ ਅਤੇ ਪਸਾਰ ਪ੍ਰੋਗਰਾਮਾਂ ਬਾਰੇ ਜਾਣਕਾਰੀ ਹਾਸਲ ਕਰਨ ਹਿਤ 20 ਜੁਲਾਈ 2017 ਨੂੰ ਪੀਏਯੂ ਦਾ ਦੌਰਾ ਕੀਤਾ ।
- ਡਾ. ਪੀ.ਕੇ. ਅਗਰਵਾਲ, ਅੰਤਰਰਾਸ਼ਟਰੀ ਮੱਕੀ ਅਤੇ ਕਣਕ ਸੁਧਾਰ ਕੇਂਦਰ (ਸੀ ਆਈ ਐੱਮ ਐੱਮ ਵਾਈ ਟੀ) ਦੇ ਮਾਹਿਰ ਅਤੇ ਖੇਤਰੀ ਪ੍ਰੋਗਰਾਮ ਨਿਰਦੇਸ਼ਕ, ਅੰਤਰਰਾਸ਼ਟਰੀ ਖੇਤੀ ਖੋਜ ਉੱਤੇ ਸਲਾਹ-ਮਸ਼ਵਰਾ ਗਰੁੱਪ (ਸੀ ਜੀ ਆਈ ਏ ਆਰ) ਨੇ "ਖੇਤੀਬਾੜੀ ਵਿੱਚ ਜਲਵਾਯੂ ਦੇ ਖਤਰਿਆਂ ਨੂੰ ਰੋਕਣਾ : ਜ਼ਿਆਦਾ ਡੈਟਾ ਨਵੇਂ ਮੌਕੇ ਪ੍ਰਦਾਨ ਕਰਦਾ ਹੈ" ਉੱਤੇ ਭਾਸ਼ਣ ਦੇਣ ਲਈ 11 ਅਗਸਤ 2017 ਨੂੰ ਪੀਏਯੂ ਦਾ ਦੌਰਾ ਕੀਤਾ।
- ਡਾ. ਟੀ. ਮੋਹਾਪਾਤਰਾ, ਨਿਰਦੇਸ਼ਕ ਜਨਰਲ, ਭਾਰਤੀ ਖੇਤੀ ਖੋਜ ਪ੍ਰੀਸ਼ਦ ਅਤੇ ਸਕੱਤਰ, ਖੇਤੀ ਖੋਜ ਅਤੇ ਸਿੱਖਿਆ ਵਿਭਾਗ (ਡੀ ਏ ਆਰ ਈ) ਨਵੀਂ ਦਿੱਲੀ ਨੇ ਯੂਨੀਵਰਸਿਟੀ ਵਿੱਚ ਚੱਲ ਰਹੇ ਸਾਰੇ ਆਈ ਸੀ ਏ ਆਰ ਕੇਂਦਰਾਂ ਦੀਆਂ ਖੋਜ ਅਤੇ ਪਸਾਰ ਗਤੀਵਿਧੀਆਂ ਦੀ ਪੜਚੋਲ ਕਰਨ ਲਈ 18 ਅਕਤੂਬਰ 2017 ਨੂੰ ਪੀਏਯੂ ਦਾ ਦੌਰਾ ਕੀਤਾ । ਉਨ੍ਹਾਂ ਦੇ ਨਾਲ ਡਾ. ਐਸ.ਕੇ. ਦੱਤਾ, ਸਾਬਕਾ ਉਪ-ਕੁਲਪਤੀ, ਵਿਸ਼ਵ ਭਾਰਤੀ ਕੇਂਦਰੀ ਯੂਨੀਵਰਸਿਟੀ ਪੱਛਮੀ ਬੰਗਾਲ ਵੀ ਸਨ ।
- ਦੋ ਮੈਂਬਰੀ ਵਫ਼ਦ ਜਿਸ ਵਿੱਚ ਸ੍ਰੀ ਨਗੇਸ਼ ਸਿੰਘ, ਵਧੀਕ ਸਕੱਤਰ ਅਤੇ ਸ੍ਰੀ ਅਟਲ ਦੂਲੋ, ਜੁਆਇੰਟ ਸਕੱਤਰ, ਪੇਂਡੂ ਵਿਕਾਸ ਮੰਤਰਾਲਾ, ਭਾਰਤ ਸਰਕਾਰ ਨੇ ਕਿਸਾਨਾਂ ਵੱਲੋਂ ਪਰਾਲੀ ਦੀ ਸਾਂਭ-ਸੰਭਾਲ ਅਤੇ ਕਣਕ ਅਤੇ ਆਲੂ ਦੀ ਬਿਜਾਈ ਲਈ ਵਰਤੀਆਂ ਜਾ ਰਹੀਆਂ ਮਸ਼ੀਨਾਂ ਬਾਰੇ ਜਾਣਕਾਰੀ ਲੈਣ ਹਿਤ 27 ਨਵੰਬਰ 2017 ਨੂੰ ਪੀਏਯੂ ਦਾ ਦੌਰਾ ਕੀਤਾ ।
- ਸਾਈਪਰਸ ਤੋਂ ਤਿੰਨ ਮੈਂਬਰੀ ਵਫ਼ਦ ਨੇ ਸਾਂਝੇ ਖੋਜ ਕਾਰਜਾਂ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ 6-8 ਦਸੰਬਰ 2017 ਨੂੰ ਪੀਏਯੂ ਦਾ ਦੌਰਾ ਕੀਤਾ । ਇਸ ਵਫ਼ਦ ਵਿੱਚ ਡਾ. ਡਾਇਓਨਸੀਆ ਫੈਸਓਲਾ, ਖੇਤੀ ਖੋਜ ਅਫ਼ਸਰ, ਖੇਤੀ ਖੋਜ ਸੰਸਥਾਨ (ਏ ਆਰ ਆਈ) ਸਾਈਪਰਸ, ਡਾ. ਸੋਜੋਸ਼ ਸੋਜੂ, ਨਿਰਦੇਸ਼ਕ, ਹਾਰਟ 4 ਇੰਡੀਆ ਆਰਗੇਨਾਈਜੇਸ਼ਨ, ਸਾਈਪਰਸ ਅਤੇ ਡਾ. ਗਲੈਡਿਊਨ ਪੀ ਸਿੰਘ, ਡੀਨ ਆਫ਼ ਦਿ ਸਕੂਲ ਓਵਰਸੀਜ਼ ਆਫ਼ ਹਾਰਟ 4 ਇੰਡੀਆ ਸ਼ਾਮਲ ਸਨ ।
- ਡਾ. ਸੀ ਰੌਲ, ਜੁਆਇੰਟ ਸਕੱਤਰ, ਖੇਤੀ ਖੋਜ ਅਤੇ ਸਿੱਖਿਆ ਵਿਭਾਗ (ਡੀ ਏ ਆਰ ਈ) ਨਵੀਂ ਦਿੱਲੀ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਲਈ ਪ੍ਰਦਾਨ ਕੀਤੇ ਜਾਂਦੇ ਵਿਕਲਪਾਂ ਦੀ ਪੜਚੋਲ ਕਰਨ ਲਈ 11 ਦਸੰਬਰ 2017 ਨੂੰ ਪੀਏਯੂ ਦਾ ਦੌਰਾ ਕੀਤਾ ।
- ਡਾ. ਸਵਰਨ ਸਿੰਘ ਧਾਲੀਵਾਲ ਅਤੇ ਡਾ. ਹਰਜਿੰਦਰ ਸਿੰਘ ਸੰਧੂ, ਯੂ ਐੱਸ ਏ ਤੋਂ ਮਾਹਿਰਾਂ ਨੇ "ਡਿਜੀਟਲ ਯੁੱਗ ਵਿੱਚ ਆਪਸੀ ਸਹਿਯੋਗ ਰਾਹੀਂ ਸਫ਼ਲਤਾ" ਵਿਸ਼ੇ ਉਤੇ ਭਾਸ਼ਣ ਦੇਣ ਲਈ 5 ਜਨਵਰੀ 2018 ਨੂੰ ਪੀਏਯੂ ਦਾ ਦੌਰਾ ਕੀਤਾ ।
- ਚੁੱਖਾ, ਭੂਟਾਨ ਤੋਂ ਖੇਤੀ ਪਸਾਰ ਅਫ਼ਸਰਾਂ ਦੇ ਚਾਰ ਮੈਂਬਰੀ ਵਫ਼ਦ ਨੇ ਖੁੰਭਾਂ ਦੀ ਕਾਸ਼ਤ ਉੱਤੇ ਸੱਤ ਰੋਜ਼ਾ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ 15-22 ਜਨਵਰੀ 2018 ਦੌਰਾਨ ਪੀਏਯੂ ਦਾ ਦੌਰਾ ਕੀਤਾ । ਭੂਟਾਨ ਦੇ ਇਸ ਵਫ਼ਦ ਵਿੱਚ ਸੋਨਮ ਚੋਕੀ, ਕਿਨਜ਼ੈਂਗ ਵੈਂਗਚੁਕ, ਥਿਨਲੇ ਗੇਟਸ ਹੈਂਨ ਅਤੇ ਡੇਂਬਰ ਸਿੰਘ ਮੋਂਗਰ ਸ਼ਾਮਲ ਸਨ ।
- ਆਈ ਸੀ ਏ ਆਰ ਦੀ ਪੰਜ ਸਾਲ ਰੀਵਿਊ ਟੀਮ ਨੇ ਸਾਲ 2011-2017 ਦੌਰਾਨ ਦੇ ਸਮੇਂ ਦੇ ਫ਼ਲਾਂ ਉੱਤੇ ਆਈ ਸੀ ਏ ਆਰ-ਸਰਵ ਭਾਰਤੀ ਕੋਆਰਡੀਨੇਟਿਡ ਖੋਜ ਪ੍ਰੋਜੈਕਟ ਦੇ ਤਹਿਤ ਪੀਏਯੂ ਦੇ ਫ਼ਲ ਵਿਗਿਆਨ ਵਿਭਾਗ ਵਿਖੇ ਚੱਲ ਰਹੇ ਕਾਰਜਾਂ (ਖੋਜ, ਪ੍ਰਸ਼ਾਸਨ, ਫੰਡਿੰਗ ਅਤੇ ਹੋਰ ਸੰਬੰਧਤ ਮੁੱਦਿਆਂ) ਦਾ ਨਿਰੀਖਣ ਕਰਨ ਲਈ 2 ਫ਼ਰਵਰੀ 2018 ਨੂੰ ਪੀਏਯੂ ਦਾ ਦੌਰਾ ਕੀਤਾ । ਇਸ ਟੀਮ ਦੀ ਅਗਵਾਈ ਚੇਅਰਮੈਨ ਡਾ. ਕੇ.ਐੱਲ ਚੱਢਾ, ਸਾਬਕਾ ਡਿਪਟੀ ਨਿਰਦੇਸ਼ਕ

ਜਨਰਲ (ਬਾਗਬਾਨੀ ਵਿਗਿਆਨ) ਆਈ ਸੀ ਏ ਆਰ ਅਤੇ ਪ੍ਰਧਾਨ, ਭਾਰਤ ਦੀ ਬਾਗਬਾਨੀ ਸੰਸਥਾ ਨਵੀਂ ਦਿੱਲੀ ਕਰ ਰਹੇ ਸਨ । ਇਸ ਟੀਮ ਵਿੱਚ ਡਾ. ਬੀ ਐੱਮ ਸੀ ਰੈਡੀ, ਸਾਬਕਾ ਉਪ ਕੁਲਪਤੀ, ਡਾ. ਵਾਈ ਐੱਸ ਆਰ ਹਾਰਟੀਕਲਚਰਲ ਯੂਨੀਵਰਸਿਟੀ, ਪੱਛਮੀ ਗੋਦਾਵਰੀ, ਆਂਧਰਾ ਪ੍ਰਦੇਸ਼, ਡਾ. ਵੀ ਐੱਸ ਠਾਕੁਰ ਸਾਬਕਾ ਉਪ ਕੁਲਪਤੀ, ਡਾ. ਵਾਈ ਐੱਸ ਪਰਮਾਰ ਯੂਨੀਵਰਸਿਟੀ ਆਫ਼ ਹਾਰਟੀਕਲਚਰ ਐਂਡ ਫਾਰਿਸਟ੍ਰੀ, ਸੋਲਨ ਹਿਮਾਚਲ ਪ੍ਰਦੇਸ਼; ਡਾ. ਐੱਸ ਮਾਲਤੀ ਸਾਬਕਾ ਨਿਰਦੇਸ਼ਕ ਆਈ ਸੀ ਏ ਆਰ-ਔਸ਼ਧੀ ਅਤੇ ਖੁਸ਼ਬੂਦਾਰ ਪੌਦਿਆਂ ਦੀ ਖੋਜ ਦਾ ਡਾਇਰੈਕਟੋਰੇਟ, ਅਨੰਦ, ਗੁਜਰਾਤ; ਡਾ. ਐੱਚ. ਕੇ. ਸੈਨਾਪਤੀ, ਸਾਬਕਾ ਡੀਨ, ਪੀ ਜੀ ਐੱਫ-ਕਮ-ਡੀ ਆਰ ਆਈ, ਉੜੀਸਾ ਯੂਨੀਵਰਸਿਟੀ ਆਫ਼ ਐਗਰੀਕਲਚਰ ਐਂਡ ਤਕਨਾਲੋਜੀ, ਭੁਬਨੇਸ਼ਵਰ, ਉੜੀਸਾ ਅਤੇ ਡਾ. ਪ੍ਰਕਾਸ਼ ਪਾਟਿਲ, ਪ੍ਰੋਜੈਕਟ ਕੋਆਰਡੀਨੇਟਰ, ਆਈ ਸੀ ਏ ਆਰ-ਫ਼ਲਾਂ ਉੱਤੇ ਸਰਵ ਭਾਰਤੀ ਕੋਆਰਡੀਨੇਟਿਡ ਖੋਜ ਪ੍ਰੋਜੈਕਟ ਅਤੇ ਸਕੱਤਰ ਕਿਊ ਆਰ ਟੀ, ਬਾਗਬਾਨੀ ਖੋਜ ਦਾ ਭਾਰਤੀ ਸੰਸਥਾਨ, ਬੈਂਗਲੁਰੂ, ਕਰਨਾਟਕਾ, ਮੈਂਬਰ ਵਜੋਂ ਸ਼ਾਮਲ ਸਨ ।

- ਖੇਤੀ ਲਾਗਤਾਂ ਅਤੇ ਮੁੱਲ ਲਈ ਕਮਿਸ਼ਨ ਦੇ ਚੇਅਰਮੈਨ ਡਾ. ਵਿਜੇ ਪਾਲ ਸ਼ਰਮਾ ਨੇ ਝੋਨੇ ਦੀ ਪਰਾਲੀ ਦੀ ਸਾਂਭ-ਸੰਭਾਲ ਦੇ ਮੁੱਦੇ ਤੇ ਅਤੇ ਜਿਨ੍ਹਾਂ ਕਿਸਾਨਾਂ ਨੇ ਪਰਾਲੀ ਨੂੰ ਨਾ ਸਾੜਨ ਦਾ ਫੈਸਲਾ ਲੈ ਕੇ ਉਸ ਦੀ ਸੰਭਾਲ ਲਈ ਵਿਭਿੰਨ ਤਕਨੀਕਾਂ ਅਪਨਾਈਆਂ ਹਨ, ਬਾਰੇ ਵਿਚਾਰ-ਵਟਾਂਦਰਾ ਕਰਨ ਲਈ 9 ਫ਼ਰਵਰੀ 2018 ਨੂੰ ਪੀਏਯੂ ਦਾ ਦੌਰਾ ਕੀਤਾ । ਉਨ੍ਹਾਂ ਨਾਲ ਉਨ੍ਹਾਂ ਦੇ ਸਲਾਹਕਾਰ ਡਾ. ਡੀ.ਕੇ. ਪਾਂਡੇ ਵੀ ਸਨ ।
- ਦੱਖਣੀ ਡੈਕੋਟਾ ਸਟੇਟ ਯੂਨੀਵਰਸਿਟੀ, ਯੂ ਐਸ ਏ ਦੇ ਵਿੱਤੀ ਮਾਹਿਰ ਅਤੇ ਕਿਸਾਨਾਂ ਦੇ 30 ਮੈਂਬਰੀ ਵਫ਼ਦ ਨੇ ਆਪਣੇ 18 ਮਹੀਨਿਆਂ ਦੇ ਲੀਡਰਸ਼ਿਪ ਪ੍ਰੋਗਰਾਮ ਦੇ ਤਹਿਤ 19 ਫ਼ਰਵਰੀ 2018 ਨੂੰ ਪੀਏਯੂ ਦਾ ਦੌਰਾ ਕੀਤਾ । ਇਸ ਵਫ਼ਦ ਦੀ ਅਗਵਾਈ ਡਾ. ਲੋਰੀ ਕੋਪ, ਕਾਰਜਕਾਰੀ ਨਿਰਦੇਸ਼ਕ, ਦੱਖਣੀ ਡੈਕੋਟਾ ਖੇਤੀਬਾੜੀ ਅਤੇ ਪੇਂਡੂ ਲੀਡਰਸ਼ਿਪ ਪ੍ਰੋਗਰਾਮ ਕਰ ਰਹੇ ਹਨ ।
- ਮਿਸ ਹਰਿੰਦਰ ਸਿੱਧੂ, ਭਾਰਤ ਵਿੱਚ ਅਸਟ੍ਰੇਲੀਅਨ ਹਾਈ ਕਮਿਸ਼ਨਰ ਨੇ ਸਾਂਝੇ ਹਿੱਤਾਂ ਦੇ ਖੇਤਰਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ 19 ਫ਼ਰਵਰੀ 2018 ਨੂੰ ਪੀਏਯੂ ਦਾ ਦੌਰਾ ਕੀਤਾ। ਉਨ੍ਹਾਂ ਦੇ ਨਾਲ ਤਿੰਨ ਮੈਂਬਰੀ ਆਸਟ੍ਰੇਲੀਅਨ ਵਫ਼ਦ ਵੀ ਸੀ, ਜਿਸ ਵਿੱਚ ਡਾ. ਨੋਰਾ ਗਲਵੇਅ ਮਿਜ਼ ਵਨੀਸਾ ਵੋਸ ਅਤੇ ਡਾ. ਕੁਹੂ ਚੈਟਰਜੀ ਸ਼ਾਮਲ ਸਨ ।
- ਸ. ਅਰਵਿੰਦਰ ਸਿੰਘ ਬੈਂਸ, ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਨੇ ਪਰਾਲੀ ਨੂੰ ਜਲਾਉਣ ਦੇ ਮੁੱਦੇ ਉੱਤੇ ਨੀਤੀ ਨਿਰਧਾਰਤ ਕਰਨ ਲਈ 19 ਫ਼ਰਵਰੀ 2018 ਨੂੰ ਪੀਏਯੂ ਦਾ ਦੌਰਾ ਕੀਤਾ ।
- ਡਾ. ਐਮ. ਇਲੈਂਗਵੋਨ, ਪ੍ਰਿੰਸੀਪਲ ਵਿਗਿਆਨੀ (ਜੈਨੇਟਿਕ ਰਿਸੋਰਸਿਸ) ਆਈ ਸੀ ਏ ਆਰ-ਇੰਡੀਅਨ ਇੰਸਟੀਚਿਊਟ ਆਫ਼ ਮਿਲਿਟਜ਼ ਰਿਸਰਚ (ਆਈ ਆਈ ਐੱਮ ਆਰ) ਹੈਦਰਾਬਾਦ ਨੇ "ਡਿਜੀਟਲ ਫੀਲਡ ਬੁੱਕ" ਉੱਤੇ ਭਾਸ਼ਣ ਦੇਣ ਲਈ 15 ਮਾਰਚ 2018 ਨੂੰ ਪੀਏਯੂ ਦਾ ਦੌਰਾ ਕੀਤਾ ।
- ਡਾ. ਕੇ ਐੱਸ ਖੋਖਰ, ਸਾਬਕਾ ਉਪ ਕੁਲਪਤੀ, ਸੀ ਸੀ ਐੱਸ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ, ਹਿਸਾਰ, ਹਰਿਆਣਾ ਨੇ "ਭੋਜਨ ਅਤੇ ਫੀਡ ਸਰੋਤ ਵਜੋਂ ਕੀੜੇ ਮਕੌੜਿਆਂ ਉਤੇ ਪ੍ਰਥਮ ਡਾ. ਏ ਐੱਸ ਅਟਵਾਲ ਯਾਦਗਾਰੀ ਭਾਸ਼ਣ ਦੇਣ ਲਈ 16 ਮਾਰਚ 2018 ਨੂੰ ਪੀਏਯੂ ਦਾ ਦੌਰਾ ਕੀਤਾ ।
- ਡਾ. ਆਰ ਐੱਸ ਘੁੰਮਣ, ਪ੍ਰੋਫੈਸਰ ਆਫ਼ ਇਕਨਾਮਿਕਸ, ਪੇਂਡੂ ਅਤੇ ਉਦਯੋਗਿਕ ਵਿਕਾਸ ਵਿੱਚ ਖੋਜ ਲਈ ਕੇਂਦਰ, ਚੰਡੀਗੜ੍ਹ ਨੇ "ਪੰਜਾਬ ਦੀ ਪੇਂਡੂ ਆਰਥਿਕਤਾ : ਮੁੱਦੇ ਅਤੇ ਚੁਣੌਤੀਆਂ" ਵਿਸ਼ੇ ਉੱਤੇ ਭਾਸ਼ਣ ਦੇਣ ਲਈ 21 ਮਾਰਚ 2018 ਨੂੰ ਪੀਏਯੂ ਦਾ ਦੌਰਾ ਕੀਤਾ ।
- ਡਾ. ਅਹਿਮਦ ਅਵਣੀ, ਨਿਰਦੇਸ਼ਕ, ਖੇਤੀ ਪੌਣ ਪਾਣੀ ਲਈ ਕੇਂਦਰੀ ਲੈਬਾਰਟਰੀ, ਮਿਸਰ ਅਤੇ ਡਾ. ਮੋਹਾਮਦ ਅਬਦਰਾਬੋ, ਪ੍ਰੋਫੈਸਰ, ਖੇਤੀ ਪੌਣ ਪਾਣੀ ਲਈ ਕੇਂਦਰੀ ਲੈਬਾਰਟਰੀ ਮਿਸਰ ਨੇ ਪਾਣੀ ਦੇ ਰੱਖ ਰਖਾਅ ਲਈ ਵਿਚਾਰ ਵਟਾਂਦਰਾ ਕਰਨ ਹਿੱਤ 22-23 ਮਾਰਚ 2018 ਦੌਰਾਨ ਪੀਏਯੂ ਦਾ ਦੌਰਾ ਕੀਤਾ ।
- ਖੇਤੀਬਾੜੀ, ਸਿੰਚਾਈ ਅਤੇ ਪਸ਼ੂ ਧਨ ਮੰਤਰਾਲਾ, ਕਾਬੁਲ, ਅਫ਼ਗਾਨਿਸਤਾਨ ਸਰਕਾਰ ਦੇ ਅਧਿਕਾਰੀਆਂ ਦੇ 10 ਮੈਂਬਰੀ ਵਫ਼ਦ ਨੇ "ਭੋਜਨ ਸੁਰੱਖਿਆ ਲਈ ਫ਼ਸਲ ਨੂੰ ਬਚਾਉਣ ਵਾਲੇ ਰਸਾਇਣ ਅਤੇ ਉਨ੍ਹਾਂ ਦੀ ਰਹਿੰਦ-ਖੂੰਹਦ ਦਾ ਇੰਤਜ਼ਾਮ" ਤੇ ਲੱਗੇ ਦਸ ਰੋਜ਼ਾ ਅੰਤਰਰਾਸ਼ਟਰੀ ਸਿਖਲਾਈ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ 9-18 ਅਪ੍ਰੈਲ 2018 ਦੌਰਾਨ ਪੀਏਯੂ ਦਾ ਦੌਰਾ ਕੀਤਾ । ਇਹ ਸਿਖਲਾਈ ਪ੍ਰੋਗਰਾਮ ਇਨਵਾਇਰਨਮੈਂਟਲ ਅਤੇ ਕਲਚਰ ਸੋਸਾਇਟੀ, ਹਿਸਾਰ, ਹਰਿਆਣਾ ਦੀ ਸਰਪ੍ਰਸਤੀ ਹੇਠ ਕੀਟ ਵਿਗਿਆਨ ਵਿਭਾਗ, ਪੀਏਯੂ ਵੱਲੋਂ ਲਗਾਇਆ ਗਿਆ ।
- ਯੀਜ਼ਿਨ ਐਗਰੀਕਲਚਰਲ ਯੂਨੀਵਰਸਿਟੀ (ਵਾਈ ਏ ਯੂ) ਮੀਆਂਮਾਰ ਦੇ ਇੱਕ ਵਫ਼ਦ ਨੇ ਭੋਜਨ ਪ੍ਰੋਸੈਸਿੰਗ ਤਕਨੀਕਾਂ ਬਾਰੇ ਜਾਣਕਾਰੀ ਲੈਣ ਹਿੱਤ 17 ਅਪ੍ਰੈਲ 2018 ਨੂੰ ਪੀਏਯੂ ਦਾ ਦੌਰਾ ਕੀਤਾ ।
- ਸ੍ਰੀ ਸੁੰਦਰ ਸ਼ਾਮ ਅਰੋੜਾ, ਉਦਯੋਗਾਂ ਅਤੇ ਕਾਮਰਸ ਮੰਤਰੀ, ਪੰਜਾਬ ਨੇ ਕਨਫੈਡਰੇਸ਼ਨ ਆਫ਼ ਇੰਡੀਅਨ ਇੰਡਸਟਰੀ, ਉਦਯੋਗ ਅਤੇ ਕਾਮਰਸ ਵਿਭਾਗ ਪੰਜਾਬ ਅਤੇ ਪੀਏਯੂ ਲੁਧਿਆਣਾ ਵੱਲੋਂ ਸਾਂਝੇ ਤੌਰ ਤੇ ਕਰਵਾਏ ਐਗਰੀ ਅਤੇ ਫੂਡ ਕਨਕਲੇਵ ਦਾ ਉਦਘਾਟਨ ਕਰਨ ਲਈ 16 ਮਈ 2018 ਨੂੰ ਪੀਏਯੂ ਦਾ ਦੌਰਾ ਕੀਤਾ ।
- ਯੂਨੀਵਰਸਿਟੀ ਆਫ਼ ਮੈਲਬਰਨ, ਆਸਟ੍ਰੇਲੀਆ ਦੇ ਦੋ ਮੈਂਬਰੀ ਵਫ਼ਦ ਨੇ ਖੇਤੀ ਖੋਜ ਅਤੇ ਅਧਿਆਪਨ ਵਿੱਚ ਸਾਂਝੇ ਕਾਰਜਾਂ ਦੀਆਂ ਸੰਭਾਵਨਾਵਾਂ ਦੀ ਖੋਜ ਕਰਨ ਲਈ 6 ਜੂਨ 2018 ਨੂੰ ਪੀਏਯੂ ਦਾ ਦੌਰਾ ਕੀਤਾ । ਇਸ ਵਫ਼ਦ ਵਿੱਚ ਡਾ. ਸੈਂਡ ਅਜਲੌਣੀ, ਐਸੋਸੀਏਟ ਪ੍ਰੋਫੈਸਰ ਅਤੇ ਜੋਂਟੀ ਹਾਲ ਭਰਤੀ ਸੰਚਾਲਕ ਸ਼ਾਮਲ ਸਨ ।

- ਯੂ.ਕੇ. ਤੋਂ ਇੱਕ ਵਫ਼ਦ ਨੇ "ਤਾਜ਼ੇ ਉਤਪਾਦਨ ਦੀ ਸਪਲਾਈ ਚੇਨ ਦਾ ਵਿਕਾਸ ਅਤੇ ਸਟੋਰੇਜ਼ ਸਿਸਟਮ" ਉੱਤੇ ਸਾਂਝੇ ਪ੍ਰੋਜੈਕਟ ਬਾਰੇ ਵਿਚਾਰ-ਵਟਾਂਦਰਾ ਕਰਨ ਲਈ 14 ਜੂਨ 2018 ਨੂੰ ਪੀਏਯੂ ਦਾ ਦੌਰਾ ਕੀਤਾ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਇਸ ਅੰਤਰਰਾਸ਼ਟਰੀ ਪ੍ਰੋਜੈਕਟ ਦੀ ਭਾਈਵਾਲ ਹੈ, ਜਿਸ ਦਾ ਮੰਤਵ ਫ਼ਲਾਂ ਅਤੇ ਸਬਜ਼ੀਆਂ ਦੀ ਤੁੜਾਈ ਉਪਰੰਤ ਸਾਂਭ-ਸੰਭਾਲ ਹੈ। ਕੰਪਨੀਆਂ ਜਿਵੇਂ ਕਿ ਕੋਵਰਿਸ ਫਲੈਕਸੀਬਲਜ਼ ਲਿਮਿਟਿਡ, ਈ ਸੀ ਐੱਚ ਇੰਜਨੀਅਰਿੰਗ ਲਿਮਿਟਿਡ ਅਤੇ ਵਿਦਿਅਕ ਸੰਸਥਾਵਾਂ ਜਿਵੇਂ ਕਿ ਯੂ.ਕੇ. ਤੋਂ ਲਿੰਕਨ ਅਤੇ ਗ੍ਰਿਮਸਬੀ ਇੰਸਟੀਚਿਊਟ ਅਤੇ ਭਾਰਤ ਤੋਂ ਸਾਂਘਾ ਇੰਨੋਵੇਸ਼ਨ ਪ੍ਰਾਈਵੇਟ ਲਿਮਿਟਿਡ, ਜਲੰਧਰ; ਸੈਂਟਰ ਆਫ਼ ਇਨੋਵੇਟਿਵ ਐਂਡ ਐਪਲਾਈਡ ਬਾਇਓਪ੍ਰੋਸੈਸਿੰਗ (ਸੀ ਆਈ ਏ ਬੀ) ਮੋਹਾਲੀ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਇਸ ਸਾਂਝੇ ਪ੍ਰੋਜੈਕਟ ਦੇ ਭਾਈਵਾਲ ਹਨ। ਇਸ ਪ੍ਰੋਜੈਕਟ ਨੂੰ ਫੰਡਿੰਗ ਯੂ ਕੇ ਇੰਡੀਆ ਨਿਊਟਨ-ਭਾਬਾ ਫੰਡ ਤੋਂ ਹੋਵੇਗੀ।

## ਸਿਖਲਾਈਆਂ ਅਤੇ ਵਿਦੇਸ਼ੀ ਦੌਰੇ

### ਖੇਤੀਬਾੜੀ ਕਾਲਜ

- ਡਾ. ਅਮਨਦੀਪ ਮਿੱਤਲ (ਸਕੂਲ ਆਫ਼ ਐਗਰੀਕਲਚਰਲ ਬਾਇਓਤਕਨਾਲੋਜੀ) ਨੇ 12 ਦਸੰਬਰ 2017 ਤੋਂ 11 ਮਈ 2018 ਦੌਰਾਨ "ਅਮਰੂਦ ਜੀਨੋਮ ਇਕੱਠੇ ਕਰਨ ਅਤੇ ਉੱਚ ਲਿੰਕੇਜ ਮੈਪਿੰਗ ਅਤੇ ਜੀਨ/ਕਿਊ ਟੀ ਐੱਲ ਪਛਾਣਨ ਲਈ ਐੱਸ ਐੱਨ ਪੀ ਚਿੱਪ ਡਿਜ਼ਾਈਨ ਕਰਨ ਲਈ ਲਾਭਦਾਇਕ ਐੱਸ ਐੱਨ ਪੀ'ਜ਼ ਦੀ ਮਾਈਨਿੰਗ ਕਰਨ" ਉੱਤੇ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਯੂਨੀਵਰਸਿਟੀ ਆਫ਼ ਵੈਸਟਰਨ ਆਸਟ੍ਰੇਲੀਆ, ਆਸਟ੍ਰੇਲੀਆ ਦਾ ਦੌਰਾ ਕੀਤਾ।
- ਡਾ. ਨਵਨੀਤ ਕੌਰ (ਵਣ ਅਤੇ ਕੁਦਰਤੀ ਸਰੋਤ) ਨੇ 21-27 ਜਨਵਰੀ 2018 ਦੌਰਾਨ "ਖੇਤੀ ਭੋਜਨ ਸੁਰੱਖਿਆ ਖੋਜ-ਨੀਤੀ ਲਿੰਕੇਜਿਜ਼" ਉੱਤੇ ਸੱਤ ਰੋਜ਼ਾ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਯੂਨੀਵਰਸਿਟੀ ਆਫ਼ ਗੋਟਨਬਰਗ, ਸਵੀਡਨ ਦਾ ਦੌਰਾ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਨੇ 19-22 ਸਤੰਬਰ 2017 ਦੌਰਾਨ ਕਿਓਟੋ ਜਾਪਾਨ ਵਿਖੇ ਹੋਈ "ਨਦੀਨ ਵਿਗਿਆਨ ਉੱਤੇ 26ਵੀਂ ਏਸ਼ੀਅਨ - ਪੈਸਿਫਿਕ ਕਾਨਫਰੰਸ" ਵਿੱਚ ਖੋਜ ਪੇਪਰ ਪ੍ਰਸਤੁਤ ਕੀਤਾ।
- ਡਾ. ਆਰ.ਕੇ. ਢੱਲ (ਸਬਜ਼ੀ ਵਿਗਿਆਨ) ਨੇ 29 ਜਨਵਰੀ ਤੋਂ 16 ਫ਼ਰਵਰੀ 2018 ਦੌਰਾਨ "ਸੰਘਣਾ ਸਬਜ਼ੀ ਉਤਪਾਦਨ ਅਤੇ ਆਧੁਨਿਕ ਸਿੰਚਾਈ ਤਕਨੀਕਾਂ" ਉੱਤੇ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਐੱਮ ਏ ਟੀ ਸੀ-ਐੱਮ ਏ ਐੱਸ ਐੱਸ ਏ ਵੀ'ਜ਼ ਅੰਤਰਰਾਸ਼ਟਰੀ ਖੇਤੀ ਸਿਖਲਾਈ ਕੇਂਦਰ, ਸ਼ੈਫੇਇਮ, ਇਜ਼ਰਾਈਲ ਦਾ ਦੌਰਾ ਕੀਤਾ।
- ਡਾ. ਸਰਵਨ ਕੁਮਾਰ (ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ) ਨੇ 1 ਅਪ੍ਰੈਲ ਤੋਂ 1 ਅਗਸਤ 2018 ਦੌਰਾਨ ਪੋਸਟ ਡਾਕਟਰੇਟ ਖੋਜ ਲਈ ਯੂਨੀਵਰਸਿਟੀ ਆਫ਼ ਕੁਈਨਜ਼ਲੈਂਡ ਦਾ ਦੌਰਾ ਕੀਤਾ।
- ਡਾ. ਐੱਸ ਕੇ ਜਿੰਦਲ (ਸਬਜ਼ੀ ਵਿਗਿਆਨ) ਨੇ 9-27 ਅਪ੍ਰੈਲ 2018 ਦੌਰਾਨ "ਜੈਨੇਟਿਕਸ ਸਰੋਤਾਂ ਦੇ ਰੱਖ ਰਖਾਅ ਅਤੇ ਵਰਤੋਂ ਦੀਆਂ ਸਮਕਾਲੀ ਪਹੁੰਚਵਿਧੀਆਂ" ਉੱਤੇ ਅੰਤਰਰਾਸ਼ਟਰੀ ਸਿਖਲਾਈ ਕੋਰਸ ਵਿੱਚ ਸ਼ਾਮਲ ਹੋਣ ਲਈ ਵੈਜਿਨਿਨਜਿਨ ਯੂਨੀਵਰਸਿਟੀ ਨੀਦਰਲੈਂਡ ਦਾ ਦੌਰਾ ਕੀਤਾ।
- ਡਾ. ਆਰ ਆਈ ਐੱਸ ਗਿੱਲ ਅਤੇ ਡਾ. ਕੇ ਐੱਸ ਸਾਂਘਾ (ਵਣ ਅਤੇ ਕੁਦਰਤੀ ਸਰੋਤ) ਨੇ 27-29 ਅਪ੍ਰੈਲ 2018 ਦੌਰਾਨ "ਅੰਤਰਰਾਸ਼ਟਰੀ ਵਣ-ਖੇਤੀ ਕਾਨਫਰੰਸ" ਵਿੱਚ ਮੌਖਿਕ ਪੇਸ਼ਕਾਰੀ ਲਈ ਕਾਠਮੰਡੂ, ਨੇਪਾਲ ਦਾ ਦੌਰਾ ਕੀਤਾ।
- ਡਾ. ਰਿਤੂ ਰਾਣੀ (ਪੌਦਾ ਰੋਗ ਵਿਗਿਆਨ) ਨੇ 11 ਮਈ ਤੋਂ 11 ਅਗਸਤ 2018 ਦੌਰਾਨ ਅਡਵਾਂਸ ਸਿਖਲਾਈ ਕੋਰਸ ਵਿੱਚ ਸ਼ਾਮਲ ਹੋਣ ਲਈ ਓਹਾਈਓ ਸਟੇਟ ਯੂਨੀਵਰਸਿਟੀ, ਯੂ ਐੱਸ ਏ ਦਾ ਦੌਰਾ ਕੀਤਾ।
- ਡਾ. ਸੁਮੀਤਾ ਚੰਡੇਲ (ਭੂਮੀ ਵਿਗਿਆਨ) ਨੇ 27 ਜੂਨ ਤੋਂ 29 ਜੁਲਾਈ 2018 ਦੌਰਾਨ "ਭੋਜਨ ਸੁਰੱਖਿਆ" ਉੱਤੇ ਸਮਰ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਟੈੱਲ ਅਵੀਵ ਯੂਨੀਵਰਸਿਟੀ ਇਜ਼ਰਾਈਲ ਦਾ ਦੌਰਾ ਕੀਤਾ।

### ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ

- ਡਾ. ਨਿਲੇਸ਼ ਬਿਵਾਲਕਰ (ਭੂਮੀ ਅਤੇ ਪਾਣੀ ਇੰਜਨੀਅਰਿੰਗ) ਨੇ 13-26 ਮਾਰਚ 2018 "ਜਲਵਾਯੂ ਪਰਿਵਰਤਨ ਦੇ ਸਮਿਆਂ ਵਿੱਚ ਸੇਂਜੂ ਖੇਤੀਬਾੜੀ" ਉੱਤੇ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਗਲੀਲੀ ਇੰਟਰਨੈਸ਼ਨਲ ਮੈਨੇਜਮੈਂਟ ਇੰਸਟੀਚਿਊਟ ਨਾਹਾਲਾਲ ਇਜ਼ਰਾਈਲ ਦਾ ਦੌਰਾ ਕੀਤਾ।
- ਡਾ. ਐੱਮ ਐੱਸ ਆਲਮ (ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ) ਨੇ 14 ਮਈ ਤੋਂ 1 ਜੂਨ 2018 ਦੌਰਾਨ "ਉਭਰਦੀਆਂ ਮੰਡੀਆਂ ਵਿੱਚ ਬਾਗਬਾਨੀ ਖੇਤਰ ਦਾ ਵਿਕਾਸ" ਉਤੇ ਸਿਖਲਾਈ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਵੈਜਿਨਿਨਜਿਨ ਯੂਨੀਵਰਸਿਟੀ, ਦਿ ਨੀਦਰਲੈਂਡ ਦਾ ਦੌਰਾ ਕੀਤਾ।

## ਪੀ ਏ ਯੂ ਵਿਖੇ ਆਯੋਜਿਤ ਕੀਤੇ ਗਏ ਮਹੱਤਵਪੂਰਨ ਪ੍ਰੋਗਰਾਮ

### ਖੇਤੀਬਾੜੀ ਕਾਲਜ

| ਪ੍ਰੋਗਰਾਮ ਅਤੇ ਮਿਤੀ | ਆਯੋਜਨ/ਵਿੱਤੀ ਸਹਾਇਤਾ ਪ੍ਰਦਾਨ ਕਰਨ ਵਾਲੀ ਏਜੰਸੀ |
|---|---|
| " ਪੌਦਿਆਂ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਬਾਇਓਰੈਸ਼ਨਲ ਪਹੁੰਚ" ਬਾਰੇ ਇਕ ਦਿਨਾ ਰਾਸ਼ਟਰੀ ਸਿੰਪੋਜ਼ਿਅਮ (27-28 ਅਕਤੂਬਰ 2017) | ਇੰਡੀਅਨ ਸੋਸਾਇਟੀ ਆਫ ਪਲਾਂਟ ਪੈਥੋਲੋਜਿਸਟਸ, ਪੀਏਯੂ ਦਾ ਪੌਦਾ ਰੋਗ ਵਿਗਿਆਨ ਵਿਭਾਗ ਅਤੇ ਹਿਮਾਲਿਅਨ ਸੁਸਾਇਟੀ ਆਫ ਪਲਾਂਟ ਪੈਥੋਲੋਜੀ, ਵਾਈ.ਐੱਸ ਪਰਮਾਰ ਯੂਨੀਵਰਸਿਟੀ ਆਫ ਹੋਰਟੀਕਲਚਰ ਐਂਡ ਫੋਰੈਸਟਰੀ, ਨੌਣੀ, ਸੋਲਨ |
| ਸੈਂਟਰ ਫਾਰ ਐਡਵਾਂਸ ਫੈਕਲਟੀ ਟ੍ਰੇਨਿੰਗ ਵਲੋਂ " ਖੇਤੀ ਅਤੇ ਮਿੱਟੀ ਦੀ ਸਿਹਤ ਸੁਧਾਰ" ਬਾਰੇ ਸੈਮੀਨਾਰ, (1-21 ਨਵੰਬਰ,2017) | ਇੰਡੀਅਨ ਸੋਸਾਇਟੀ ਆਫ ਪਲਾਂਟ ਪੈਥੋਲੋਜਿਸਟਸ, ਪੀਏਯੂ ਦਾ ਪੌਦਾ ਰੋਗ ਵਿਗਿਆਨ |
| ਚਾਰ ਸਿਖਲਾਈ ਕੋਰਸ:<br>* "ਮੁੱਢਲਾ ਮਧੂ ਮੱਖੀ ਪਾਲਣ ਕੋਰਸ" ਕਿਸਾਨਾਂ ਅਤੇ ਕਿਸਾਨ ਬੀਬੀਆਂ ਲਈ (20-27 ਨਵੰਬਰ 2017),<br>*"ਮੁੱਢਲਾ ਮਧੂ ਮੱਖੀ ਪਾਲਣ ਕੋਰਸ", ਭਾਰਤੀ ਬਾਗਬਾਨੀ ਮਿਸ਼ਨ ਅਧੀਨ (8-12 ਜਨਵਰੀ, 2018)<br>*ਅਨੁਸੂਚਿਤ ਜਾਤੀਆਂ ਲਈ "ਮੁੱਢਲਾ ਮਧੂ ਮੱਖੀ ਪਾਲਣ ਕੋਰਸ" (15-19 ਜਨਵਰੀ 2018)<br>*ਖੇਤੀ, ਬਾਗਬਾਨੀ ਵਿਕਾਸ ਅਧਿਕਾਰੀਆਂ, ਕੇਵੀਕੇ ਮਾਹਿਰਾਂ ਲਈ ਵਿਕਸਿਤ ਮਧੂ ਮੱਖੀ ਪਾਲਣ ਕੋਰਸ" (6-9 ਫਰਵਰੀ 2018) | ਕੀਟ ਵਿਗਿਆਨ ਵਿਭਾਗ ਪੀ ਏ ਯੂ |
| 'ਚਿੱਟੀ ਮੱਖੀ ਪੌਦਾ ਵਾਇਰਸ:ਕੀਟਨਾਸ਼ਕਾਂ ਤੋਂ ਅਗਾਂਹ ਜੀਨੋਮਿਕਸ ਹੱਲ' ਬਾਰੇ ਇੰਡੋ ਅਮਰੀਕੀ ਸਿੰਪੋਜ਼ੀਅਮ (4-5 ਦਸੰਬਰ 2017) | ਪੀਏਯੂ ਅਤੇ ਯੂਨੀਵਰਸਿਟੀ ਆਫ਼ ਐਰੀਜ਼ੋਨਾ, ਅਮਰੀਕਾ |
| 'ਸਾਊਥ ਏਸ਼ੀਅਨ ਐਸੋਸੀਏਸ਼ਨ ਫਾਰ ਰੀਜ਼ਨਲ ਕਾਰਪੋਰੇਸ਼ਨ (ਸਾਰਕ) ਨਿਗਰਾਨੀ ਟੂਲ ਬਾਕਸ' ਬਾਰੇ ਪ੍ਰੀ-ਸੀਜ਼ਨ ਸਿਖਲਾਈ | ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀਏਯੂ ਇੰਡੀਅਨ ਇੰਸਟੀਚਿਊਟ ਆਫ਼ ਵੀਟ ਐਂਡ ਬਾਰਕਲੇ ਰਿਸਰਚ (ਆਈਆਈਡਬਲਯੂਬੀਆਰ) ਕਰਨਾਲ ਅਤੇ ਸਥਗੁਰੂ ਮੈਨੇਜਮੈਂਟ ਕਨਸਲਟੈਂਟਸ (ਪ੍ਰਾ.) ਲਿਮ. ਹੈਦਰਾਬਾਦ ਦੇ ਸਹਿਯੋਗ ਨਾਲ |
| 'ਬਾਇਓਕੰਟਰੋਲ ਏਜੰਟਸ ਦਾ ਮਾਸ ਉਤਪਾਦਨ ਅਤੇ ਵਰਤੋਂ" ਬਾਰੇ ਨਵਾਂ ਸ਼ਹਿਰ ਕੋਆਪਰੇਟਿਵ ਖੰਡ ਮਿੱਲ, ਮੋਰਿੰਡਾ ਕੋਆਪਰੇਟਿਵ ਖੰਡ ਮਿੱਲ ਅਤੇ ਬਾਇਓ ਨਿਯੰਤ੍ਰਣ ਲੈਬਾਰਟਰੀ, ਖੇਤਰੀ ਸਟੇਸ਼ਨ ਅਬੋਹਰ ਦੇ ਤਕਨੀਕੀ ਅਮਲੇ ਲਈ ਸਿਖਲਾਈ ਕੋਰਸ (6-7 ਮਾਰਚ, 2018) | ਬਾਇਓ ਕੰਟਰੋਲ ਸੈਕਸ਼ਨ, ਕੀਟ ਵਿਗਿਆਨ ਵਿਭਾਗ, ਪੀਏਯੂ |
| ਪੰਜਾਬ ਐਗਰੀ ਐਂਡ ਫੂਡ ਕਨਕਲੇਵ ਫਰਾਮ ਫੂਡ ਬਾਊਲ ਆਫ਼ ਇੰਡੀਆ ਟੂ ਫੂਡ ਪ੍ਰੋਸੈਸਿੰਗ ਹਬ ਆਫ਼ ਇੰਡੀਆ 16 ਮਈ 2018 | ਕਨਫੈਡਰੇਸ਼ਨ ਆਫ਼ ਇੰਡੀਆਨ ਇੰਸਟਰੀਜ਼ ਪੰਜਾਬ ਸਰਕਾਰ ਅਤੇ ਪੀਏਯੂ |
| 9ਵੀਂ ਆਲ ਇੰਡੀਆ ਪਿਆਜ਼ ਅਤੇ ਲਸਣ ਬਾਰੇ ਪ੍ਰੋਜੈਕਟ ਖੋਜ ਨੈੱਟਵਰਕ ਗਰੁੱਪ ਮੀਟਿੰਗ 8-10 ਜੂਨ 2018 | ਸਬਜ਼ੀ ਵਿਗਿਆਨ ਵਿਭਾਗ, ਨਿਰਦੇਸ਼ਕ ਆਈ ਸੀ ਏ ਆਰ, ਪਿਆਜ਼ ਅਤੇ ਲਸਣ ਖੋਜ, ਪੂਨੇ |

### ਖੇਤੀ ਇੰਜੀਨਅਰਿੰਗ ਅਤੇ ਤਕਨਾਲੋਜੀ ਕਾਲਜ

| | |
|---|---|
| ਤੁਰਨਕੀ ਵਰਕਰਜ਼/ਸੈਲਫ ਇੰਪਲਾਈਡ ਵਰਕਜ਼ ਟ੍ਰੇਨਿੰਗ ਕੋਰਸਜ਼ ਟ੍ਰੇਨਿੰਗ (16 ਅਗਸਤ ਤੋਂ 4 ਸਤੰਬਰ 2017) ਅਤੇ 23 ਅਕਤੂਬਰ ਤੋਂ 6 ਨਵੰਬਰ 2017 | ਸਿਵਲ ਇੰਜਨੀਅਰਿੰਗ ਵਿਭਾਗ, ਪੀਏਯੂ ਨਿਊ ਐਂਡ ਰਿਨਿਊਏਬਲ ਐਨਰਜੀ ਮੰਤਰਾਲੇ ਵੱਲੋਂ ਖੇਤਰੀ ਬਾਇਓ ਗੈਸ ਵਿਭਾਗ ਅਤੇ ਸਿਖਲਾਈ ਸੈਂਟਰ ਸਕੀਮ ਅਧੀਨ ਆਯੋਜਿਤ |
| "ਉਸਾਰੀ ਅਤੇ ਰਖ-ਰਖਾਵ" ਸਿਖਲਾਈ ਕੋਰਸ (5-17 ਸਤੰਬਰ, 2017) ਤੇ 21-20 ਨਵੰਬਰ 2017 | |

| | |
|---|---|
| ਪੰਜ ਸਾਲਾਂ ਰੀਵਿਊ ਟੀਮ ਦੀ ਮੀਟਿੰਗ 8 ਕੇਂਦਰਾਂ ਪੀਏਯੂ ਲੁਧਿਆਣਾ, ਹਰਿਆਣਾ ਐਗਰੀ ਯੂਨੀਵਰਸਿਟੀ ਹਿਸਾਰ ਸੈਮ ਹਿੰਗਿਵ ਓਟਮ ਯੂਨੀਵਰਸਿਟੀ ਆਫ਼ ਐਗਰੀਕਲਚਰ ਤਕਨਾਲੋਜੀ ਐਂਡ ਸਾਇੰਸਜ਼ ਇਲਾਹਾਬਾਦ, ਇੰਡੀਅਨ ਗਰਾਸਲੈਂਡ ਐਂਡ ਫੋਡਰ ਰਿਸਰਚ ਇੰਸਟੀਚਿਊਟ ਝਾਂਸੀ, ਇੰਡੀਅਨ ਇੰਸਟੀਚਿਊਟ ਆਫ਼ ਸ਼ੂਗਰਕੇਨ ਰਿਸਰਚ ਲਖਨਊ, ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ ਦਿੱਲੀ, ਜੀ ਬੀ ਪੰਤ ਯੂਨੀਵਰਸਿਟੀ ਆਫ਼ ਐਗਰੀਕਲਚਰ ਐਂਡ ਤਕਨਾਲੋਜੀ ਪੰਤ ਨਗਰ ਅਤੇ ਹਿਮਾਚਲ ਪ੍ਰਦੇਸ਼ ਕ੍ਰਿਸ਼ੀ ਵਿਸ਼ਵਵਿਦਿਆਲਾ ਪਾਲਮਪੁਰ ਲਈ 'ਫਾਰਮ ਇੰਪਲੀਮੈਂਟਸ ਐਂਡ ਮਸ਼ੀਨਰੀ' ਸਕੀਮ ਅਧੀਨ(6-8 ਨਵੰਬਰ, 2017) | ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ ਪੀਏਯੂ |
| ਕੋਲੈਬਰੀਟਿਵ ਐਗਰੀਕਲਚਰ ਐਕਸੈਟਸ਼ਨ ਟ੍ਰੇਨਿੰਗ ਪ੍ਰੋਗਰਾਮ ਫਾਰ ਫੀਲਡ ਇੰਜਨੀਅਰਜ਼ ਐਂਡ ਐਗਜੈਕਟਿਵ 9-10 ਦਸੰਬਰ 2017, ਦਸੰਬਰ 18, 2017; 8-10 ਫਰਵਰੀ 2018 ਅਤੇ 26 ਫਰਵਰੀ 2018 | ਮਹਿੰਦਰਾ ਐਂਡ ਮਹਿੰਦਰਾ ਫਾਰਮ ਮਸ਼ੀਨਰੀ ਐਂਡ ਪਾਵਰ ਇੰਜਨੀਅਰਿੰਗ ਵਿਭਾਗ ਦੇ ਸਹਿਯੋਗ ਨਾਲ ਕਾਲਜ ਆਫ਼ ਐਗਰੀਕਲਚਰਲ ਇੰਜਨੀਅਰਿੰਗ ਦਾ ਸਿਖਲਾਈ ਯੂਨਿਟ |
| ਦੋ ਸਿਖਲਾਈ ਕੋਰਸ :<br>* ਵੱਖ ਵੱਖ ਖੇਤ ਕਾਰਜਾਂ ਲਈ ਮਸ਼ੀਨਰੀ ਤੇ ਆਪਣੀ ਸੁਰੱਖਿਆ 11-12 ਜਨਵਰੀ 2018<br>* ਪਾਣੀ ਦੀ ਬੱਚਤ ਤੇ ਰੀਚਾਰਜਿੰਗ ਲਈ ਸ਼ੁੱਧਤਾ ਤਕਨਾਲੋਜੀਆਂ | ਨਿਰਦੇਸ਼ਕ ਪਸਾਰ ਸਿੱਖਿਆ ਅਤੇ ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ ਵਿਭਾਗ ਦੇ ਸਹਿਯੋਗ ਨਾਲ ਸਿਖਲਾਈ ਯੂਨਿਟ |
| ਖੇਤੀ ਇੰਜਨੀਅਰਿੰਗ ਬਾਰੇ ਇਨ ਹਾਊਸ ਪ੍ਰੋਗਰਾਮ ਟੀ-2 (23 ਫਰਵਰੀ ਤੋਂ 11 ਮਈ 2018) | ਖੇਤੀ ਇੰਜੀਨਅਰਿੰਗ ਅਤੇ ਤਕਨਾਲੋਜੀ ਕਾਲਜ ਦੇ ਸਾਰੇ ਵਿਭਾਗਾਂ ਦੇ ਸਹਿਯੋਗ ਨਾਲ ਸਿਖਲਾਈ ਯੂਨਿਟ |
| ਖੇਤੀ ਅਤੇ ਬਾਗਬਾਨੀ ਉਪਜ ਦੀ ਪ੍ਰੋਸੈਸਿੰਗ ਅਤੇ ਸੋਟਰੇਜ ਬਾਰੇ ਸਿਖਲਾਈ ਕੋਰਸ (24-25 ਮਈ 2018) | ਨਿਰਦੇਸ਼ਕ ਪਸਾਰ ਸਿੱਖਿਆ ਅਤੇ ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ ਵਿਭਾਗ ਦੇ ਸਹਿਯੋਗ ਨਾਲ ਸਿਖਲਾਈ ਯੂਨਿਟ |

## ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

| | |
|---|---|
| 21ਵੀਂ ਪੰਜਾਬ ਸਾਇੰਸ ਕਾਂਗਰਸ : ਸਾਇੰਟਿਫਿਕ ਐਡਵਾਂਸਜ਼ ਫਾਰ ਇਨਕਲੂਸਿਵ ਡਿਵੈਲਪਮੈਂਟ ਐਂਡ ਇਨਵਾਇਰਮੈਂਟਲ ਪ੍ਰੋਟੈਕਸ਼ਨ (7-9 ਫਰਵਰੀ 2018) | ਪੰਜਾਬ ਅਕੈਡਮੀ ਆਫ਼ ਸਾਇੰਸਜ਼ ਦੇ ਸਹਿਯੋਗ ਨਾਲ ਪੀਏਯੂ ਵੱਲੋਂ ਆਯੋਜਿਤ |
| ਵਿਸ਼ਵ ਆਤਮਹੱਤਿਆ ਰੋਕੂ ਦਿਵਸ (10 ਸਤੰਬਰ 2017) | ਨੈਸ਼ਨਲ ਐਗਰੀਕਲਚਰ ਸਾਇੰਸ ਫੰਡ (ਆਈ ਸੀ ਏ ਆਰ) ਦੇ ਫੰਡ ਅਧੀਨ ਪੀਏਯੂ ਵੱਲੋਂ |
| 'ਅਬੋਧਾਂ ਲਈ ਪ੍ਰਜਣਨ ਸੰਬੰਧੀ ਸਿਹਤ ਬਦਲਾਅ' ਬਾਰੇ ਰਾਸ਼ਟਰੀ ਸੈਮੀਨਾਰ (7-8 ਸਤੰਬਰ 2017) | ਜ਼ੁਆਲੋਜੀ ਵਿਭਾਗ, ਪੀਏਯੂ |

## ਹੋਮ ਸਾਇੰਸ ਕਾਲਜ

| | |
|---|---|
| "ਪ੍ਰਭਾਵੀ ਅਧਿਆਪਨ, ਖੋਜ ਅਤੇ ਪਸਾਰ" ਉੱਤੇ ਓਰੀਅਨਟੇਸ਼ਨ ਕੋਰਸ (7 -17 ਨਵੰਬਰ 2017)<br>ਚਾਰ ਵਰਕਸ਼ਾਪਾਂ<br>* ਫੋਟੋਗ੍ਰਾਫੀ (5 ਮਾਰਚ 2018)<br>* ਡੈਸਕਟਾਪ ਪਬਲਿਸ਼ਿੰਗ (7 ਮਾਰਚ 2018)<br>* ਪਰਸਨੈਲਿਟੀ ਡਿਵੈਲਪਮੈਂਟ (9 ਮਾਰਚ 2018)<br>* ਇਨਗੇਜਿੰਗ ਪਬਲਿਕ ਥਰੂ ਇਫਕੈਟਿਵ ਕਮਿਊਨੀਕੇਸ਼ਨ (4 ਮਈ 2018) | ਪਸਾਰ ਸਿੱਖਿਆ ਅਤੇ ਸੰਚਾਰ ਪ੍ਰਬੰਧਨ ਵਿਭਾਗ, ਪੀਏਯੂ |
| ਦੋ ਵਰਕਸ਼ਾਪਾਂ<br>* ਪੌਸ਼ਟਿਕ ਬਿਸਕੁਟ ਅਤੇ ਕੁਕੀਜ਼ (28 ਮਾਰਚ 2018)<br>* ਗਲੇਜ਼ਡ ਆਇਸਿੰਗ ਐਂਡ ਚਾਕਲੇਟ ਮੇਕਿੰਗ (4 ਅਪ੍ਰੈਲ 2018) | ਭੋਜਨ ਅਤੇ ਪੋਸ਼ਣ ਵਿਭਾਗ, ਪੀਏਯੂ |
| 21ਵੀਂ ਸਦੀ ਲਈ ਬੱਚਿਆਂ ਨੂੰ ਤਿਆਰ ਕਰਨ ਬਾਰੇ ਵਕਰਸ਼ਾਪ (10-11 ਮਈ 2018) | ਹਿਊਮਨ ਡਿਵੈਪਲਮੈਂਟ ਐਂਡ ਫੈਮਿਲੀ ਸਟੱਡੀਜ਼ ਡਿਪਾਰਟਮੈਂਟ, ਪੀਏਯੂ |
| ਦੋ ਵਰਕਸ਼ਾਪਾਂ<br>* ਆਰਟੀਕਰਾਫਟ ਅਤੇ ਵਰਲੀ ਆਰਟ ਬਨਾਉਣਾ (24 ਮਈ 2018)<br>* ਅਡਵਾਂਸਡ ਕਿਊਲਿੰਗ ਤਕਨੀਕ (25 ਮਈ 2018) | ਪਰਿਵਾਰਕ ਸਰੋਤ ਪ੍ਰਬੰਧਨ ਵਿਭਾਗ, ਪੀਏਯੂ |

## ਪੀਏਯੂ ਸਾਇੰਸ ਕਲੱਬ

| | |
|---|---|
| 'ਕੀ ਫਿਜਿਓਲੋਜਿਸਟ ਦਾ ਫੋਟੋਸਿੰਥੀਸਿਜ਼ ਅਤੇ ਪਾਣੀ ਲਈ ਸੰਬੰਧਾਂ ਬਾਰੇ ਜੋਸ਼ ਫ਼ਸਲ ਨਸਲ ਸੁਧਾਰਕਾਂ ਲਈ ਲਾਹੇਵੰਦ ਹੈ' ਬਾਰੇ ਕੈਂਬਰਿਜ਼ ਯੂਨੀਵਰਸਿਟੀ ਦੇ ਪੌਦਾ ਵਿਗਿਆਨ ਵਿਭਾਗ ਦੇ ਪ੍ਰੋਫੇਸਰ ਹੋਵਾਰਡ ਗ੍ਰਿਫਿਥ ਦਾ ਭਾਸ਼ਣ (11 ਅਕਤੂਬਰ 2017) | ਪੀਏਯੂ ਸਾਇੰਸ ਕਲੱਬ |
| ਪੀਏਯੂ ਨੂੰ ਇੰਸਟੀਚਿਊਟ ਆਫ਼ ਐਮੀਨਾਸ ਮੰਨਣ ਦੀ ਤਜ਼ਵੀਜ ਦੀ ਤਿਆਰੀ ਬਾਰੇ ਮਾਹਿਰਾਂ ਦਾ ਦੌਰਾ 24-26 ਨਵੰਬਰ 2017 | |
| 'ਦਿਲ ਨੂੰ ਤੰਦਰੁਸਤ ਕਿਵੇਂ ਰੱਖੀਏ' ਵਿਸ਼ੇ ਤੇ ਦਿਲ ਦੇ ਮਾਹਿਰ ਡਾ. ਐਚ ਐੱਸ ਬੇਦੀ ਦਾ ਭਾਸ਼ਣ 7 ਦਸੰਬਰ 2017 | |

# ਵਿੱਤ

ਪ੍ਰਬੰਧਕੀ ਬੋਰਡ ਨੇ 26 ਮਾਰਚ 2018 ਨੂੰ ਹੋਈ 285ਵੀਂ ਮੀਟਿੰਗ ਦੌਰਾਨ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਸਾਲ 2018-19 ਲਈ 633,90.20 ਲੱਖ ਰੁਪਏ ਦੇ ਬਜਟ ਅਨੁਮਾਨਾਂ ਦੀ ਸਹਿਮਤੀ ਦਿੱਤੀ। ਇਨ੍ਹਾਂ ਸਕੀਮਾਂ, ਖੋਜ, ਅਧਿਆਪਨ, ਪਸਾਰ, ਪ੍ਰਸ਼ਾਸਨਿਕ ਅਤੇ ਫੁਟਕਲ ਕਾਰਜਾਂ ਲਈ ਬਜਟ ਦੀ ਵੰਡ ਇਸ ਪ੍ਰਕਾਰ ਹੈ :

| ਸਕੀਮਾਂ | ਸਾਲ 2018-19 ਦੇ ਬਜਟ ਅਨੁਮਾਨ (ਲੱਖ ਰੁਪਏ) | ਸਾਲ 2017-18 ਦੇ ਬਜਟ ਅਨੁਮਾਨ (ਲੱਖ ਰੁਪਏ) | ਸਾਲ 2017-18 | |
|---|---|---|---|---|
| | | | ਹਾਸਲ ਹੋਈ ਅਸਲ ਗਰਾਂਟ (ਲੱਖ ਰੁਪਏ) | ਵੰਡ (%) |
| **ਰਾਜ ਸਕੀਮਾਂ**<br>ਨਾਨ ਪਲਾਨ ਐਗਰੀਕਲਚਰ ਸਕੀਮਾਂ | 263,91.37 | 244,63.07 | 140,81.37 | 29.4 |
| ਪਲਾਨ ਐਗਰੀਕਲਚਰ ਸਕੀਮਾਂ | 239,64.02 | 227,66.63 | 221,04.00 | 46.1 |
| ਰਾਸ਼ਟਰੀਯ ਕ੍ਰਿਸ਼ੀ ਵਿਕਾਸ ਯੋਜਨਾ (ਆਰ ਕੇ ਵੀ ਵਾਈ) | - | - | 300.00 | 0.6 |
| ਆਈ ਸੀ ਏ ਆਰ ਸਕੀਮਾਂ (ਏ ਆਈ ਸੀ ਆਰ ਪੀ/ਕੇ ਵੀ ਕੇ/ਐਡਹਾਕ ਅਤੇ ਵਿਕਾਸ ਗਰਾਂਟ) | 9,183.13 | 96,34.09 | 81,71.24* | 17.0 |
| ਕੇਂਦਰ ਸਰਕਾਰ ਵੱਲੋਂ ਫੰਡਿੰਗ (ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਕੇਂਦਰ ਵੱਲੋਂ ਵਿੱਤੀ ਸਹਾਇਤਾ ਪ੍ਰਾਪਤ ਸਕੀਮਾਂ, ਬਾਇਓਤਕਨਾਲੋਜੀ ਵਿਭਾਗ, ਵਿਗਿਆਨ ਅਤੇ ਤਕਨਾਲੋਜੀ ਵਿਭਾਗ) | 17,05.70 | 13,35.54 | 20,37.33 | 4.3 |
| ਹੋਰ ਸਕੀਮਾਂ (ਨੈਸ਼ਨਲ ਹਾਰਟੀਕਲਚਰ ਮਿਸ਼ਨ/ਫੁਟਕਲ (ਵਿਦੇਸ਼ੀ ਸਹਿਯੋਗ) ਜਿਵੇਂ ਕਿ ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾਨ, ਫਿਲਪਾਈਨਜ਼, ਸੀ ਆਈ ਐਮ ਐਮ ਵਾਈ ਟੀ, ਮੈਕਸੀਕੋ ਆਦਿ) | 14,05.85 | 10,66.05 | 12,42.29 | 2.6 |
| ਸਵੈ-ਵਿੱਤੀ ਸਹਾਇਤਾ ਪ੍ਰਾਪਤ ਸਕੀਮਾਂ | 5,38.51 | 5,17.53 | - | - |
| ਰਿਵਾਲਵਿੰਗ ਫੰਡ ਸਕੀਮਾਂ | 2,01.62 | 1,30.51 | - | - |
| **ਕੁੱਲ** | 633,90.20 | 599,13.42 | 479,36.23 | 100 |

* ਇਸ ਵਿੱਚ 7,16.81 ਲੱਖ ਰੁਪਿਆ ਪੀਏਯੂ ਦਾ ਵਿਕਾਸ ਕਰਨ ਅਤੇ ਇਸ ਨੂੰ ਹੁਲਾਰਾ ਦੇਣ ਲਈ ਅਤੇ 53.94 ਲੱਖ ਰੁਪਿਆ ਲਾਇਬ੍ਰੇਰੀ ਸੇਵਾਵਾਂ ਨੂੰ ਹੋਰ ਵਧੀਆ ਕਰਨ ਲਈ ਸ਼ਾਮਲ ਕੀਤਾ ਗਿਆ ਹੈ।

ਪ੍ਰਬੰਧਕੀ ਬੋਰਡ ਵੱਲੋਂ 29 ਮਾਰਚ 2017 ਨੂੰ ਹੋਈ ਆਪਣੀ 280ਵੀਂ ਮੀਟਿੰਗ ਵਿੱਚ ਸਾਲ 2017-18 ਲਈ 599,13.42 ਲੱਖ ਰੁਪਏ ਦੀ ਰਾਸ਼ੀ ਵਾਲੇ ਪ੍ਰਵਾਨ ਕੀਤੇ ਬਜਟ ਅਨੁਮਾਨਾਂ ਦੇ ਮੁਕਾਬਲਤਨ ਵਿੱਤੀ ਸਾਲ 2017-18 ਵਿੱਚ ਅਸਲ ਗ੍ਰਾਂਟ 479,36.23 ਲੱਖ ਰੁਪਏ ਹਾਸਲ ਹੋਈ । ਯੂਨੀਵਰਸਿਟੀ ਨੇ 79,12.58 ਲੱਖ ਰੁਪਏ ਟਿਊਸ਼ਨ ਫੀਸ ਅਤੇ ਹੋਰ ਸਰੋਤਾਂ/ਸੇਵਾਵਾਂ ਰਾਹੀਂ ਜੁਟਾਏ ।

## ਵੱਖੋ-ਵੱਖ ਗਤੀਵਿਧੀਆਂ ਲਈ ਫੰਡਾਂ ਦੀ ਵੰਡ

| ਬਜਟ ਵੰਡ | ਸਾਲ 2018-19 ਬਜਟ ਅਨੁਮਾਨਾਂ ਦੇ ਮੁਤਾਬਕ | | ਸਾਲ 2017-18 ਅਸਲ ਵਿੱਚ ਹਾਸਲ ਹੋਈ ਗਰਾਂਟ ਦੇ ਮੁਤਾਬਕ | |
|---|---|---|---|---|
| | ਰਾਸ਼ੀ (ਲੱਖ ਰੁਪਏ) | ਵੰਡ (ਪ੍ਰਤੀਸ਼ਤ) | ਰਾਸ਼ੀ (ਲੱਖ ਰੁਪਏ) | ਵੰਡ (ਪ੍ਰਤੀਸ਼ਤ) |
| ਖੋਜ | 329,57.21 | 51.99 | 261,73.18 | 54.6 |
| ਅਧਿਆਪਨ | 147,21.07 | 23.22 | 104,02.16 | 21.7 |
| ਪਸਾਰ | 87,10.22 | 13.74 | 63,27.58 | 13.2 |
| ਆਮ ਪ੍ਰਸ਼ਾਸਨ ਅਤੇ ਹੋਰ | 70,01.70 | 11.05 | 50,33.30 | 10.5 |
| ਕੁੱਲ | 633,90.20 | 100 | 479,36.23 | 100 |

ਸਾਲ 2017-18 ਦੌਰਾਨ ਖੋਜ ਉੱਤੇ 54.6%, ਅਧਿਆਪਨ ਉੱਤੇ 21.7%, ਪਸਾਰ ਉੱਤੇ 13.2% ਅਤੇ ਆਮ ਪ੍ਰਸ਼ਾਸ਼ਨ ਅਤੇ ਹੋਰ ਕਾਰਜਾਂ ਲਈ 10.5% ਦੀ ਅਸਲ ਵੰਡ ਹੋਈ ।

## ਮਿਲਖ-ਸੰਗਠਨ

ਮਿਲਖ ਸੰਗਠਨ ਯੂਨੀਵਰਸਿਟੀ ਦੀਆਂ ਇਮਾਰਤਾਂ ਦੀ ਉਸਾਰੀ ਅਤੇ ਰੱਖ-ਰਖਾਵ ਦੀ ਦੇਖਭਾਲ ਕਰਦੀ ਹੈ । (ਇੰਜਨੀਅਰਿੰਗ ਯੂਨਿਟ ਵੱਲੋਂ ਰਿਪੋਰਟ ਵਿੱਚ ਵਰਣਿਤ ਸਮੇਂ ਦੌਰਾਨ ਕੁੱਲ 17 ਪ੍ਰੋਜੈਕਟ ਮੁਕੰਮਲ ਕੀਤੇ ਗਏ । (ਅਨੁਲੱਗ 1)

## ਅੰਤਰਰਾਸ਼ਟਰੀ ਪੱਧਰ ਤੇ ਸ਼ਮੂਲੀਅਤ

### ਖੇਤੀਬਾੜੀ ਕਾਲਜ

| ਨਾਮ | ਪ੍ਰੋਗਰਾਮ ਅਤੇ ਆਯੋਜਨ ਕਰਨ ਵਾਲੀ ਏਜੰਸੀ | ਮਿਤੀ ਅਤੇ ਸਥਾਨ |
|---|---|---|
| ਡਾ. ਸੰਜੁਲਾ ਸ਼ਰਮਾ (ਪਲਾਂਟ ਬਰੀਡਿੰਗ ਐਂਡ ਜੈਨੇਟਿਕਸ) | ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ (ਆਈ ਐੱਨ ਐੱਸ ਏ) ਬਾਈਲੇਟਰਲ ਐਕਸਚੇਂਜ ਪ੍ਰੋਗਰਾਮ-2017 | 15 ਅਗਸਤ-10 ਨਵੰਬਰ 2017, ਮੋਟਿਨਗੇਨ ਯੂਨੀਵਰਸਿਟੀ, ਜਰਮਨੀ |
| ਡਾ. ਐੱਸ ਐੱਸ ਭੁੱਲਰ ਤੇ ਡਾ. ਸਿਮਰਜੀਤ ਕੌਰ (ਫ਼ਸਲ ਵਿਗਿਆਨ) | 26ਵੀਂ ਏਸ਼ੀਅਨ-ਪੈਸੇਫਿਕ ਵੀਡ ਸਾਇੰਸ ਸੁਸਾਇਟੀ ਵੱਲੋਂ ਆਯੋਜਿਤ 'ਏਸ਼ੀਅਨ-ਪੈਸੇਫਿਕ ਵੀਡ ਵਿਗਿਆਨ ਸੁਸਾਇਟੀ ਕਾਨਫਰੰਸ' | 19-22 ਸਤੰਬਰ 2017 ਕਯੋਟੋ, ਜਪਾਨ |
| ਡਾ. ਹਰੀ ਰਾਮ (ਫ਼ਸਲ ਵਿਗਿਆਨ) | ਹਾਰਵੈਸਟ ਜ਼ਿੰਕ ਫਰਟੀਲਾਈਜ਼ਰ ਪ੍ਰੋਜੈਕਟ ਮੀਟਿੰਗ | 13-16 ਦਸੰਬਰ 2017 ਜਰਮਨੀ |
| ਡਾ. ਧਰਮਿੰਦਰ ਪਾਠਕ (ਪਲਾਂਟ ਬਰੀਡਿੰਗ ਐਂਡ ਜੈਨੇਟਿਕਸ) | ਇੰਟਰਨੈਸ਼ਨਲ ਕਾਟਨ ਐਡਵਾਈਜ਼ਰੀ ਕਮੇਟੀ (ਆਈਸੀਏਸੀ)-ਆਈਸੀਏਸੀ, ਵਾਸ਼ਿੰਗਟਨ ਡੀਸੀ, ਅਮਰੀਕਾ ਵੱਲੋਂ ਰੀਜ਼ਨਲ ਕਾਰਪਰੇਟਿਵ ਰਿਸਰਚ ਆਨ ਕਾਟਨ ਫਾਰ ਮੈਡੀਟਰੇਨੀਅਨ ਐਂਡ ਮਿਡਲ ਈਸਟ ਰੀਜਨਜ਼ ਬਾਰੇ 13ਵੀਂ ਮੀਟਿੰਗ | 2-6 ਫਰਵਰੀ, 2018 ਲਕਸੁਰ-ਮਿਸਰ |
| ਡਾ. ਜੀ ਐੱਸ ਮਾਂਗਟ ਅਤੇ ਡਾ. ਜਗਜੀਤ ਸਿੰਘ ਲੋਰੇ | ਅੰਤਰਰਾਸ਼ਟਰੀ ਝੋਨਾ ਖੋਜ ਸੰਸਥਾਨ (ਆਈਆਰਆਰਆਈ) ਫਿਲਪਾਈਨਜ਼ ਵੱਲੋਂ ਇੰਟਰਨੈਸ਼ਨਲ ਹਾਈਬ੍ਰਿਡ ਰਾਈਸ ਸਿੰਪੋਜ਼ੀਅਮ-2018 | 27 ਫਰਵਰੀ-1 ਮਾਰਚ 2018 ਇੰਡੋਨੇਸ਼ੀਆ |
| ਡਾ. ਵਰਿੰਦਰਪਾਲ ਸਿੰਘ (ਭੂਮੀ ਵਿਗਿਆਨ) | ਕੈਂਬਰਿਜ-ਇੰਡੀਆ ਨੈਟਵਰਕ ਫਾਰ ਟ੍ਰਾਂਸਲੇਸ਼ਨਲ ਰਿਸਰਚ ਇਨ ਨਾਈਟ੍ਰੋਜਨ (ਸੀਆਈਐੱਨਆਰਆਈਐੱਲ) ਪ੍ਰੋਜੈਕਟ | 22 ਅਪ੍ਰੈਲ-24 ਸਤੰਬਰ 2018, ਨੈਸ਼ਨਲ ਇੰਸਟੀਚਿਊਟ ਆਫ਼ ਐਗਰੀਕਲਚਰਲ ਬੌਉਨੀ, ਯੂ ਕੇ |

| | | |
|---|---|---|
| ਡਾ. ਸਰਵਜੀਤ ਸਿੰਘ ਤੇ ਡਾ. ਜਗਮੀਤ ਕੌਰ (ਪਲਾਂਟ ਬਰੀਡਿੰਗ ਐਂਡ ਜੈਨੇਟਿਕਸ) | 7ਵੀਂ ਇੰਟਰਨੈਸ਼ਨਲ ਫੂਡ ਲੀਗੂਮ ਰਿਸਰਚ ਕਾਨਫਰੰਸ | 6-8 ਮਈ 2018 ਮਾਰਕੇਚ, ਮੋਰਾਕੋ |

## ਖੇਤੀ ਇੰਜਨੀਅਰਿੰਗ ਤੇ ਤਕਨਾਲੋਜੀ ਕਾਲਜ

| ਨਾਮ | ਪ੍ਰੋਗਰਾਮ ਅਤੇ ਆਯੋਜਨ ਕਰਨ ਵਾਲੀ ਏਜੰਸੀ | ਮਿਤੀ ਅਤੇ ਸਥਾਨ |
|---|---|---|
| ਡਾ. ਮਨਜੀਤ ਸਿੰਘ (ਫਾਰਮ ਮਸ਼ੀਨਰੀ ਅਤੇ ਪਾਵਰ ਇੰਜਨੀਅਰਿੰਗ) | 7ਵੀਂ ਏਸ਼ੀਅਨ-ਆਸਟ੍ਰੇਲੀਅਨ ਕਾਨਫਰੰਸ ਆਨ ਪ੍ਰੀਸੈਸ਼ਨ ਐਗਰੀਕਲਚਰ (ਏਸੀਪੀਏ) | 15-18 ਅਕਤੂਬਰ 2017 ਹੈਮਿਲਟਨ/ਨਿਊਜ਼ੀਲੈਂਡ |
| | 'ਖੇਤੀ ਵਿੱਚ ਪ੍ਰਮਾਣੂ ਸ਼ਕਤੀ ਦੀ ਗੈਰ-ਊਰਜਾਮਈ ਵਰਤੋਂ" ਵਿਸ਼ੇਤ ਤੇ ਡਾ. ਏਲੀਨਾ ਈਗੋਰੇਵਨਾ ਸਾਰਾਪੁਲਤਸੇਵਾ (ਪ੍ਰੋਫੈਸਰ, ਬਾਇਓਤਕਨਾਲੋਜੀ ਵਿਭਾਗ, ਓਬਨੀਨਾਸ਼ਕ ਇੰਸਟੀਚਿਊਟ ਆਫ਼ ਨਿਊਕਲੀਅਰ ਪਾਵਰ ਐਂਡ ਇੰਜਨੀਅਰਿੰਗ) ਦਾ ਨੈਸ਼ਨਲ ਰਿਸਚਰ ਨਿਊਕਲੀਅਰ ਯੂਨੀਵਰਸਿਟੀ ਰੂਸ ਵਿੱਚ ਸੈਮੀਨਾਰ | 30 ਨਵੰਬਰ 2017 ਰੂਸ |
| | 14ਵੀਂ ਇੰਟਰਨੈਸ਼ਨਲ ਕਾਨਫਰੰਸ ਆਫ਼ ਪਰੀਸੈਸ਼ਨ ਐਗਰੀਕਲਚਰ (ਆਈਸੀਪੀਏ) | 24-29 ਜੂਨ 2018 ਮਾਂਟਰੀਅਲ, ਕਿਊਬਿਕ ਕੈਨੇਡਾ |
| ਡਾ. ਵੀ ਪੀ ਸੇਠੀ (ਮਕੈਨੀਕਲ ਇੰਜਨੀਅਰਿੰਗ) | ਮੈਟੀਰੀਅਲ ਮੈਨੂਫੈਕਚਰਿੰਗ ਐਂਡ ਮਕੈਨੀਕਲ ਇੰਜਨੀਅਰਿੰਗ (ਐੱਮਐੱਮਐੱਮਈ-2017) ਵਿੱਚ ਮੁੱਖ ਵਰਤਾ ਵਜੋਂ | 28-30 ਦਸੰਬਰ 2017 ਐਡਵਾਂਸ ਸਾਇੰਸ ਐਂਡ ਤਕਨਾਲੋਜੀ ਐਪਲੀਕੇਸ਼ਨ ਰਿਸਰਚ ਸੈਂਟਰ, ਫੁਕੇਟ ਥਾਈਲੈਂਡ |
| ਡਾ. ਰਾਕੇਸ਼ ਸ਼ਾਰਦਾ (ਭੂਮੀ ਅਤੇ ਪਾਣੀ ਇੰਜਨੀਅਰਿੰਗ) | ਭਾਰਤ ਸਰਕਾਰ ਦੇ ਵਿਗਿਆਨ ਅਤੇ ਤਕਨਾਲੋਜੀ ਵਿਭਾਗ ਵੱਲੋਂ ਭਾਰਤ ਮਿਸਰ ਪ੍ਰੋਜੈਕਟ ਸੰਬੰਧੀ ਮੀਟਿੰਗ | 25 ਫਰਵਰੀ-11 ਮਾਰਚ 2018, ਮਿਸਰ |
| ਡਾ. ਪ੍ਰੀਤਇੰਦਰ ਕੌਰ (ਪ੍ਰੋਸੈਸਿੰਗ ਐਂਡ ਫੂਡ ਇੰਜਨੀਅਰਿੰਗ) | 'ਬਾਇਓ-ਬੇਸਰ ਪੈਕੇਜਿੰਗ ਫਾਰਮ ਫਰੈੱਸ਼ ਫੂਡ' ਲਈ ਡਾ. ਦੇਬਰਾ ਰੀਸ ਨਾਲ ਕਾਰਜ ਅਤੇ ਕੁਆਰਟਰਲੀ ਰੀਵਿਊ ਮੀਟਿੰਗ | 16 ਜੂਨ-13 ਜੁਲਾਈ 2018 ਨੈਸ਼ਨਲ ਰਿਸੋਰਜ਼ ਇੰਸਟੀਚਿਊਟ ਗ੍ਰੀਨ ਵਿੱਚ ਯੂਨੀਵਰਸਿਟੀ, ਕੈਂਟ ਯੂ ਕੇ |
| ਡਾ. ਸਤੀਸ਼ ਕੁਮਾਰ ਅਤੇ ਡਾ. ਮਹੇਸ਼ ਕੁਮਾਰ ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ | ਸਹਿਯੋਗੀ ਸੰਸਥਾਵਾਂ ਦਾ ਦੌਰਾ ਅਤੇ ਰੀਵਿਊ ਮੀਟਿੰਗ | 26 ਜੂਨ ਤੋਂ 5 ਜੁਲਾਈ 2018 ਸ਼ੈਫੀਲਡ ਐਂਡ ਨਾਟਿੰਘਮ ਯੂਨੀਵਰਸਿਟੀਆਂ ਯੂ ਕੇ |

## ਰਾਸ਼ਟਰੀ ਪੱਧਰ ਤੇ ਸ਼ਮੂਲੀਅਤ

| ਕਾਲਜ ਦਾ ਨਾਮ | ਸ਼ਮੂਲੀਅਤ ਕਰਨ ਵਾਲੇ ਫੈਕਲਟੀ ਮੈਂਬਰਾਂ ਦੀ ਗਿਣਤੀ |
|---|---|
| ਖੇਤੀਬਾੜੀ ਕਾਲਜ | 112 |
| ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ | 32 |
| ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ | 56 |
| ਹੋਮ ਸਾਇੰਸ ਕਾਲਜ | 26 |

# ਖਰੀਦੇ ਗਏ ਨਵੇਂ ਉਪਕਰਨ (20 ਲੱਖ ਰੁਪਏ ਤੋਂ ਉੱਪਰ)

## ਖੇਤੀਬਾੜੀ ਕਾਲਜ

| ਉਪਕਰਨ/ਸਾਜ਼ੋ-ਸਮਾਨ | ਲਾਗਤ (ਲੱਖ ਰੁਪਏ) | ਵਰਤੋਂ ਯੋਗਤਾ |
|---|---|---|
| ਬੈਂਚ ਟਾਪ $CO_2$ ਇੰਕੂਬੇਟਰ | 6.80 | ਰਾਖਵੀਆਂ ਸਥਿਤੀਆਂ ਵਿੱਚ ਖੋਜ ਲਈ |
| ਫਾਈਟੋਟ੍ਰੋਨ | 20 | |

| | | |
|---|---|---|
| ਇਲੈਕਟ੍ਰਾਨਿਕ ਵੇਇੰਗ ਬੈਲੇਂਸ | 2.00 | ਖੋਜ ਕਾਰਜਾਂ ਲਈ |
| ਬੀਓਡੀ ਇੰਕੂਬੇਟਰ ਹਿਊਮੀਡਾਈਫਾਇਰ ਨਾਲ | 4.90 | |
| ਟ੍ਰੈਕਟਰ ਐੱਮ ਐੱਸ 241 | 5.91 | ਖੇਤ ਕਾਰਜਾਂ ਲਈ |
| ਗ੍ਰੋਥ ਚੈਂਬਰ | 8.97 | ਮੱਕੀ ਦੇ ਗੜੂੰਏ ਦੇ ਪਾਲਣ ਲਈ |
| ਗੈਸ ਕ੍ਰੋਮਾਟੋਗ੍ਰਾਫ | 35.00 | ਹਵਾ ਵਿੱਚ ਗਰੀਨ ਹਾਊਸ ਗੈਸਾਂ ਦੀ ਪਰਖ ਲਈ |
| ਯੂਨੀ ਵਿਜ਼ੀਬਲ ਸਪੈਕਟ੍ਰੋਫੋਟੋਮੀਟਰ | 3.75 | ਮਿੱਟੀ ਅਤੇ ਪੌਦਿਆਂ ਦੇ ਨਮੂਨੇ ਵਿੱਚ ਸਲਫਰ ਅਤੇ ਫਾਸਫੋਰਸ ਦੀ ਪਰਖ ਲਈ |
| ਕੋਨ ਪੈਨੇਟ੍ਰੋਮੀਟਰ | 3.55 | ਵਿਭਿੰਨ ਜ਼ਮੀਨ ਪ੍ਰਬੰਧਕ ਸਥਿਤੀਆਂ ਵਿੱਚ ਮਿੱਟੀ ਦੀ ਤਾਕਤ ਮਾਪਣ ਲਈ |
| ਥਰਮੋਸਾਈਕਲਰ | 5.93 | ਲਾਲ ਮਿਰਚ ਤੋਂ ਸ਼ਿਮਲਾ ਮਿਰਚ ਵਿੱਚ ਐਮ ਐਸ 10 ਜੀਨਜ਼ ਦੇ ਤਬਾਦਲੇ ਦੇ ਮਾਰਕਰ ਲਈ |
| ਰੋਟਰੀਸ਼ੇਕਰ | 7.98 | ਨਿਸ਼ਚਿਤ ਤਾਪਮਾਨਾਂ ਤੇ ਮਾਈਕ੍ਰੋਗਲੋਬਲ ਵਾਧੇ ਲਈ |
| ਊਰਜਾ ਸਪਲਾਈ ਨਾਲ ਇਲੈਕਟ੍ਰੋਫੋਰਸਿਸ | 2.20 | ਆਕਾਰ ਅਨੁਸਾਰ ਚਾਰਜਡ ਮੋਲੀਕਿਊਲਰ ਵੱਖ ਕਰਨ ਲਈ (ਜਿਵੇਂ ਡੀ ਐੱਨ ਏ) |
| ਪੀਸੀਆਰ (ਪੋਲੀਅਰਸ ਚੇਨ ਰੀਐਕਸ਼ਨ) ਦੀ ਖਰੀਦ ਲਈ | 5.98 | ਵਿਸ਼ੇਸ਼ ਡੀ ਐੱਨ ਏ ਦੀਆਂ ਹੋਰ ਨਕਲਾਂ ਬਣਾਉਣ ਲਈ |
| ਕੂਲਿੰਗ ਇੰਨਕੂਬੇਟਰ | 2.00 | ਮਾਈਕ੍ਰੋਬੇਸ ਨੂੰ ਅਨੁਕੂਲ ਤਪਾਮਾਨ ਦੇ ਲਈ |
| **ਕੁੱਲ** | 115.01 | |

### ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ

| | | |
|---|---|---|
| ਬਦਲਵੇਂ ਵਾਤਾਵਰਨੀ ਪੈਕਿੰਗ ਲਈ ਗੈਸ ਮਿਕਸਿੰਗ ਅਤੇ ਪੈਕਿੰਗ ਸਿਸਟਮ | 16.0 | ਲਚਕਦਾਰ ਅਤੇ ਸਖਤ ਪੈਕਿੰਗ ਲਈ ਗੈਸ ਫਲੱਸ਼ਿੰਗ |
| ਹੈੱਡ ਸਪੇਸ ਐਨਾਲਾਈਜ਼ਰ | 7.5 | ਗੈਸ ਮਾਪਣ ਅਤੇ ਵਿਸ਼ਲੇਸ਼ਣ |
| **ਕੁੱਲ ਜੋੜ** | 2.3 | |

### ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ

| | | |
|---|---|---|
| ਪਰੋਬ ਸੋਨੀਕੇਟਰ ਸੀ ਐੱਸ ਐੱਸ-102 | 2.10 | ਐੱਮ ਐੱਸ ਸੀ ਤੇ ਪੀਐੱਚਡੀ ਵਿਦਿਆਰਥੀਆਂ ਦੀ ਖੋਜ ਲਈ |
| ਐੱਫਟੀਆਈਆਰ ਸਪੈਕਟੋਮੀਟਰ ਸੀਐੱਸਐੱਸ-102 | 19.85 | |
| ਰੋਟਰੋਨਿਕ ਐੱਚਸੀ-2 ਏ ਡਬਲਯੂ ਵਾਟਰ ਐਲਟੀਵਿਟੀ ਮੀਟਰ | 2.45 | |
| **ਕੁੱਲ ਜੋੜ** | 24.4 | |

## ਨਵੀਆਂ ਲੈਬਾਰਟਰੀਆਂ ਅਤੇ ਢਾਂਚੇ ਦੀ ਸਿਰਜਨਾ ਅਤੇ ਨਵਿਆਉਣਾ

### ਕਾਲਜ ਆਫ਼ ਐਗਰੀਕਲਚਰਲ ਇੰਜਨੀਅਰਿੰਗ ਐਂਡ ਟੈਕਨਾਲੋਜੀ

- ਅੰਡਰ ਗ੍ਰੈਜੂਏਟ ਵਿਦਿਆਰਥੀਆਂ ਦੇ ਆਨ-ਲਾਈਨ ਸਮੈਸਟਰ ਪੰਜੀਕਰਨ ਲਈ ਪੋਰਟਲ ਬਣਾਇਆ ।

### ਬੇਸਿਕ ਸਾਇੰਸ ਐਂਡ ਹਿਊਮੈਨਟੀਜ਼ ਕਾਲਜ

- ਬਾਇਓਕਮਿਸਟਰੀ ਵਿਭਾਗ ਨੇ ਇੱਕ ਕਮਰੇ ਨੂੰ ਮਲਟੀਮੀਡੀਆ ਸੁਵਿਧਾਵਾਂ ਸਮੇਤ ਪੋਸਟ ਗ੍ਰੈਜੂਏਟ ਅਧਿਆਪਕ ਲਈ ਲੈਕਚਰ ਰੂਮ ਵਿੱਚ ਤਬਦੀਲ ਕੀਤਾ ।

# ਐੱਮ. ਐੱਸ. ਰੰਧਾਵਾ ਲਾਇਬਰੇਰੀ

ਮਹਿੰਦਰ ਸਿੰਘ ਰੰਧਾਵਾ ਲਾਇਬ੍ਰੇਰੀ ਡਿਜੀਟਲ ਤਕਨਾਲੋਜੀ ਨਾਲ ਨੇੜਲਾ ਰਾਬਤਾ ਕਾਇਮ ਕਰਦੀ ਹੋਈ ਪੀਏਯੂ ਦੇ ਅਕਾਦਮਿਕਤਾ ਨਾਲ ਜੁੜੇ ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਦੀਆਂ ਗਿਆਨ/ਜਾਣਕਾਰੀ ਸੰਬੰਧੀ ਲੋੜਾਂ ਦੀ ਪੂਰਤੀ ਕਰਦੀ ਹੈ । ਯੂਨੀਵਰਸਿਟੀ ਦੀਆਂ ਖੋਜ, ਅਧਿਆਪਨ ਅਤੇ ਪਸਾਰ ਗਤੀਵਿਧੀਆਂ ਨੂੰ ਹੁਲਾਰਾ ਦੇਣ ਵਿੱਚ ਇਹ ਵੱਡੀ ਭੂਮਿਕਾ ਨਿਭਾਉਂਦੀ ਹੈ । ਪੜ੍ਹਨਯੋਗ ਸਮੱਗਰੀ ਤੱਕ ਛੇਤੀ, ਅਸਾਨੀ ਨਾਲ ਅਤੇ ਕੁਸ਼ਲਤਾਪੂਰਵਕ ਪਹੁੰਚ ਬਣਾਉਣ ਲਈ ਲਾਇਬ੍ਰੇਰੀ ਵੱਲੋਂ ਸਵੈ-ਚਾਲਤ ਸੇਵਾਵਾਂ ਮੁਹੱਈਆ ਕੀਤੀਆਂ ਜਾਂਦੀਆਂ ਹਨ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਲਾਇਬ੍ਰੇਰੀ ਨੇ ਕੁਸ਼ਲਤਾ ਪੂਰਵਕ ਕਾਰਜ ਕਰਦਿਆਂ ਹੋਇਆਂ ਵਿਕਾਸ ਵੱਲ ਬੜੀ ਤੇਜ਼ੀ ਨਾਲ ਪੁਲਾਂਘਾ ਪੁੱਟੀਆਂ ।

## ਮੈਂਬਰਸ਼ਿਪ

ਲਾਇਬ੍ਰੇਰੀ ਵਿੱਚ 1951 ਮੈਂਬਰਾਂ ਨੇ ਰਜਿਸਟ੍ਰੇਸ਼ਨ ਕਰਵਾਈ, ਜਿਸ ਵਿੱਚ ਪੀਏਯੂ ਦੇ ਸਟਾਫ਼ ਮੈਂਬਰ ਅਤੇ ਵਿਦਿਆਰਥੀ ਵੀ ਸ਼ਾਮਲ ਹਨ । ਇਸ ਤੋਂ ਇਲਾਵਾ ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਲਾਇਬ੍ਰੇਰੀ ਦੇ ਮੈਂਬਰਾਂ ਨੂੰ 13,932 ਕਿਤਾਬਾਂ ਪੜ੍ਹਨ ਲਈ ਜਾਰੀ ਕੀਤੀਆਂ ਗਈਆਂ ।

## ਖਰੀਦ/ਇਕੱਤਰ ਕੀਤੇ ਅਤੇ ਚੰਦਾ ਜਮਾਂ ਕਰਵਾਏ ਦਸਤਾਵੇਜ਼

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਲਾਇਬ੍ਰੇਰੀ ਵੱਲੋਂ 2775 ਕਿਤਾਬਾਂ, 481 ਥੀਸਿਜ਼ ਅਤੇ 527 ਸੀਡੀ'ਜ਼ ਲਿਆਂਦੀਆਂ ਗਈਆਂ । ਮੌਜੂਦਾ ਸਮੇਂ ਲਾਇਬ੍ਰੇਰੀ 17 ਪ੍ਰਿੰਟ ਜਰਨਲਜ਼ (ਰਾਸ਼ਟਰੀ ਅਤੇ ਅੰਤਰਰਾਸ਼ਟਰੀ), 26 ਆਨ ਲਾਈਨ ਜਰਨਲਜ਼, 7 ਆਨ ਲਾਈਨ ਡੈਟਾਬੇਸਿਜ਼ ਦੇ ਨਾਲ-ਨਾਲ 336 ਈ-ਕਿਤਾਬਾਂ ਲਈ ਚੰਦਾ ਜਮਾਂ ਕਰਵਾ ਰਹੀ ਹੈ । ਇਸ ਤਰ੍ਹਾਂ 30 ਜੂਨ 2018 ਤੱਕ ਲਾਇਬ੍ਰੇਰੀ ਕੋਲ ਕੁੱਲ 4,04,825 ਦਸਤਾਵੇਜ਼ ਹਨ ।

## ਨਵਾਂ ਰੀਡਿੰਗ ਹਾਲ

ਲਾਇਬ੍ਰੇਰੀ ਵਿਚ ਸਕਸੇਨਾ ਨਾਈਟ ਰੀਡਿੰਗ ਹਾਲ ਦੇ ਹਿੱਸੇ ਵਜੋਂ ਹੀ ਡਾ. ਕੁਲਬੀਰ ਸਿੰਘ ਦੇ ਨਾਮ ਤੇ ਨਵਾਂ ਰੀਡਿੰਗ ਹਾਲ ਸਥਾਪਿਤ ਕੀਤਾ ਗਿਆ ਹੈ ਜੋ ਪਾਠਕਾਂ ਲਈ ਹਫਤੇ ਦੇ ਸਾਰੇ ਦਿਨ ਚੌਵੀ ਘੰਟੇ ਖੁੱਲ੍ਹਾ ਰਹੇਗਾ।ਇਸ ਹਾਲ ਦੀ ਵਰਤੋਂ ਵੀ ਵਿਦਿਆਰਥੀਆਂ ਵਲੋਂ ਪੜ੍ਹਨ ਲਈ ਕੀਤੀ ਜਾ ਰਹੀ ਹੈ।

## ਡਿਜ਼ੀਟਾਈਜ਼ੇਸ਼ਨ

ਲਾਇਬ੍ਰੇਰੀ ਨੇ ਥੀਸਿਜ਼ ,ਦੁਰਲੱਭ ਦਸਤਾਵੇਜ਼ ਅਤੇ ਪੀਏਯੂ ਦੀਆਂ ਪ੍ਰਕਾਸ਼ਨਾਵਾਂ ਡਿਜ਼ੀਟਲਾਈਜ਼ ਕਰਵਾਈਆਂ ਹਨ । ਲਾਇਬ੍ਰੇਰੀ ਦੇ ਵੈੱਬ ਪੰਨੇ ਤੋਂ ਇਨ੍ਹਾਂ ਤੱਕ ਪਹੁੰਚ ਬਣਾਈ ਜਾ ਸਕਦੀ ਹੈ ।

## ਆਨ ਲਾਈਨ ਸੇਵਾਵਾਂ

ਲਾਇਬ੍ਰੇਰੀ ਵੱਖੋ-ਵੱਖ ਆਨ ਲਾਈਨ ਡੈਟਾਬੇਸਿਸ ਜਿਵੇਂ ਕਿ ਜਰਨਲ ਆਰਟੀਕਲਾਂ ਲਈ ਖੇਤੀਬਾੜੀ ਵਿੱਚ ਈ-ਸਰੋਤਾਂ ਲਈ ਕਨਸੋਰਸ਼ੀਅਮ, ਕ੍ਰਿਸ਼ੀਕੋਸ਼ ਅਤੇ ਪੀਏਯੂ ਵਿੱਚ ਜਮ੍ਹਾਂ ਕਰਵਾਏ ਅਤੇ ਹੋਰ ਰਾਜਾਂ ਦੀਆਂ ਖੇਤੀ ਯੂਨੀਵਰਸਿਟੀਆਂ ਅਤੇ ਆਈ ਸੀ ਏ ਆਰ ਸੰਸਥਾਨਾਂ ਵਿੱਚ ਜਮ੍ਹਾਂ ਥੀਸਿਸ ਦੇ ਰੂਪ ਵਿਚ ਖੋਜਮਈ ਸਮੱਗਰੀ ਮੁਹੱਈਆ ਕਰਦੀ ਹੈ। ਇੰਡੀਆਸਟੇਟ ਡਾਟ ਕਾਮ ਦੀ ਗਾਹਕੀ ਖੇਤੀਬਾੜੀ ਅਤੇ ਸੰਬੰਧਤ ਖੇਤਰਾਂ ਉੱਤੇ ਅੰਕੜਾਗਤ ਜਾਣਕਾਰੀ ਹਾਸਲ ਕਰਨ ਲਈ ਲਾਇਬ੍ਰੇਰੀ ਵਲੋਂ ਹਾਸਿਲ ਕੀਤੀ ਗਈ ਹੈ। ਵੱਖ-ਵੱਖ ਕੰਪਨੀਆਂ ਦੇ ਆਰਥਿਕ ਪ੍ਰਦਰਸ਼ਨ ਦੀ ਜਾਣਕਾਰੀ ਲਈ ਸੀਐੱਮਆਈਈ ਡਾਟਾਬੇਸ ਦੁਆਰਾ ਜਾਣਕਾਰੀ ਮੁਹੱਈਆ ਕਰਾਈ ਜਾ ਰਹੀ ਹੈ ਜਦਕਿ ਭੋਜਨ ਉਤਪਾਦਾਂ ਦੇ ਮਿਆਰ ਬਾਰੇ ਵਾਕਫੀ ਆਈਐੱਸਓ ਦੇ ਹਵਾਲੇ ਨਾਲ ਉਪਲਬਧ ਹੈ।

## ਲਾਇਬ੍ਰੇਰੀ ਵੈੱਬ ਪੇਜ

ਲਾਇਬ੍ਰੇਰੀ ਦਾ ਵੈੱਬ ਪੇਜ ਸਰੋਤਾਂ ਬਾਰੇ ਭਰਪੂਰ ਜਾਣਕਾਰੀ, ਨਿਯਮਾਂ, ਸੇਵਾਵਾਂ, ਈ-ਸਰੋਤਾਂ, ਪ੍ਰਿੰਟ-ਜਰਨਲਾਂ, ਸਰਕੂਲਰਾਂ ਅਤੇ ਲਾਇਬ੍ਰੇਰੀ ਵਿੱਚ ਆਏ ਨਵੇਂ ਐਡੀਸ਼ਨਾਂ ਦੀ ਸੂਚੀ ਪ੍ਰਦਾਨ ਕਰਦਾ ਹੈ । ਸਾਰੇ ਈ-ਸਰੋਤਾਂ ਜਿਵੇਂ ਕਿ ਈ-ਜਰਨਲਜ਼, ਈ-ਕਿਤਾਬਾਂ, ਈ-ਥੀਸਿਸ, ਈ-ਮਿਆਰ ਆਦਿ ਤੱਕ ਵੈੱਬ ਪੇਜ ਤੋਂ ਕੈਂਪਸ ਵਿੱਚ ਕਿਧਰੋਂ ਵੀ ਪਹੁੰਚ ਬਣਾਈ ਜਾ ਸਕਦੀ ਹੈ । ਸਿਰਫ਼ ਇੰਡੀਆਸਟੈਟ ਡਾਟ ਕਾਮ ਡੈਟਾਬੇਸ ਲਾਇਬ੍ਰੇਰੀ ਤਕ ਹੀ ਸੀਮਤ ਹੈ ।

## ਲਾਇਬ੍ਰੇਰੀ ਦੀ ਵਰਤੋਂ

ਕਿਤਾਬਾਂ-3,31,635; ਥੀਸਿਸ-40,305; ਜਿਲਦਬੰਦ ਕਾਲਿਕ ਰਸਾਲੇ-25,990; ਮੌਜੂਦਾ ਕਾਲਿਕ ਰਸਾਲੇ-25,660; ਐਬਸਟ੍ਰੈਕਟਜ਼ ਅਤੇ ਇੰਡੈਕਿਸਿਸ-5435; ਅਖਬਾਰਾਂ-2,671; ਹਵਾਲਾ ਪੁਸਤਕਾਂ-12,695; ਟੈਕਸਟ ਪੁਸਤਕਾਂ-9200 ਅਤੇ ਦੁਰਲੱਭ ਪੁਸਤਕਾਂ-3036

# ਪ੍ਰਭਾਵ

## ◆ ਕਣਕ ਤੇ ਝੋਨੇ ਦੀ ਉਤਪਾਦਕਤਾ

– ਪੀਏਯੂ ਵੱਲੋਂ ਸਿਫ਼ਾਰਸ਼ ਕੀਤੀਆਂ ਘੱਟ ਮਿਆਦ ਵਾਲੀਆਂ ਕਿਸਮਾਂ ਦੀ ਬਿਜਾਈ ਪਰਮਲ ਝੋਨੇ ਦੇ 68.7% ਰਕਬੇ ਵਿੱਚ ਕੀਤੀ ਜਾਣੀ ਖੇਤੀ ਦੇ ਖੇਤਰ ਵਿੱਚ ਬਹੁਤ ਅਹਿਮ ਤਬਦੀਲੀ ਹੈ । ਝੋਨੇ ਦੀ ਰਿਕਾਰਡ ਉਤਪਾਦਕਤਾ (6932 ਕਿ./ਹੈਕ.) ਅਤੇ ਉਤਪਾਦਨ (180.15 ਲੱਖ ਮੀਟਰਿਕ ਟਨ) 2017 ਦੇ ਸਾਉਣੀ ਸੀਜ਼ਨ ਦੌਰਾਨ ਹਾਸਲ ਕੀਤਾ ਗਿਆ । ਘੱਟ ਪਰਾਲੀ, ਛੇਤੀ ਪੱਕਣ ਯੋਗ ਅਤੇ ਬਿਮਾਰੀਆਂ ਸਹਿਣ ਦੀ ਸਮਰੱਥਾ ਕਾਰਨ ਇਹ ਕਿਸਮਾਂ ਫ਼ਸਲੀ ਰਹਿੰਦ-ਖੂੰਹਦ, ਪਾਣੀ ਦੀ ਘੱਟ ਵਰਤੋਂ ਅਤੇ ਖੇਤੀ ਰਸਾਇਣਾਂ ਦੀ ਘੱਟ ਵਰਤੋਂ ਪੱਖੋਂ ਕਿਸਾਨਾਂ ਲਈ ਲਾਹੇਵੰਦ ਸਾਬਤ ਹੋਈਆਂ ਹਨ ।

– ਸਿਫ਼ਾਰਸ਼ ਕੀਤੀਆਂ ਕਣਕ ਦੀਆਂ ਕਿਸਮਾਂ ਹੇਠ ਰਕਬਾ 97.7% ਤਕ ਪੁੱਜ ਗਿਆ । ਰਿਪੋਰਟ ਵਿੱਚ ਵਰਣਿਤ ਸਮੇਂ ਦੌਰਾਨ ਉੱਨਤ ਪੀ ਬੀ ਡਬਲਯੂ 550, ਉੱਨਤ ਪੀ ਬੀ ਡਬਲਯੂ 343 ਅਤੇ ਪੀ ਬੀ ਡਬਲਯੂ 1 ਜ਼ਿੰਕ ਵਰਗੀਆਂ ਕਿਸਮਾਂ ਜਾਰੀ ਹੋਣ ਨਾਲ ਇਹ ਰਕਬਾ ਵਧਿਆ ਹੈ । ਨਾਲ ਹੀ (ਪੀ ਬੀ ਡਬਲਯੂ-1 ਜ਼ਿੰਕ) ਪੌਸ਼ਟਿਕਤਾ ਅਤੇ ਘੱਟ ਮਿਆਦ ਵਾਲੀ ਕਿਸਮ (ਪੀ ਬੀ ਡਬਲਯੂ 550) ਨਾਲ ਰਹਿੰਦ-ਖੂੰਹਦ ਦੀ ਸੰਭਾਲ ਪੱਖੋਂ ਕਿਸਾਨਾਂ ਦੀ ਬਹੁਤ ਸਹਾਇਤਾ ਹੋਈ । ਕਣਕ ਦੀ ਉੱਚ ਉਤਪਾਦਕਤਾ 5090 ਕਿ/ਹੈਕ. ਅਤੇ 179.4 ਲੱਖ ਮੀਟਰਿਕ ਟਨ ਦਾ ਟੀਚਾ ਹਾਸਲ ਕੀਤਾ ਗਿਆ ।

– ਰਾਜ ਵਿੱਚ ਝੋਨੇ ਅਤੇ ਕਣਕ ਦੇ ਰੂਪ ਵਿੱਚ ਭੋਜਨ ਅਨਾਜ ਦਾ ਉਤਪਾਦਨ 12 ਟਨ/ਹੈਕਟੇਅਰ ਸਲਾਨਾ ਨੂੰ ਟੱਪ ਗਿਆ। ਹੋਰ ਕਿਤੇ 3 ਮਿਲੀਅਨ ਹੈਕਟੇਅਰ ਤੱਕ ਵਿਕਸਿਤ ਉਤਪਾਦਕੀ ਰਕਬਾ ਇਸ ਸਮੇਂ ਸ਼ਾਇਦ ਹੀ ਹੋਵੇ ।

## ◆ ਰਹਿੰਦ ਖੂੰਹਦ ਦੀ ਸੰਭਾਲ

– ਪਿਛਲੇ ਸਾਲਾਂ ਵਿੱਚ ਸੁਪਰ ਸਟਰਾਅ ਮੈਨੇਜਮੈਂਟ ਅਤੇ ਹੈਪੀ ਸੀਡਰ ਵਰਗੀਆਂ ਮਸ਼ੀਨਾਂ ਵਿਕਸਿਤ ਕਰਕੇ ਅਤੇ ਨਾਲ-ਨਾਲ ਘੱਟ ਪਰਾਲੀ ਅਤੇ ਘੱਟ ਮਿਆਦ ਵਾਲੀਆਂ ਕਿਸਮਾ ਜਾਰੀ ਹੋਣ ਕਾਰਨ ਰਹਿੰਦ ਖੂੰਹਦ ਦੀ ਸੰਭਾਲ ਦੀ ਸੰਭਾਲ ਦਾ ਮੁਕੰਮਲ ਹੱਲ ਦਿੱਤਾ ਗਿਆ ।

– 171 ਕੈਂਪਾਂ, 43 ਖੇਤ ਦਿਵਸਾਂ, 390 ਖੇਤ-ਦੌਰਿਆਂ ਅਤੇ 20 ਟੀ ਵੀ/ਰੇਡੀਓ ਵਰਤਾਵਾਂ ਦੇ ਰੂਪ ਵਿੱਚ ਵਿਭਿੰਨ ਪਸਾਰ ਗਤੀਵਿਧੀਆਂ ਰਾਹੀਂ ਫ਼ਸਲੀ ਰਹਿੰਦ-ਖੂੰਹਦ ਦੀ ਸੰਭਾਲ ਦਾ ਪ੍ਰਭਾਵਸ਼ਾਲੀ ਹੱਲ ਪੇਸ਼ ਕੀਤਾ ਗਿਆ । 15-31 ਅਕਤੂਬਰ 2017 ਤੱਕ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚ ਪਰਾਲੀ ਨਾ ਸਾੜਨ ਲਈ ਇੱਕ ਪਖਵਾੜਾ ਮਨਾਇਆ ਗਿਆ । ਕੁੱਲ 1117 ਖੇਤ ਪ੍ਰਦਰਸ਼ਨੀਆਂ ਕਿਸਾਨਾਂ ਦੇ ਖੇਤਾਂ ਤੇ ਲਗਾ ਕੇ ਹੈਪੀ ਸੀਡਰ, ਮਲਚਰ, ਬੇਲਰ ਅਤੇ ਖੇਤ ਵਿੱਚ ਰਲਾਉਣ ਲਈ ਉਲਟਾਵੇਂ ਹਲ ਆਦਿ ਦਾ ਪ੍ਰਦਰਸ਼ਨ ਕੀਤਾ ਗਿਆ ।

– ਪੰਜਾਬ ਰਿਮੋਟ ਸੈਂਸਿੰਗ ਸੈਂਟਰ ਵੱਲੋਂ 2017 ਵਿੱਚ 2016 ਦੇ ਮੁਕਾਬਲੇ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਵਿੱਚ 44% ਕਮੀ ਦਰਜ਼ ਕੀਤੀ ਗਈ । ਰਾਜ ਵਿੱਚ 36 ਪਿੰਡ ਅੱਗ ਲਾਉਣ ਦੀਆਂ ਘਟਨਾਵਾਂ ਤੋਂ ਪੂਰੀ ਤਰ੍ਹਾਂ ਮੁਕਤ ਹੋਏ ।

## ◆ ਸੰਯੁਕਤ ਕੀਟ ਅਤੇ ਬਿਮਾਰੀ ਪ੍ਰਬੰਧਨ

– ਸੰਯੁਕਤ ਕੀਟ ਪ੍ਰਬੰਧ ਤਕਨੀਕ ਨੂੰ ਸਫਲਤਾ ਨਾਲ ਨਰਮੇ 'ਤੇ ਲਾਗੂ ਕਰਕੇ 2808/- ਪ੍ਰਤੀ ਹੈਕ. ਦੇ ਕੀਟ-ਨਾਸ਼ਕਾਂ ਦੀ ਬੱਚਤ ਹੋਈ । ਨਾਲ ਹੀ 750 ਕਿਲੋ ਲਿੰਟ ਪ੍ਰਤੀ ਹੈਕ. ਨਾਲ ਦੂਜੀ ਸਭ ਤੋਂ ਵੱਧ ਉਤਪਾਦਕਿਤਾ ਦਾ ਰਿਕਾਰਡ ਵੀ 2017 ਸਾਉਣੀ ਦੌਰਾਨ ਹਾਸਲ ਹੋਇਆ । ਲਾਈਨ ਵਿਭਾਗਾਂ ਦੇ ਸਹਿਯੋਗ ਨਾਲ ਪਸਾਰ ਗਤੀਵਿਧੀਆਂ ਦੀ ਇਕ ਲੜੀ ਆਯੋਜਿਤ ਕੀਤੀ ਗਈ ਜੋ ਸਮੇਂ ਸਿਰ ਬਿਜਾਈ, ਸੰਤੁਲਿਤ ਪੋਸ਼ਕਤਾ ਰਾਹੀਂ ਪੌਦਿਆਂ ਦੇ ਪ੍ਰਬੰਧਨ, ਸਹੀ ਕਾਸ਼ਤ ਅਤੇ ਕੀਟ-ਨਾਸ਼ਕਾਂ ਦੀ ਵਰਤੋਂ ਘੱਟੋ ਘੱਟ ਨੁਕਸਾਨ ਦੇ ਆਰਥਿਕ ਪੱਧਰ ਮੁਤਾਬਕ ਕਰਨ ਦੇ ਉਦੇਸ਼ ਤੋਂ ਪ੍ਰੇਰਿਤ ਸੀ ।

– ਜੰਮੂ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਦੇ ਉੱਚੇ ਪਹਾੜੀ ਖੇਤਰਾਂ ਤੋਂ ਲੈ ਕੇ ਨੀਵੇਂ ਇਲਾਕਿਆਂ ਅਤੇ ਨਾਲ ਲੱਗਦੇ ਪੰਜਾਬ ਦੇ ਮੈਦਾਨਾਂ ਤੱਕ ਮੌਸਮ ਦੇ ਅਨੁਮਾਨ ਮੁਤਾਬਿਕ ਨਿਗਰਾਨੀ ਆਰੰਭ ਕੀਤੀ ਗਈ ਤਾਂ ਜੋ ਕਣਕ ਦੀ ਕੁੰਗੀ ਦੀ ਰੋਕਥਾਮ ਲਈ ਅਗਾਊਂ ਪ੍ਰਬੰਧ ਹੋ ਸਕੇ । ਨਤੀਜੇ ਵਜੋਂ ਕਣਕ ਦੀ ਫ਼ਸਲ ਕੁੰਗੀ ਤੋਂ ਵੱਡੀ ਪੱਧਰ 'ਤੇ ਮੁਕਤ ਰਹੀ ਜਿਸ ਨਾਲ ਉੱਲੀਨਾਸ਼ਕਾਂ ਤੇ ਹੋਣ ਵਾਲਾ ਖਰਚਾ ਬਚ ਸਕਿਆ ।

## ◆ ਫ਼ਸਲੀ ਵਿਭਿੰਨਤਾ

– ਦਾਲਾਂ ਦੀਆਂ ਫ਼ਸਲਾਂ 'ਤੇ ਆਧਾਰਿਤ ਖੇਤੀ ਵਿਭਿੰਨਤਾ ਦੀਆਂ ਕੋਸ਼ਿਸ਼ਾਂ ਸਦਕਾ ਗਰਮੀ ਰੁੱਤ ਦੀ ਮੂੰਗੀ ਦੀ ਕਾਸ਼ਤ ਦਾ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਵਿੱਚ ਵਿਕਾਸ ਹੋਇਆ । ਅਰਹਰ ਦੀ ਛੇਤੀ ਪੱਕਣ ਵਾਲੀ, ਛੋਟੇ ਕੱਦ ਵਾਲੀ ਅਤੇ ਮਸ਼ੀਨ ਨਾਲ ਵੱਢੇ ਜਾਣ ਯੋਗ ਕਿਸਮ ਏ ਐੱਲ 882 ਦੇ ਜਾਰੀ ਹੋਣ ਨਾਲ ਝੋਨੇ ਦੇ ਬਦਲ ਵਜੋਂ ਖੇਤੀ ਵਿਭਿੰਨਤਾ ਦਾ ਰੂਪ ਲੈ ਸਕੇਗੀ ।

– ਪਿਛਲੇ ਦਹਾਕੇ ਵਿੱਚ 53% ਦੇ ਵਾਧੇ ਨਾਲ ਫ਼ਲ ਫ਼ਸਲਾਂ ਹੇਠ ਰਕਬਾ ਲਗਾਤਾਰ ਵਧ ਰਿਹਾ ਹੈ । ਅਮਰੂਦਾਂ ਦੀਆਂ ਵਧ ਸੰਭਾਵਨਾਵਾਂ ਵਾਲੀਆਂ ਕਿਸਮਾਂ (ਪੰਜਾਬ ਕਿਰਨ ਅਤੇ ਪੰਜਾਬ ਸਫੇਦਾ) ਅਤੇ ਸਵੀਟ ਕਿੰਨੂ (ਅਰਲੀ ਗੋਲਡ) ਪਹਿਲਾਂ ਹੀ ਜਾਰੀ ਹੋ ਚੁੱਕੀ ਕਿਸਮ ਪੀਏਯੂ ਕਿੰਨੂ-1 ਹੋਰ ਵਾਧੇ ਵਿੱਚ ਸਹਾਇਤਾ ਕਰਨਗੀਆਂ । ਨਵੇਂ ਕੇਰਿਜ਼ੋ ਰੂਟ ਸਟਾਕ ਦੇ ਵਿਕਾਸ ਲਈ ਨਿੰਬੂ ਜਾਤੀ ਦੀ ਮਿਆਰੀ ਪੌਦ ਮਿਲਣ ਵਿੱਚ ਆਸਾਨੀ ਹੋਵੇਗੀ ।

– ਖੀਰੇ ਦੀਆਂ ਨਵੀਆਂ ਕਿਸਮਾਂ, ਵਿਸ਼ੇਸ਼ ਕਰਕੇ ਪੰਜਾਬ ਖੀਰਾ-1 (ਪਹਿਲੀ ਪਾਰਥੀਨੋਕਾਰਪਿਕ ਕਿਸਮ) ਅਤੇ ਸੁਰੱਖਿਅਤ

ਖੇਤੀ ਲਈ ਅਨੁਸਾਰੀ ਟਮਾਟਰ ਬੇਮੌਸਮੀ ਉਪਲਬਧਤਾ ਅਤੇ ਮੰਡੀ ਲਈ ਬਿਹਤਰ ਉਤਪਾਦਨ ਪੈਦਾ ਕਰਨ ਵਿੱਚ ਸਹਾਈ ਹੋਣਗੇ। ਭਾਰਤ ਦੀ ਪਹਿਲੀ ਹਲਲੈੱਸ ਬੀਜਾਂ ਵਾਲੀ ਕਿਸਮ ਪੰਜਾਬ ਮਗਜ਼ ਕੱਦੂ-1 ਵਿੱਚ ਪੌਸ਼ਟਿਕ ਭੋਜਨ ਸਨੈਕਸ ਦੀ ਪੂਰਤੀ ਕਰ ਸਕਣ ਦੀ ਸਮਰੱਥਾ ਹੈ । ਗੁਲਦਾਉਦੀ ਦੀਆਂ ਨਵੀਆਂ ਕਿਸਮਾਂ (ਖੁੱਲ੍ਹੀ ਖੇਤੀ ਲਈ ਪੰਜਾਬ ਸ਼ਿੰਗਾਰ ਅਤੇ ਗਮਲਿਆਂ ਲਈ ਪੰਜਾਬ ਮੋਹਿਨੀ) ਜਾਰੀ ਹੋਣ ਨਾਲ ਪੰਜਾਬ ਵਿੱਚ ਫੁੱਲਾਂ ਦੀ ਖੇਤੀ ਦੇ ਚਾਹਵਾਨਾਂ ਦੀਆਂ ਲੋੜਾਂ ਦੀ ਪੂਰਤੀ ਹੋਵੇਗੀ ।

- ਕਮਾਦ ਦੀਆਂ ਨਵੀਆਂ ਜਾਰੀ ਹੋਈਆਂ ਕਿਸਮਾਂ ਨੇ ਉੱਚ ਮਿਆਰ ਦੇ ਗੰਨੇ ਦੀ ਉਪਲੱਧਤਾ ਯਕੀਨੀ ਬਣਾ ਕੇ ਮਿੱਲਾਂ ਦੀ ਲੋੜ ਦੀ ਪੂਰਤੀ ਯਕੀਨੀ ਬਣਾਈ ਹੈ । ਇਸ ਦੇ ਨਾਲ ਹੀ ਸੀ ਓ ਪੀ ਬੀ 92 ਕਿਸਮ ਪਹਿਲਾਂ ਵਧੇਰੇ ਉਗਾਈ ਜਾਂਦੀ ਕਿਸਮ ਸੀ ਓ 238 ਦੇ ਮੁਕਾਬਲੇ ਆਗ ਦੇ ਗੜੂੰਏ ਪ੍ਰਤੀ ਵਧੇਰੇ ਪ੍ਰਤੀਰੋਧੀ ਹੈ।

## ਮਿੱਟੀ ਦੀ ਸਿਹਤ

- ਪੀਏਯੂ ਅਤੇ ਰਾਜ ਸਰਕਾਰ ਵੱਲੋਂ ਚਲਾਏ ਜਾਂਦੇ ਪਸਾਰ ਪ੍ਰੋਗਰਾਮ ਲੋੜ ਅਨੁਸਾਰ ਖਾਦਾਂ ਦੀ ਜੈਵਿਕ ਖਾਦਾਂ ਦੇ ਪ੍ਰਚਾਰ, ਕੰਪੋਸਿਟ ਤਕਨਾਲੋਜੀਆਂ ਅਤੇ ਫ਼ਸਲੀ ਰਹਿੰਦ ਖੂੰਹਦ ਨੂੰ ਮਿੱਟੀ ਵਿੱਚ ਮਿਲਾਉਣਾ ਆਦਿ ਪੱਖਾਂ 'ਤੇ ਧਿਆਨ ਦੇਣ ਨਾਲ ਰਸਾਇਣਕ ਖਾਦਾਂ ਦੀ ਵਰਤੋਂ ਸਥਿਰ ਹੋ ਰਹੀ ਹੈ । ਮਿੱਟੀ ਦੀ ਸਿਹਤ ਸੁਧਾਰਨ ਹਿਤ ਕਣਕ ਅਤੇ ਝੋਨੇ ਲਈ 2017-18 ਦੌਰਾਨ ਯੂਨੀਵਰਸਿਟੀ ਨੇ 6400 ਏਕੜ ਲਈ ਜੈਵਿਕ ਖਾਦਾਂ ਮੁਹੱਈਆ ਕਰਾਈਆਂ ।

## ਉਦਯੋਗਿਕ ਵਿਕਾਸ ਅਤੇ ਸਬਸਿਡੀ ਆਧਾਰਿਤ ਕਿੱਤਾਕਾਰੀ

- ਖੇਤ-ਮਸ਼ੀਨਰੀ, ਵਿਕਸਿਤ ਕਿਸਮਾਂ, ਪ੍ਰੋਸੈਸਿੰਗ ਨਾਲ ਸੰਬੰਧਿਤ ਅਤੇ ਹੋਰ ਪੰਦਰਾਂ ਤਕਨਾਲੋਜੀਆਂ ਦਾ 136 ਉਦਯੋਗਪਤੀਆਂ ਰਾਹੀਂ ਵਪਾਰੀਕਰਨ ਕੀਤਾ ਗਿਆ ਅਤੇ 10 ਐਗਰੋ ਪ੍ਰੋਸੈਸਿੰਗ ਯੂਨਿਟਾਂ ਦੀ ਸ਼ੁਰੂਆਤ ਲਈ ਅਗਵਾਈ ਮੁਹੱਈਆ ਕਰਵਾਈ ਗਈ ।
- ਹਰੇ ਚਾਰੇ ਦੀਆਂ ਨਵੀਆਂ ਕਿਸਮਾਂ ਵਿੱਚ ਜਵੀ ਦੀਆਂ ਓ ਐੱਲ 11 ਅਤੇ ਓ ਐੱਲ 12 ਅਤੇ ਬਰਸੀਮ ਵਿੱਚ ਬੀ ਐੱਲ 43 ਦਾ ਜਾਰੀ ਹੋਣਾ ਚਾਰੇ ਦੀ ਮੰਗ ਦੀ ਪੂਰਤੀ ਵਿੱਚ ਸਹਾਈ ਹੋਵੇਗਾ ਅਤੇ ਡੇਅਰੀ ਕਿੱਤੇ ਨੂੰ ਹੁਲਾਰਾ ਦੇਵੇਗਾ ।
- ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿੱਚ ਕਿਰਮ-ਰਹਿਤ ਕਰਨ ਦੀ ਤਕਨਾਲੋਜੀ ਦੇ ਅਪਨਾਉਣ ਲਈ ਵੋਕੇਸ਼ਨਲ ਅਤੇ ਛੋਟੀ ਮਿਆਰ ਦੇ ਸਿਖਲਾਈ ਪ੍ਰੋਗਰਾਮ ਲਗਾਏ ਗਏ । ਸਿਖਲਾਈ ਦੇ ਪ੍ਰਭਾਵ ਦੇ ਰੂਪ ਵਿੱਚ ਦੁਧਾਰੂ ਪਸ਼ੂਆਂ ਦੀ ਉਤਪਾਦਨ ਅਤੇ ਪੁਨਰ-ਉਤਪਾਦਨ ਯੋਗਤਾ ਵਿੱਚ ਵਾਧਾ ਦਰਜ ਕੀਤਾ ਗਿਆ।
- ਰਿਪੋਰਟ ਵਿੱਚ ਵਰਣਿਤ ਸਮੇਂ ਦੌਰਾਨ ਸ਼ਹਿਦ ਦੀਆਂ ਮੱਖੀਆਂ ਪਾਲਣ ਦੀਆਂ 194, ਡੇਅਰੀ ਫਾਰਮਿੰਗ 148, ਖੁੰਭਾਂ ਦੀ ਖੇਤੀ ਦੀਆਂ 98, ਬੱਕਰੀ ਪਾਲਣ ਦੇ 98, ਸੂਰ ਪਾਲਣ ਦੀਆਂ 93, ਮੁਰਗੀ ਪਾਲਣ ਦੀਆਂ 93, ਫ਼ਲਾਂ ਅਤੇ ਸਬਜ਼ੀਆਂ ਦੇ ਪ੍ਰੋਸੈਸਿੰਗ ਦੀਆਂ 56 ਅਤੇ ਅਨਾਜ ਫ਼ਸਲਾਂ ਦੇ ਉਤਪਾਦਨ ਦੀਆਂ 11 ਇਕਾਈਆਂ ਕ੍ਰਿਸ਼ੀ ਵਿਗਿਆਨ ਕੇਂਦਰਾਂ ਵੱਲੋਂ ਸਬਸਿਡੀ ਆਧਾਰਿਤ ਕਿੱਤਿਆਂ ਦੀ ਸਿਖਲਾਈ ਤੋਂ ਬਾਅਦ ਕਿਸਾਨਾਂ ਵੱਲੋਂ ਸਥਾਪਿਤ ਕੀਤੀਆਂ ਗਈਆਂ ।
- ਖੇਤੀ ਜਿਣਸਾਂ ਦੀ ਉਤਪਾਦਾਂ ਦੇ ਰੂਪ ਵਿੱਚ ਪ੍ਰੋਸੈਸਿੰਗ ਕਰਨ ਵਾਲੇ ਸੈਲਫ ਹੈਲਪ ਗੁਰੱਪਾਂ ਨੂੰ ਪੀਏਯੂ ਵੱਲੋਂ ਸਿਖਲਾਈ ਅਤੇ ਸਹਿਯੋਗ ਦਿੱਤਾ ਜਾ ਰਿਹਾ ਹੈ । ਇਸ ਸਹਾਇਤਾ ਤੇ ਅਗਵਾਈ ਦੇ ਮੱਦੇਨਜ਼ਰ ਵਪਾਰਕ ਮੌਕਿਆਂ ਦੇ ਪ੍ਰਸਾਰ ਰਾਹੀਂ ਸਹਿਕਾਰੀ ਸੁਸਾਇਟੀਆਂ, ਐਗਰੀਕਚਰਲ ਤਕਨਾਲੋਜੀ ਮੈਨੇਜਮੈਂਟ ਏਜੰਸੀ (ਆਤਮਾ), ਕਿਸਾਨ ਹੱਦ ਅਤੇ ਕਈ ਡਿਪਾਰਟਮੈਂਟਲ ਸਟੋਰਾਂ ਨਾਲ ਆਮਦਨ ਵਧਾਉਣ ਵਿੱਚ ਸਹਾਇਤਾ ਮਿਲੀ । ਕੁਝ ਔਰਤਾਂ ਨੇ ਤਾਂ ਐਗਰੀ-ਐਂਟਰਪ੍ਰਾਈਜਜ਼ ਨਾਲ ਸਹਿਯੋਗ ਸਦਕਾ ਜ਼ਿਲ੍ਹਾ, ਰਾਜ ਅਤੇ ਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਕਾਇਮ ਕੀਤੀ ।

## ਸਮਾਜਿਕ ਵਿਵਹਾਰ

- ਪੀਏਯੂ ਵੱਲੋਂ ਦਿੱਤੇ ਗਏ ਨਾਅਰੇ 'ਸਾਦੇ ਵਿਆਹ ਸਾਦੇ ਭੋਗ, ਨਾ ਕਰਜ਼ਾ ਨਾ ਚਿੰਤਾ ਰੋਗ' ਨੂੰ ਸੂਬੇ ਦੇ ਕਿਸਾਨਾਂ ਨੇ ਭਰਵਾਂ ਹੁੰਗਾਰਾ ਦਿੱਤਾ। ਆਈ ਸੀ ਏ ਆਰ-ਐੱਨ ਏ ਐੱਸ ਐੱਫ ਪ੍ਰੋਜੈਕਟ ਤਹਿਤ 'ਕਪੈਸਟੀ ਬਿਲਡਿੰਗ' ਦੀਆਂ ਪਹਿਲਕਦਮੀਆਂ ਦੇ ਪ੍ਰਭਾਵ ਵਸ ਪੰਜਾਬ ਦੇ ਨਰਮਾ ਖਿੱਤੇ ਦੀਆਂ 200 ਪੰਚਾਇਤਾਂ ਨੇ ਵਿਆਹਾਂ ਤੇ ਹੋਰ ਸਮਾਜਕ ਸਮਾਗਮਾਂ ਤੇ ਭਾਰੀ ਖਰਚੇ ਨਾ ਕਰਨ ਦਾ ਪ੍ਰਣ ਕੀਤਾ ।
- ਤਣਾਅਗ੍ਰਸਤ ਕਿਸਾਨਾਂ ਦੀ ਕੌਂਸਲਿੰਗ ਲਈ 232 ਪੇਂਡੂ ਨੌਜਵਾਨਾਂ ਨੂੰ ਪੈਰਾ-ਪ੍ਰੋਫੈਸ਼ਨਲਾਂ ਦੇ ਰੂਪ ਵਿੱਚ ਸਿੱਖਿਅਤ ਕੀਤਾ ਗਿਆ ।

## ਸਿੱਖਿਆ ਅਤੇ ਮਨੁੱਖੀ ਸਰੋਤ ਵਿਕਾਸ

- ਰਿਪੋਰਟ ਵਿਚਲੇ ਸਮੇਂ ਦੌਰਾਨ ਸਿੱਖਿਆ ਅਤੇ ਖੋਜ ਦੇ ਖੇਤਰ ਵਿੱਚ ਕੀਤੇ ਜਾ ਰਹੇ ਮਿਆਰੀ ਯਤਨਾਂ ਸਦਕਾ 45 ਵਿਦਿਆਰਥੀਆਂ ਨੇ ਯੂ ਜੀ ਸੀ/ਆਈ ਸੀ ਏ ਆਰ/ਸੀ ਐੱਸ ਆਈ ਆਰ ਦੀ ਰਾਸ਼ਟਰੀ ਯੋਗਤਾ ਪ੍ਰੀਖਿਆ (ਨੈੱਟ) ਪਾਸ ਕੀਤੀ ।
- ਸਤਾਰਾਂ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੇ ਖੋਜ ਵਿੱਚ ਅੰਤਰਰਾਸ਼ਟਰੀ ਸਾਂਝ ਦੀ ਪ੍ਰੀਖਿਆ ਵਿੱਚ ਕਾਮਯਾਬੀ ਹਾਸਲ ਕੀਤੀ, ਮਾਣਮੱਤੀਆਂ ਫੈਲੋਸ਼ਿਪਾਂ ਅਤੇ ਮੈਡਲ ਪ੍ਰਾਪਤ ਕੀਤੇ ਅਤੇ ਸਰਵੋਤਮ ਪੋਸਟਰ/ਪੇਸ਼ਕਾਰੀਆਂ ਲਈ ਸਨਮਾਨ ਜਿੱਤੇ।
- ਸਾਇੰਸ ਐਂਡ ਤਕਨਾਲੋਜੀ ਅਤੇ ਫੈਸ਼ਨ ਡਿਜ਼ਾਈਨਿੰਗ ਵਿਭਾਗਾਂ ਵਿੱਚੋਂ ਦੋ-ਦੋ ਵਿਦਿਆਰਥੀਆਂ ਨੇ ਜੋ ਚੌਧਰੀ ਚਰਨ ਸਿੰਘ ਹਰਿਆਣਾ ਐਗਰੀਕਲਚਰਲ ਯੂਨੀਵਰਸਿਟੀ ਵਿੱਚ 1-2 ਜੂਨ, 2018 ਵਿੱਚ ਨੈਸ਼ਨਲ ਸਟਾਰਟ ਅਪ ਸਮਿਟ ਦੌਰਾਨ ਬੈਸਟ ਸਟਾਰਟ ਅਪ ਆਈਡੀਆ ਐਵਾਰਡ ਜਿੱਤੇ ।

# ਪ੍ਰਸ਼ਾਸਨ

## ਪ੍ਰਬੰਧਕੀ ਬੋਰਡ

| ਕ੍ਰਮ ਨੰ. | ਨਾਮ ਅਤੇ ਅਹੁਦਾ | ਸਮਾਂ |
|---|---|---|
| ਆਨਰੇਰੀ ਚੇਅਰਮੈਨ | | |
| | ਸ੍ਰੀ ਵੀ.ਪੀ. ਸਿੰਘ ਬਦਨੌਰ<br>ਮਾਣਯੋਗ ਗਵਰਨਰ, ਪੰਜਾਬ ਅਤੇ ਚਾਂਸਲਰ | 01.07.2017 ਤੋਂ 30.06.2018 |
| ਕਾਰਜਸ਼ੀਲ ਚੇਅਰਮੈਨ | | |
| | ਡਾ.ਬਲਦੇਵ ਸਿੰਘ ਢਿੱਲੋਂ<br>ਵਾਈਸ ਚਾਂਸਲਰ | 01.07.2017 ਤੋਂ 30.06.2018 |
| ਮੈਂਬਰ | | |
| 1. | ਸ੍ਰੀ ਕਰਨ ਅਵਤਾਰ ਸਿੰਘ, ਆਈ ਏ ਐੱਸ<br>ਚੀਫ਼ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ | 01.07.2017 ਤੋਂ 30.06.2018 |
| 2. | ਡਾ. ਐੱਮ ਪੀ ਸਿੰਘ<br>ਵਧੀਕ ਮੁੱਖ ਸਕੱਤਰ (ਵਿਕਾਸ), ਪੰਜਾਬ ਸਰਕਾਰ, ਖੇਤੀਬਾੜੀ ਵਿਭਾਗ, ਚੰਡੀਗੜ੍ਹ | 01.07.2016 ਤੋਂ 26.09.2017 |
| | ਸ੍ਰੀ ਵਿਸ਼ਵਜੀਤ ਖੰਨਾ, ਆਈ ਏ ਐੱਸ<br>ਵਧੀਕ ਚੀਫ ਸਕੱਤਰ (ਵਿਕਾਸ), ਪੰਜਾਬ ਸਰਕਾਰ ਖੇਤੀਬਾੜੀ ਵਿਭਾਗ, ਚੰਡੀਗੜ੍ਹ | 26.09.2017 ਤੋਂ 30.06.2018 |
| 3. | ਸ੍ਰੀ ਅਨਿਰੁਧ ਤਿਵਾੜੀ, ਆਈ ਏ ਐੱਸ,<br>ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ | 01.07.2017 ਤੋਂ 30.06.2018 |
| 4. | ਸ੍ਰੀ ਜਸਬੀਰ ਸਿੰਘ ਬੈਂਸ, ਨਿਰਦੇਸ਼ਕ ਖੇਤੀਬਾੜੀ<br>ਪੰਜਾਬ ਖੇਤੀ ਭਵਨ (ਨੇੜੇ ਦਾਰਾ ਸਟੂਡੀਓ), ਫੇਜ਼-VI, ਮੋਹਾਲੀ | 01.07.2017 ਤੋਂ 30.06.2018 |
| 5. | ਡਾ. ਆਰ.ਕੇ.ਗੁਪਤਾ, ਨਿਰਦੇਸ਼ਕ<br>ਸੈਂਟਰਲ ਇੰਸਟੀਚਿਊਟ ਆਫ਼ ਪੋਸਟ ਹਾਰਵੈਸਟ ਇੰਜਨੀਅਰਿੰਗ ਐਂਡ ਤਕਨਾਲੋਜੀ (ਸੀਫੇਟ),<br>ਪੀਏਯੂ ਕੈਂਪਸ, ਲੁਧਿਆਣਾ | 01.07.2017 ਤੋਂ 30.06.2018 |
| 6. | ਸ੍ਰੀ ਕੁਲਵੰਤ ਸਿੰਘ ਆਹਲੂਵਾਲੀਆ,<br>ਪਿੰਡ ਛੌਣੀ ਕਲਾਂ, ਡਾਕਖਾਨਾ ਰਾਮ ਕਲੋਨੀ, ਜ਼ਿਲ੍ਹਾ ਹੁਸ਼ਿਆਰਪੁਰ | 01.07.2017 ਤੋਂ 30.06.2018 |
| 7. | ਡਾ. ਐੱਸ.ਐਸ. ਗੋਸਲ, ਸਾਬਕਾ ਨਿਰਦੇਸ਼ਕ ਖੋਜ<br>ਪੀਏਯੂ, ਸਾਹਮਣੇ ਸਟੇਟ ਬੈਂਕ ਆਫ਼ ਇੰਡੀਆ ਏ ਟੀ ਐੱਮ, ਸੁਗੰਧ ਵਿਹਾਰ,<br>ਪੱਖੋਵਾਲ ਰੋਡ, ਲੁਧਿਆਣਾ | 01.07.2017 ਤੋਂ 30.06.2018 |
| 8. | ਸ੍ਰੀ ਅਮਰਦੀਪ ਸਿੰਘ ਚੀਮਾ,<br>ਗੋਬਿੰਦ ਨਗਰ, ਕਾਹਨੂੰਵਾਨ ਰੋਡ, ਬਟਾਲਾ ਜ਼ਿਲ੍ਹਾ ਗੁਰਦਾਸਪੁਰ | 24.08.2017 ਤੋਂ 30.06.2018 |
| 9. | ਸ੍ਰੀ ਜੀ ਐੱਸ ਨੰਦਾ<br>ਘਰ ਨੰ.1142, ਸੈਕਟਰ 71, ਮੋਹਾਲੀ | 01.07.2017 ਤੋਂ 20.05.2018 |
| | ਡਾ. ਡੀ ਐੱਸ ਬਰਾੜ<br>ਐਡਜੰਕਟ ਪ੍ਰੋਫੈਸਰ, ਪੀਏਯੂ, 30, ਫਲਾਵਰ ਡੇਲ ਕਲੋਨੀ, ਬਾੜੇਵਾਲ ਰੋਡ, ਲੁਧਿਆਣਾ | 15.06.2018 ਤੋਂ 30.06.2018 |

| ਕ੍ਰਮ ਨੰ. | ਨਾਮ ਅਤੇ ਅਹੁਦਾ | ਸਮਾਂ |
|---|---|---|
| 10. | ਡਾ. ਏ.ਆਰ. ਸ਼ਰਮਾ, ਚੇਅਰਮੈਨ ਅਤੇ ਪ੍ਰਬੰਧਕੀ ਨਿਰਦੇਸ਼ਕ,<br>ਰਾਇਸਿਲਾ ਗਰੁੱਪ ਆਫ਼ ਕੰਪਨੀਜ਼ ਸੇਰੋਂ ਰੋਡ, ਧੂਰੀ, ਜ਼ਿਲ੍ਹਾ ਸੰਗਰੂਰ | 01.07.2017 ਤੋਂ 20.05.2018 |
| | ਸ਼੍ਰੀ ਅਨੂਪ ਬੈਕਟਰ, ਪ੍ਰਬੰਧਕੀ ਨਿਰਦੇਸ਼ਕ<br>ਮੈਸਰਜ ਬੈਕਟਰਜ਼ ਫੂਡ ਸਪੈਸ਼ਲਟੀਜ਼ ਲਿਮ. ਤੇਹਿੰਗ ਰੋਡ ਫਿਲੌਰ | 15.06.2018 ਤੋਂ 30.06.2018 |
| 11. | ਸ਼੍ਰੀਮਤੀ ਮਨਜੀਤ ਕੌਰ ਸੁਪਤਨੀ ਸ਼੍ਰੀ ਤੇਜਾ ਸਿੰਘ<br>ਪਿੰਡ ਸਹਿਜੋਮਾਜਰਾ, ਬਲਾਕ ਮਾਛੀਵਾੜਾ, ਤਹਿ. ਸਮਰਾਲਾ ,ਜ਼ਿਲ੍ਹਾ ਲੁਧਿਆਣਾ | 15.06.2018 ਤੋਂ 30.06.2018 |
| **ਸਕੱਤਰ** | | |
| | ਡਾ. ਆਰ. ਐੱਸ. ਸਿੱਧੂ, ਰਜਿਸਟਰਾਰ | 01.07.2017-30.06.2018 |

## ਅਕਾਦਮਿਕ ਕੌਂਸਲ

| ਅਹੁਦਾ | ਨਾਮ |
|---|---|
| ਵਾਈਸ ਚਾਂਸਲਰ | ਡਾ. ਬਲਦੇਵ ਸਿੰਘ ਢਿੱਲੋਂ |
| ਡੀਨ, ਪੋਸਟਗ੍ਰੈਜੂਏਟ ਸਟੱਡੀਜ਼ | ਡਾ. (ਸ਼੍ਰੀਮਤੀ) ਨੀਲਮ ਗਰੇਵਾਲ<br>ਡਾ. ਐੱਸ ਐੱਸ ਕੁੱਕਲ (ਵਧੀਕ ਚਾਰਜ)<br>ਡਾ. (ਸ਼੍ਰੀਮਤੀ) ਜੀ ਕੇ ਸਾਂਘਾ( ਵਧੀਕ ਚਾਰਜ) |
| ਡੀਨ, ਖੇਤੀਬਾੜੀ ਕਾਲਜ | ਡਾ. ਐੱਸ. ਐੱਸ. ਕੁੱਕਲ |
| ਡੀਨ, ਖੇਤੀ ਇੰਜਨੀਅਰਿੰਗ ਅਤੇ ਤਕਨਾਲੋਜੀ ਕਾਲਜ | ਡਾ. ਜਸਕਰਨ ਸਿੰਘ ਮਾਹਲ<br>ਡਾ. ਜਸਕਰਨ ਸਿੰਘ ਮਾਹਲ (ਵਧੀਕ ਚਾਰਜ) |
| ਡੀਨ, ਬੇਸਿਕ ਸਾਇੰਸਜ਼ ਅਤੇ ਹਿਊਮੈਨਟੀਜ਼ ਕਾਲਜ | ਡਾ. (ਸ਼੍ਰੀਮਤੀ) ਗੁਰਿੰਦਰ ਕੌਰ ਸਾਂਘਾ |
| ਡੀਨ, ਹੋਮ ਸਾਇੰਸ ਕਾਲਜ | ਡਾ. (ਸ਼੍ਰੀਮਤੀ) ਜਤਿੰਦਰ ਕੌਰ ਗੁਲਾਟੀ |
| ਨਿਰਦੇਸ਼ਕ ਖੋਜ | ਡਾ. ਨਵਤੇਜ ਸਿੰਘ ਬੈਂਸ |
| ਨਿਰਦੇਸ਼ਕ ਪਸਾਰ ਸਿੱਖਿਆ | ਡਾ. ਅਸ਼ੋਕ ਕੁਮਾਰ (ਵਧੀਕ ਚਾਰਜ) |
| | ਡਾ. ਜਸਕਰਨ ਸਿੰਘ ਮਾਹਲ |
| ਮੁਖੀ, ਬਾਇਓਕੈਮਿਸਟਰੀ ਵਿਭਾਗ | ਡਾ. (ਸ਼੍ਰੀਮਤੀ) ਬਵੀਤਾ ਅਸਥਿਰ |
| ਮੁਖੀ, ਅਰਥਸ਼ਾਸਤਰ ਅਤੇ ਸਮਾਜ ਵਿਗਿਆਨ ਵਿਭਾਗ | ਡਾ. ਸੁਖਪਾਲ ਸਿੰਘ |
| ਮੁਖੀ, ਜ਼ੁਆਲੋਜੀ ਵਿਭਾਗ | ਡਾ. ਐੱਸ ਐੱਸ ਹੁੰਦਲ |
| ਮੁਖੀ, ਫ਼ਲ ਵਿਗਿਆਨ ਵਿਭਾਗ | ਡਾ. ਐੱਮ.ਆਈ.ਐੱਸ. ਗਿੱਲ |
| ਮੁਖੀ, ਪ੍ਰੋਸੈਸਿੰਗ ਅਤੇ ਫੂਡ ਇੰਜਨੀਅਰਿੰਗ ਵਿਭਾਗ | ਡਾ. ਏ.ਕੇ. ਸਿੰਘ |
| ਮੁਖੀ, ਮਕੈਨੀਕਲ ਇੰਜਨੀਅਰਿੰਗ ਵਿਭਾਗ | ਡਾ. ਵੀ ਪੀ ਸੇਠੀ |
| ਮੁਖੀ, ਐਪਰਲ ਅਤੇ ਟੈਕਸਟਾਈਲ ਵਿਭਾਗ | ਡਾ. ਸੰਦੀਪ ਬੈਂਸ |
| ਨਿਰਦੇਸ਼ਕ, ਵਾਤਾਵਰਨ ਤਬਦੀਲੀ ਅਤੇ ਖੇਤੀ ਮੌਸਮ ਵਿਗਿਆਨ ਵਿਭਾਗ | ਡਾ.(ਸ਼੍ਰੀਮਤੀ) ਐੱਲ ਕੇ ਧਾਲੀਵਾਲ |
| ਰਜਿਸਟਰਾਰ | ਡਾ. ਆਰ ਐੱਸ ਸਿੱਧੂ |

# ਪ੍ਰਬੰਧਕੀ ਬੋਰਡ ਦੇ ਮਹੱਤਵਪੂਰਨ ਫੈਸਲੇ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪ੍ਰਬੰਧਕੀ ਬੋਰਡ ਦੀਆਂ ਚਾਰ ਮੀਟਿੰਗਾਂ (282ਵੀਂ ਤੋਂ 285ਵੀਂ) ਹੋਈਆਂ । ਬੋਰਡ ਵੱਲੋਂ ਲਏ ਗਏ ਮਹੱਤਵਪੂਰਨ ਫੈਸਲੇ ਇਸ ਪ੍ਰਕਾਰ ਹਨ :

## ਏ. ਸਟੈਚਯੂ ਵਿੱਚ ਸੋਧਾਂ

- ਬੋਰਡ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਟੈਨੋ-ਟਾਇਪਿਸਟ/ਟਾਇਪਿਸਟ ਦੇ ਅਹੁਦੇ ਦੀ ਇੰਟਰਵਿਊ ਨਾ ਕਰਾਉਣ ਨੂੰ ਪ੍ਰਵਾਨਗੀ ਦਿੱਤੀ ਗਈ ।

  ਸੀ-1/284
- ਬੋਰਡ ਵੱਲੋਂ ਯੂਨੀਵਰਸਿਟੀ ਦੇ ਸਾਰੇ ਕਰਮਚਾਰੀਆਂ ਦੇ ਪਰਖ-ਕਾਲ ਨਾਲ ਸੰਬੰਧਿਤ ਪੀਏਯੂ ਸਟੈਚਯੂ ਦੇ ਚੈਪਟਰ-VI ਧਾਰਾ 7 ਦੀ ਉਪ-ਧਾਰਾ 3 ਵਿਚ ਸੋਧ ਨੂੰ ਪ੍ਰਵਾਨਗੀ ਦਿੱਤੀ ਗਈ

  ਸੀ-2/284

## ਬੀ. ਅਮਲੇ ਨੂੰ ਰਿਆਇਤਾਂ

- ਬੋਰਡ ਵੱਲੋਂ ਅੰਕੜਾ ਸਹਾਇਕ ਦੀ ਅਸਾਮੀ ਦੇ ਪੇਅ ਸਕੇਲ/ਪੇਅ ਬੈਂਡ 10,300-34,800+3800 ਜੀਪੀ ਨੂੰ 10,300-34,800+4400 ਜੀਪੀ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ ।

  ਬੀ-1/283

## ਸੀ. ਹੋਰ ਫੈਸਲੇ

- ਬੋਰਡ ਵੱਲੋਂ ਡਾ. ਡੀ ਐੱਸ ਬਰਾੜ ਦੀ ਖੇਤੀਬਾੜੀ ਕਾਲਜ ਦੇ ਸਕੂਲ ਆਫ ਬਾਇਓਟੈਕਨਾਲਜੀ ਵਿਚ ਆਨਰੇਰੀ ਅਡਜੰਕਟ ਪ੍ਰੋਫੈਸਰ ਵਜੋਂ ਹੋਰ ਪੰਜ ਸਾਲਾਂ ਲਈ ਨਿਯੁਕਤੀ ਨੂੰ ਪ੍ਰਵਾਨਗੀ ਦਿੱਤੀ ਗਈ ।

  ਏ-6/282
- ਬੋਰਡ ਵੱਲੋਂ ਡਾ. ਟੀ ਐੱਸ ਥਿੰਦ ਦੀ ਨਿਰਦੇਸ਼ਕ ਖੋਜ/ ਪੌਦਾ ਰੋਗ ਵਿਗਿਆਨ ਵਿਭਾਗ ਵਿਚ ਆਨਰੇਰੀ ਅਡਜੰਕਟ ਪ੍ਰੋਫੈਸਰ (ਖੋਜ) ਵਜੋਂ ਪੰਜ ਸਾਲਾਂ ਲਈ ਨਿਯੁਕਤੀ ਨੂੰ ਪ੍ਰਵਾਨਗੀ ਦਿੱਤੀ ਗਈ ।

  ਏ-7/222
- ਬੋਰਡ ਵਲੋਂ ਯੂਨੀਵਰਸਿਟੀ ਦੇ ਅਧਿਆਪਨ ਅਤੇ ਗੈਰ-ਅਧਿਆਪਨ ਦੋਵਾਂ ਵਰਗਾਂ ਵਿਚ 'ਰਾਈਟ ਆਫ ਪਰਸਨਜ਼ ਵਿਦ ਡਿਸਏਬਿਲਟੀ ਐਕਟ- 2016 ਨੂੰ 19.04.2017 ਤੋਂ ਲਾਗੂ ਕਰਨਾ ਪ੍ਰਵਾਨ ਕਰ ਲਿਆ ।

  ਸੀ-3/283
- ਬੋਰਡ ਨੇ ਖੇਤਰੀ ਖੋਜ ਸਟੇਸ਼ਨ ਅਬੋਹਰ ਦੀ 25 ਏਕੜ ਜ਼ਮੀਨ ਦਾ ਤਬਾਦਲਾ ਖੇਤੀ ਖੋਜ ਅਤੇ ਸਿੱਖਿਆ ਵਿਭਾਗ, ਭਾਰਤ ਸਰਕਾਰ ਨੂੰ ਮਨਜ਼ੂਰ ਕਰ ਲਿਆ ਅਤੇ ਖੇਤੀ ਵਿਭਾਗ ਪੰਜਾਬ ਸਰਕਾਰ ਤੋਂ ਪੀਏਯੂ ਵਲੋਂ ਲੀਜ਼ ਤੇ ਲਈ 25 ਏਕੜ ਜ਼ਮੀਨ ਨੂੰ ਰੱਦ ਕਰਨ ਦਾ ਫੈਸਲਾ ਕੀਤਾ ।

  ਸੀ-6/283
- ਬੋਰਡ ਨੇ ਕੇਵੀਕੇ ਖੇੜੀ(ਸੰਗਰੂਰ) ਦੇ 0.0354 ਹੈਕਟੇਅਰ ਰਕਬੇ ਨੂੰ ਸੜਕ, ਆਵਾਜਾਈ ਅਤੇ ਹਾਈਵੇਜ਼ ਮੰਤਰਾਲੇ ਭਾਰਤ ਸਰਕਾਰ ਨੂੰ ਸੰਗਰੂਰ-ਪਾਤੜਾਂ-ਖਨੌਰੀ ਸੜਕ ਐੱਨ ਐੱਚ-71 ਨੂੰ ਚਾਰ ਮਾਰਗੀ ਕਰਨ ਲਈ ਦੇਣ ਵਾਸਤੇ ਐੱਕਸ-ਪੋਸਟ ਫੈਕਟੋ ਨੂੰ ਪ੍ਰਵਾਨਗੀ ਦਿੱਤੀ ।

  ਸੀ-7/283
- ਬੋਰਡ ਵੱਲੋਂ ਡਾ. ਆਰ ਕੇ ਧਾਲੀਵਾਲ ਦੀ ਨਿਰਦੇਸ਼ਕ ਵਿਦਿਆਰਥੀ ਭਲਾਈ, ਪੀਏਯੂ ਵਜੋਂ ਨਿਯੁਕਤੀ ਨੂੰ ਪ੍ਰਵਾਨਗੀ ਦਿੱਤੀ ਗਈ ।

  ਏ-5/284
- ਬੋਰਡ ਵੱਲੋਂ ਡਾ. ਜੇ ਐੱਸ ਮਾਹਲ ਦੀ ਨਿਰਦੇਸ਼ਕ ਪਸਾਰ ਸਿੱਖਿਆ ਵਜੋਂ ਨਿਯੁਕਤੀ ਨੂੰ ਪ੍ਰਵਾਨਗੀ ਦਿੱਤੀ ਗਈ ।

  ਏ-6/284
- ਬੋਰਡ ਵੱਲੋਂ ਸ਼੍ਰੀ ਯੋਗੇਸ਼ ਚੋਪੜਾ ਦੀ ਵਧੀਕ ਕੰਪਟ੍ਰੋਲਰ ਦੀ ਅਸਾਮੀ ਤੇ ਨਿਯੁਕਤੀ ਨੂੰ ਪ੍ਰਵਾਨਗੀ ਦਿੱਤੀ ਗਈ ।

  ਏ-3/285
- ਬੋਰਡ ਵੱਲੋਂ 2018-19 ਵਾਸਤੇ ਪੀਏਯੂ ਦੇ ਅਨੁਮਾਨਿਤ ਬੱਜਟ ਨੂੰ ਪ੍ਰਵਾਨਗੀ ਦਿੱਤੀ ਗਈ ।

  ਬੀ-1/285
- ਬੋਰਡ ਵੱਲੋਂ ਪੀਏਯੂ ਵਿਚ ਤਕਨਾਲੋਜੀ ਬਿਜ਼ਨਸ ਇੰਕੂਬੇਸ਼ਨ(ਟੀਬੀਆਈ) ਦੀ ਸਥਾਪਤੀ ਨੂੰ ਪ੍ਰਵਾਨਗੀ ਦਿੱਤੀ ਗਈ ।

  ਸੀ-7/285
- ਬੋਰਡ ਵੱਲੋਂ ਖੇਤਰੀ ਖੋਜ ਕੇਂਦਰ, ਬਠਿੰਡਾ ਦੀ 12 ਕਨਾਲ 2 ਮਰਲੇ ਜ਼ਮੀਨ ਏਮਜ਼ ਦੀ ਸਥਾਪਤੀ ਲਈ ਸਿਹਤ ਅਤੇ ਪਰਿਵਾਰ ਕਲਿਆਣ ਮੰਤਰਾਲਾ ਭਾਰਤ ਸਰਕਾਰ ਨੂੰ ਸੌਂਪੇ ਜਾਣ ਨੂੰ ਪ੍ਰਵਾਨ ਕਰ ਲਿਆ ।

  ਸੀ-8/285
- ਬੋਰਡ ਵੱਲੋਂ ਡਾ. ਵੀ ਐੱਲ ਚੋਪੜਾ ਅਤੇ ਡਾ. ਐੱਸ ਐੱਸ ਜੌਹਲ ਨੂੰ ਯੂਨੀਵਰਸਿਟੀ ਦੀ ਸਲਾਨਾ ਕਾਨਵੋਕੇਸ਼ਨ ਦੌਰਾਨ ਡਾਕਟਰ ਆਫ ਸਾਇੰਸ ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੇ ਜਾਣ ਨੂੰ ਪ੍ਰਵਾਨ ਕਰ ਲਿਆ ਗਿਆ ।

  ਸੀ-9/285

# ਅਕਾਦਮਿਕ ਕੌਂਸਲ ਦੇ ਮਹੱਤਵਪੂਰਨ ਫੈਸਲੇ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਅਕਾਦਮਿਕ ਕੌਂਸਲ ਦੀਆਂ 10 ਮੀਟਿੰਗਾਂ (386ਵੀਂ ਤੋਂ 395ਵੀਂ) ਹੋਈਆਂ। ਅਕਾਦਮਿਕ ਕੌਂਸਲ ਵੱਲੋਂ ਲਏ ਗਏ ਮਹੱਤਵਪੂਰਨ ਫੈਸਲੇ ਹੇਠ ਲਿਖੇ ਅਨੁਸਾਰ ਹਨ :

- ਸਹਿਯੋਗੀ ਨਿਰਦੇਸ਼ਕ ਤਕਨਾਲੋਜੀ ਮਾਰਕੀਟਿੰਗ ਐਂਡ ਇੰਟਲੈਕਚੁਅਲ ਪ੍ਰਾਪਰਟੀ ਰਾਈਟਸ ਦੀ ਅਸਾਮੀ ਚਾਰ ਸਾਲਾਂ ਲਈ ਯੂਨੀਵਰਸਿਟੀ ਵਿੱਚੋਂ ਭਰੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ।

ਆਈਟਮ ਨੰ. 4/386ਵੀਂ

- ਫੈਸਲਾ ਕੀਤਾ ਗਿਆ ਕਿ 2018-19 ਤੋਂ ਬੀਐੱਸਸੀ ਹੋਮ ਸਾਇੰਸ ਵਾਲੇ ਬਿਨੈਕਾਰ ਐੱਮਐੱਸਸੀ ਪਸਾਰ ਸਿੱਖਿਆ ਕਰਨ ਦੇ ਯੋਗ ਨਹੀਂ ਹੋਣਗੇ ।

ਆਈਟਮ ਨੰ. 10/386ਵੀਂ

- ਡਾ. ਪੀ ਐੱਨ ਥਾਪਰ ਗੋਲਡ ਮੈਡਲ ਲਈ ਵਰਤਮਾਨ ਸਕੋਰ ਕਾਰਡ ਨੂੰ ਕੁਝ ਤਰਮੀਮਾਂ ਨਾਲ ਪ੍ਰਵਾਨ ਕਰ ਲਿਆ ਗਿਆ।

ਆਈਟਮ ਨੰ. 18/386ਵੀਂ

- ਖੇਤਰੀ ਖੋਜ ਕੇਂਦਰ ਬੱਲੋਵਾਲ ਸੌਂਖੜੀ ਵਿਖੇ ਡਿਪਲੋਮਾ ਇਨ ਐਗਰੀਕਲਚਰ 30 ਸੀਟਾਂ ਨਾਲ ਸ਼ੁਰੂ ਕਰਨ ਨੂੰ ਪ੍ਰਵਾਨਗੀ ਦਿੱਤੀ ਗਈ। ਕੌਂਸਲ ਨੇ ਪੀਏਯੂ ਵਿਚ ਡਿਪਲੋਮਾ ਇਨ ਐਗਰੀਕਲਚਰ ਦੀਆਂ ਸੀਟਾਂ 30 ਤੋਂ ਵਧਾ ਕੇ 60 ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ।

ਆਈਟਮ ਨੰ. ਬੀ-6/389ਵੀਂ

- 'ਫਲੋਰੀਕਲਚਰ ਐਂਡ ਲੈਂਡਸਕੇਪਿੰਗ' ਵਿਚ ਇਕ ਸਾਲਾ ਸਰਟੀਫਿਕੇਟ ਕੋਰਸ ਸ਼ੁਰੂ ਕਰਨ ਲਈ ਵਾਈਸ ਚਾਂਸਲਰ ਦੀ ਪਹਿਲਕਦਮੀ ਨੂੰ ਨਿਯਮਾਂ ਸਮੇਤ ਕੌਂਸਲ ਵੱਲੋਂ ਸਵੀਕਾਰ ਕੀਤਾ ਗਿਆ ।

ਆਈਟਮ ਨੰ. ਸੀ-5/389ਵੀਂ

- ਐਪਲਾਇਡ ਸਟੈਟਿਸਟਿਕਸ ਨੂੰ ਐੱਮਐੱਸਸੀ ਸਟੈਟਿਸਟਿਕਸ ਦੀ ਵਿਸ਼ੇਸ਼ਤਾ ਵਜੋਂ ਸ਼ਾਮਿਲ ਕਰਨ ਨੂੰ ਪ੍ਰਵਾਨ ਕਰ ਲਿਆ ਗਿਆ ।

ਆਈਟਮ ਨੰ. ਸੀ-2/391ਵੀਂ

- ਐੱਮ.ਟੈੱਕ. ਸੋਇਲ ਐਂਡ ਵਾਟਰ ਇੰਜਨੀਅਰਿੰਗ ਵਿੱਚ ਡਾ. ਐੱਸ ਡੀ ਖੇਪਰ ਮੈਡਲ ਦੀ ਸਥਾਪਤੀ ਨੂੰ ਪ੍ਰਵਾਨਗੀ ਦਿੱਤੀ ਗਈ ।

ਆਈਟਮ ਨੰ. ਸੀ-7/391ਵੀਂ

- 'ਔਰਨਾਮੈਂਟਲ ਨਰਸਰੀ ਪ੍ਰੋਡਕਸ਼ਨ' ਵਿਚ ਛੇ ਮਹੀਨਿਆਂ ਦੇ ਸਰਟੀਫਿਕੇਟ ਕੋਰਸ ਦੀ ਸ਼ੁਰੂਆਤ ਲਈ ਵਾਈਸ ਚਾਂਸਲਰ ਦੀ ਪਹਿਲਕਦਮੀ ਨੂੰ ਕੌਂਸਲ ਵੱਲੋਂ ਸਵੀਕਾਰ ਕਰ ਲਿਆ ਗਿਆ।

ਆਈਟਮ ਨੰ. ਸੀ-11/391ਵੀਂ

- ਨਵੇਂ ਆਡੀਟੋਰੀਅਮ ਦਾ ਨਾਮ 'ਡਾ. ਮਨਮੋਹਨ ਸਿੰਘ ਆਡੀਟੋਰੀਅਮ' ਰੱਖਣ ਲਈ ਵਾਈਸ ਚਾਂਸਲਰ ਦੀ ਪਹਿਲਕਦਮੀ ਨੂੰ ਕੌਂਸਲ ਵੱਲੋਂ ਸਵੀਕਾਰ ਕਰ ਲਿਆ ਗਿਆ।

ਆਈਟਮ ਨੰ. ਸੀ-14/391ਵੀਂ

- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅਧੀਨ ਕਾਲਜ ਆਫ ਹੌਰਟੀਕਲਚਰ ਐਂਡ ਫਾਰੈਸਟਰੀ ਦੀ ਸਥਾਪਨਾ ਨੂੰ ਪ੍ਰਵਾਨ ਕਰ ਲਿਆ ਗਿਆ ।

ਆਈਟਮ ਨੰ. 1/394ਵੀਂ

- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਅਧੀਨ ਕਾਲਜ ਆਫ ਵੈਟਨਰੀ ਐਂਡ ਐਨੀਮਲ ਸਾਇੰਸ ਦੀ ਸਥਾਪਨਾ ਨੂੰ ਪ੍ਰਵਾਨ ਕਰ ਲਿਆ ਗਿਆ ਜੋ ਲੁਧਿਆਣਾ ਤੋਂ ਬਾਹਰ ਬਣੇਗਾ ।

ਆਈਟਮ ਨੰ. 2/394ਵੀਂ

- ਐਗਰੀ. ਇਕਨਾਮਿਕਸ ਦੇ ਪੀਐੱਚ-ਡੀ ਪ੍ਰੋਗਰਾਮ ਵਿਚ ਦਾਖਲੇ ਲਈ ਐੱਮਐੱਸਸੀ ਡੇਅਰੀ ਇਕਨਾਮਿਕਸ ਨੂੰ ਯੋਗਤਾਵਾਂ ਦੀ ਸੂਚੀ ਵਿਚ ਸ਼ਾਮਿਲ ਕਰਨ ਨੂੰ ਪ੍ਰਵਨਿਗੀ ਦਿੱਤੀ ਗਈ ।

ਆਈਟਮ ਨੰ.2/394ਵੀਂ

- 'ਪਲਾਂਟ ਟਿਸ਼ੂ ਕਲਚਰ, ਮੌਲੀਕਿਊਲਰ ਮਾਰਕਰ ਟਕਨਾਲੋਜੀ ਐਂਡ ਬਾਇਓਇਨਫਰਮੈਟਿਕਸ'ਵਿਚ ਚਾਰ ਹਫਤਿਆਂ ਦੇ ਸਕਿੱਲ ਡਿਵੈਲਪਮੈਂਟ ਕੋਰਸ ਦੀ ਸ਼ੁਰੂਆਤ ਲਈ ਵਾਈਸ ਚਾਂਸਲਰ ਦੀ ਪਹਿਲਕਦਮੀ ਨੂੰ ਕੌਂਸਲ ਵੱਲੋਂ ਸਵੀਕਾਰ ਕਰ ਲਿਆ ਗਿਆ ।

ਆਈਟਮ ਨੰ. ਸੀ-2/395ਵੀਂ

# ਅਨੁਲੱਗ-I

**ਅਸਟੇਟ ਆਰਗੇਨਾਈਜ਼ੇਸ਼ਨ ਅਤੇ ਇੰਜੀਨੀਅਰਿੰਗ ਯੂਨਿਟ ਵੱਲੋਂ ਸੰਪੰਨ ਕੀਤੇ ਗਏ ਮਹੱਤਵਪੂਰਨ ਪ੍ਰੋਜੈਕਟ**

| ਪ੍ਰੋਜੈਕਟ | ਕੀਮਤ (ਲੱਖ ਰੁਪਏ) |
|---|---|
| ਪੀ ਏ ਯੂ, ਲੁਧਿਆਣਾ ਵਿਖੇ ਨਿਊ ਗਰਲਜ਼ ਹੋਸਟਲ(ਪਹਿਲੀ ਮੰਜ਼ਿਲ) ਦੀ ਉਸਾਰੀ | 89.41 |
| ਖੇਤਰੀ ਖੋਜ ਕੇਂਦਰ, ਬਠਿੰਡਾ ਵਿਚ ਕੰਟਰੋਲ ਲੈਬਾਰਟਰੀ, ਇੰਪਲੀਮੈਂਟ ਸ਼ੈੱਡ ਦੀ ਉਸਾਰੀ ਅਤੇ ਵਾਟਰ ਚੈੱਨਲ ਦੀ ਮੁਰੰਮਤ | 80.14 |
| ਕ੍ਰਿਸ਼ੀ ਵਿਗਿਆਨ ਕੇਂਦਰ, ਗੋਨਿਆਣਾ, ਮੁਕਤਸਰ ਸਾਹਿਬ ਵਿਖੇ ਆਫਿਸ-ਕਮ-ਲੈਬ ਬਿਲਡਿੰਗ ਐਂਡ ਟਰੇਨਿੰਗ ਹੋਸਟਲ ਦੀ ਉਸਾਰੀ | 36.51 |
| ਪੀਏਯੂ, ਲੁਧਿਆਣਾ ਵਿਖੇ ਇੰਟਰਨੈਸ਼ਨਲ ਸਟੂਡੈਂਟਸ ਹੋਸਟਲ,ਫੈਕਲਟੀ ਕਲੱਬ/ਗੈਸਟ ਹਾਊਸ ਐਂਡ ਸਟੂਡੈਂਟਸ ਹੋਮ ਦੀ ਮੁਰੰਮਤ ਅਤੇ ਨਵੀਨੀਕਰਨ | 33.94 |
| ਪੀਏਯੂ ਲੁਧਿਆਣਾ ਵਿਖੇ ਕੈਰੋਂ ਕਿਸਾਨ ਘਰ (ਟਾਇਲਟਸ ਵਗੈਰਾ) ਨੂੰ ਨਵਿਆਉਣਾ | 32.18 |
| ਖੇਤਰੀ ਖੋਜ ਕੇਂਦਰ, ਅਬੋਹਰ ਵਿਖੇ ਸਟੋਰਾਂ ਦੀ ਮੁਰੰਮਤ | 30.00 |
| ਯੂਨੀਵਰਸਿਟੀ ਬੀਜ ਫਾਰਮ, ਨਰਾਇਣਗੜ੍ਹ ਵਿਖੇ ਪੱਕੇ ਵਾਟਰ ਚੈਨਲ ਦੀ ਉਸਾਰੀ | 30.00 |
| ਯੂਨੀਵਰਸਿਟੀ ਬੀਜ ਫਾਰਮ, ਲਾਡੋਵਾਲ ਵਿਖੇ ਪੱਕੀ ਫਰਸ਼ ਅਤੇ ਸ਼ੈਡ ਦੇ ਨਾਲ 9 ਨੰਬਰ ਟਿਊਬਵੈੱਲ ਦੇ ਕਮਰੇ ਅਤੇ ਹੌਦੀ ਦੀ ਉਸਾਰੀ | 29.00 |
| ਪੀਏਯੂ ਲੁਧਿਆਣਾ ਦੇ ਹੋਮ ਸਾਇੰਸ ਕਾਲਜ ਵਿਖੇ ਮੁੱਖ ਬਿਲਡਿੰਗ ਦੀ ਛੱਤ ਤੇ ਟਾਇਲਾਂ ਲਗਵਾਉਣ/ਨਵਿਆਉਣ ਅਤੇ ਸਾਇਕਲ ਸ਼ੈਂਡ ਦਾ ਨਵੀਨੀਕਰਣ | 25.40 |
| ਖੇਤਰੀ ਖੋਜ ਕੇਂਦਰ, ਬਠਿੰਡਾ ਵਿਖੇ ਇੰਟਰਲਾਕਿੰਗ ਟਾਇਲਜ਼ ਸੜਕ ਦੀ ਉਸਾਰੀ | 17.81 |
| ਖੇਤਰੀ ਖੋਜ ਕੇਂਦਰ, ਬਠਿੰਡਾ ਵਿਖੇ ਬਾਗਬਾਨੀ ਸੈਕਸ਼ਨ ਦੁਆਲੇ ਰਹਿੰਦੀ ਚਾਰ-ਦੀਵਾਰੀ ਦੀ ਉਸਾਰੀ | 16.00 |
| ਯੂਨੀਵਰਸਿਟੀ ਬੀਜ ਫਾਰਮ, ਨਾਭਾ (ਪਟਿਆਲਾ) ਵਿਖੇ ਪੱਕੇ (ਕੰਕਰੀਟ) ਵਾਟਰ ਚੈਨਲ ਦੀ ਉਸਾਰੀ | 15.53 |
| ਖੇਤਰੀ ਖੋਜ ਕੇਂਦਰ, ਖੇੜੀ (ਸੰਗਰੂਰ) ਵਿਖੇ ਪੱਕੇ ਸ਼ੈਡ ਦੀ ਉਸਾਰੀ | 14.83 |
| ਪੀਏਯੂ ਲੁਧਿਆਣਾ ਦੇ ਹੋਸਟਲ ਨੰ.4 ਵਿਚ ਦਰਵਾਜ਼ੇ, ਖਿੜਕੀਆਂ ਅਤੇ ਗਰਿੱਲਾਂ ਬਦਲਵਾਈਆਂ | 14.22 |
| ਪੀਏਯੂ ਲੁਧਿਆਣਾ ਦੇ ਐਥਲੈਟਿਕਸ ਟਰੈਕ ਤੇ ਬੈਠਣ ਦੇ ਪ੍ਰਬੰਧ ਲਈ ਪ੍ਰੋਫਾਈਲ ਸ਼ੀਟ ਦੀ ਛੱਤ ਦੀ ਉਸਾਰੀ ਕਰਵਾਈ | 12.90 |
| **ਕੁੱਲ ਜੋੜ** | **477.87** |

*ਇਸ ਤੋਂ ਇਲਾਵਾ 4,97,34,000/ ਆਡੀਟੋਰੀਅਮ ਬਲਾਕ ਦੇ ਬਾਕੀ ਕਾਰਜਾਂ (ਐਕੋਸਟਿਕ ਟਰੀਟਮੈਂਟ, ਆਡੀਓ-ਵੀਡੀਓ ਸਿਸਟਮ, ਮੰਚ ਤੇ ਰੌਸ਼ਨੀ ਦੇ ਪ੍ਰਬੰਧ, ਏ.ਸੀ. ਸਿਸਟਮ, ਅੱਗ ਤੋਂ ਬਚਾਊ ਪ੍ਰਬੰਧ ਅਤੇ ਅੰਦਰਲੇ ਬਿਜਲੀ ਪ੍ਰਬੰਧ) ਉੱਪਰ ਖਰਚ ਕੀਤੇ ਗਏ ਅਤੇ 3,99,00,000 ਪੀਏਯੂ ਲੁਧਿਆਣਾ ਦੇ ਇਮਤਿਹਾਨ ਹਾਲ ਤੇ ਲੈਕਚਰ ਥੀਏਟਰ ਕੰਪਲੈਕਸ ਉੱਪਰ ਖਰਚ ਕੀਤੇ ਗਏ।

# ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ ਸਾਲਾਨਾ ਰਿਪੋਰਟ (ਜੁਲਾਈ 2017-ਜੂਨ 2018) ਦਾ ਸੰਖਿਪਤ ਸਾਰ ਅਤੇ ਮੁੱਖ ਝਲਕੀਆਂ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀਏਯੂ) ਦਾ ਪ੍ਰਮੁੱਖ ਕਾਰਜ ਖੇਤੀਬਾੜੀ ਅਤੇ ਇਸ ਨਾਲ ਸੰਬੰਧਿਤ ਵਿਸ਼ਿਆਂ ਵਿੱਚ ਖੋਜ, ਅਧਿਆਪਨ ਅਤੇ ਪਸਾਰ ਕਰਨਾ ਹੈ। ਜੁਲਾਈ 2017 ਤੋਂ ਜੂਨ 2018 ਦੇ ਸਮੇਂ ਦੌਰਾਨ ਯੂਨੀਵਰਸਿਟੀ ਨੇ ਫ਼ਸਲਾਂ ਦੀਆਂ ਸੁਧਰੀਆਂ ਹੋਈਆਂ ਕਿਸਮਾਂ ਵਿਕਸਿਤ ਕਰਕੇ ਅਤੇ ਉਤਪਾਦਨ-ਸੁਰੱਖਿਆ ਤਕਨੀਕਾਂ ਦੇ ਪ੍ਰਵਾਹ ਨੂੰ ਨਿਰੰਤਰ ਨਵਿਆ ਕੇ ਵਧੇਰੇ ਝਾੜ ਪ੍ਰਾਪਤ ਕਰਨ ਵਿੱਚ ਅਹਿਮ ਯੋਗਦਾਨ ਪਾਇਆ। ਯੂਨੀਵਰਸਿਟੀ ਦਾ ਮੁੱਖ ਮੰਤਵ ਪੇਂਡੂ ਭਾਈਚਾਰੇ ਨੂੰ ਜੀਵਨ ਨਿਰਬਾਹ ਦੇ ਉੱਤਮ ਅਤੇ ਹਮੇਸ਼ਾਂ ਨਾਲ ਨਿਭਣ ਵਾਲੇ ਮੌਕੇ ਪ੍ਰਦਾਨ ਕਰਨਾ ਰਿਹਾ ਅਤੇ ਅਜਿਹਾ ਕਰਦਿਆਂ ਵਾਤਾਵਰਣਕ ਸੁਰੱਖਿਆ ਅਤੇ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਨੂੰ ਵਿਸ਼ੇਸ਼ ਤਵੱਜੋ ਦਿੱਤੀ ਜਾਂਦੀ ਰਹੀ। ਇਸ ਦੇ ਨਾਲ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਲਈ ਮਿਆਰੀ ਮਨੁੱਖੀ ਵਸੀਲੇ ਵਿਕਸਿਤ ਕਰਨ ਵਿੱਚ ਵੀ ਵਿਸ਼ੇਸ਼ ਭੂਮਿਕਾ ਨਿਭਾਈ ਗਈ।

## ਖੋਜ

ਖੇਤੀ ਖੋਜ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦਾ ਪ੍ਰਮੁੱਖ ਕਾਰਜ ਖੇਤਰ ਹੈ। ਪੀਏਯੂ ਵੱਲੋਂ ਕੀਤੀ ਖੋਜ ਤੇ ਵਧੇਰੇ ਜ਼ੋਰ ਫ਼ਸਲ ਸੁਧਾਰ, ਮੌਸਮ ਦੇ ਅਨੁਕੂਲ ਤਕਨੀਕਾਂ, ਕੁਦਰਤੀ ਸੋਮਿਆਂ ਦਾ ਰੱਖ-ਰਖਾਅ, ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ, ਸੰਯੁਕਤ ਕੀਟ ਪ੍ਰਬੰਧਣ, ਲਾਗਤਾਂ ਦੀ ਉਚਿੱਤ ਵਰਤੋਂ ਅਤੇ ਖੇਤ ਮਸ਼ੀਨਰੀ ਵਿਕਸਿਤ ਕਰਨ ਤੇ ਰਿਹਾ। ਇਨ੍ਹਾਂ ਦੇ ਨਾਲ-ਨਾਲ ਫ਼ਸਲਾਂ ਦੀ ਕਟਾਈ ਉਪਰੰਤ ਸਾਂਭ-ਸੰਭਾਲ ਅਤੇ ਪ੍ਰੋਸੈਸਿੰਗ ਤਕਨੀਕਾਂ ਨੂੰ ਵਿਕਸਿਤ ਕਰਨਾ, ਗੁਣਵਤਾ ਵਧਾਉਣ, ਸਹਾਇਕ ਧੰਦਿਆਂ ਨੂੰ ਅਪਨਾਉਣ, ਮੰਡੀਕਰਨ ਅਤੇ ਵਾਜਬ ਮੁੱਲ ਅਦਾ ਕਰਨ ਵਾਲੀਆਂ ਚੇਨਜ਼ ਦੀ ਖੋਜ ਕਰਨ ਦੇ ਵੀ ਯਤਨ ਕੀਤੇ ਗਏ। ਰਿਪੋਰਟ ਅਧੀਨ ਆਉਂਦੇ ਸਮੇਂ ਦੀਆਂ ਵਿਸ਼ੇਸ਼ ਪ੍ਰਾਪਤੀਆਂ ਦਾ ਵੇਰਵਾ ਇਸ ਪ੍ਰਕਾਰ ਹੈ :

### ਫ਼ਸਲ ਸੁਧਾਰ

ਯੂਨੀਵਰਸਿਟੀ ਵੱਲੋਂ ਪੰਜਾਬ ਵਿੱਚ ਕਾਸ਼ਤ ਕਰਨ ਹਿੱਤ ਵੱਖੋ-ਵੱਖ ਫ਼ਸਲਾਂ ਦੀਆਂ 25 ਕਿਸਮਾਂ (ਖੇਤ ਫ਼ਸਲਾਂ ਦੀਆਂ 13, ਫ਼ਲਾਂ ਦੀਆਂ 4, ਸਬਜ਼ੀਆਂ ਦੀਆਂ 6 ਅਤੇ ਸਜਾਵਟੀ ਬੂਟਿਆਂ ਦੀਆਂ 2) ਵਿਕਸਿਤ/ਸਿਫ਼ਾਰਸ਼ ਕੀਤੀਆਂ ਗਈਆਂ। ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਪੰਜ ਕਿਸਮਾਂ ਰਾਸ਼ਟਰੀ ਪੱਧਰ ਤੇ ਜਾਰੀ ਕੀਤੀਆਂ ਗਈਆਂ।

| | ਫ਼ਸਲਾਂ | ਕਿਸਮਾਂ |
|---|---|---|
| ਖੇਤ ਫ਼ਸਲਾਂ | ਝੋਨਾ | ਪੀ ਆਰ 127 |
| | ਬਾਸਮਤੀ ਚੌਲ | ਪੂਸਾ ਬਾਸਮਤੀ 1637 |
| | ਕਣਕ | ਉੱਨਤ ਪੀ ਬੀ ਡਬਲਯੂ 550 |
| | ਮੱਕੀ | **ਪੀ ਐਮ ਐਚ 12*** |
| | ਦੇਸੀ ਕਪਾਹ | ਐੱਲ ਡੀ 1019 |
| | ਕਮਾਦ | **ਸੀ ਓ ਪੀ ਬੀ 92***<br>ਸੀ ਓ ਪੀ ਬੀ 93 ਅਤੇ<br>ਸੀ ਓ ਪੀ ਬੀ 94 |
| | ਅਰਹਰ | ਏ ਐੱਲ 882 |
| | ਰਾਇਆ | ਗਿਰੀਰਾਜ |
| | ਮੂੰਗਫ਼ਲੀ | ਟੀ ਜੀ 37 ਏ |
| | ਜਵੀ | ਓ ਐੱਲ 11 (ਓ ਐੱਲ 1760*), **ਓ ਐੱਲ** 12 (**ਓ ਐੱਲ** 1802-1*) ਅਤੇ **ਓ ਐੱਲ** 1769* |
| | ਬਰਸੀਮ | ਬੀ ਐੱਲ 43 |
| ਫ਼ਲ | ਅਮਰੂਦ | ਪੰਜਾਬ ਸਫੈਦਾ ਅਤੇ<br>ਪੰਜਾਬ ਕਿਰਨ |
| | ਮਿੱਠਾ ਸੰਗਤਰਾ | ਅਰਲੀ ਗੋਲਡ |
| | ਕਿੰਨੋ ਮੈਂਡਰਿਨ ਲਈ ਨਵੀਂ ਰੂਟਸਟਾਕ | ਕੈਰੀਜ਼ੋ |
| ਸਬਜ਼ੀਆਂ | ਪੇਠਾ | ਪੀਏਯੂ ਮਗਜ਼ ਕੱਦੂ-1 |
| | ਖੀਰਾ | ਪੰਜਾਬ ਖੀਰਾ-1 |
| | ਟਿੰਡਾ | ਪੰਜਾਬ ਟਿੰਡਾ-1 |
| | ਟਮਾਟਰ | ਪੰਜਾਬ ਸਵਰਨਾ |
| | ਆਲੂ | ਕੁਫ਼ਰੀ ਗੰਗਾ |
| | ਬੈਂਗਣ | ਪੰਜਾਬ ਰੌਣਕ |
| ਫੁੱਲ | ਗੁਲਦਾਉਦੀ | ਪੰਜਾਬ ਸ਼ਿੰਗਾਰ ਅਤੇ ਪੰਜਾਬ ਮੋਹਿਨੀ |

* ਰਾਸ਼ਟਰੀ ਪੱਧਰ ਤੇ ਰਿਲੀਜ਼ ਸਿਫ਼ਾਰਸ਼

- ਜੈਨੇਟਿਕ ਸਰੋਤ ਅਧਾਰ ਨੂੰ ਮਜ਼ਬੂਤ ਕਰਨ ਹਿੱਤ 10,663 ਜਰਮਪਲਾਜ਼ਮ ਅਕਸੈਸ਼ਨਜ਼ ਇਕੱਠੇ ਕੀਤੇ ਗਏ। ਵਿਸ਼ੇਸ਼ ਪਹਿਲਕਦਮੀ ਕਰਦਿਆਂ ਗਰਮ ਰੁੱਤ ਦੀ ਫ਼ਸਲ ਵਜੋਂ ਸਮਰਥਾ ਪਰਖਣ ਲਈ ਮਾਈਨਰ ਮਿੱਲਟਜ਼ ਦੇ 5017 ਅਕਸੈਸ਼ਨਜ਼; ਚਿੱਟੀ ਮੱਖੀ, ਨਰਮੇ ਦੇ ਪੱਤਾ ਮਰੋੜ ਵਿਸ਼ਾਣੂੰ ਅਤੇ ਤੇਲੇ ਦਾ ਮੁਕਾਬਲਾ ਕਰਨ ਲਈ ਨਰਮੇ ਦੇ 770 ਅਤੇ ਫਾਈਲੋਡੀ ਦਾ ਮੁਕਾਬਲਾ ਕਰਨ ਅਤੇ ਅਗੇਤਾ ਪੱਕਣ ਤੋਂ ਰੋਕਣ ਲਈ ਤਿਲ

ਦੀਆਂ 2669 ਐਂਟਰੀਜ਼ ਨੂੰ ਪਲਾਂਟ ਜੈਨੇਟਿਕਸ ਰਿਸੋਰਸਿਸ, ਨਵੀਂ ਦਿੱਲੀ ਤੋਂ ਲਿਆਂਦਾ ਗਿਆ। ਨਰਸਰੀ ਉਗਾਉਣ ਅਤੇ ਐਜ਼ਾਡੀਰੈਕਟਿਨ ਮਾਤਰਾ ਪਰਖਣ ਲਈ ਨਿੰਮ ਦੀਆਂ 25 ਜੀਨੋ ਕਿਸਮਾਂ ਵਰਤੀਆਂ ਗਈਆਂ । ਇਨਹਾਊਸ ਜਰਮਪਲਾਜ਼ਮ ਵਿਕਸਿਤ ਕਰਨ ਦੀਆਂ ਪਹਿਲਕਦਮੀਆਂ ਨਾਲ ਅਮਰੀਕਨ ਨਰਮੇ ਦੇ ਨਵੇਂ ਪੌਦੇ ਦੀ ਖੋਜ ਕਰਨ ਵਿੱਚ ਮਦਦ ਮਿਲੀ ਜਿਸ ਨਾਲ ਸੰਘਣੇ ਪੌਦੇ ਲਗਾਉਣ ਅਤੇ ਮਸ਼ੀਨੀ ਗਹਾਈ ਸੰਭਵ ਹੋ ਸਕੀ ।

- ਕਣਕ ਵਿੱਚ ਬਾਇਓਤਕਨਾਲੋਜੀਕਲ ਖੋਜਾਂ ਵਿੱਚ ਐੱਸ ਐੱਸ ਆਰ/ਐੱਸ ਐੱਨ ਪੀ ਮਾਰਕਰ ਜੋ ਕਿ ਐਮ ਏ ਐੱਸ ਲਈ ਢੁੱਕਵੇਂ ਹਨ; ਪੱਤੇ ਦੀ ਕੁੰਗੀ ਅਤੇ ਧਾਰੀਦਾਰ ਕੁੰਗੀ ਦਾ ਮੁਕਾਬਲਾ ਕਰਨ ਵਾਲੇ ਜੀਨਾਂ ਨੂੰ ਕੁਝ ਜੰਗਲੀ ਪ੍ਰਜਾਤੀਆਂ ਤੋਂ ਵਿਕਸਿਤ ਕਰਨ ਲਈ ਢੁੱਕਵੇਂ ਹਨ। ਬਰੀਡਿੰਗ ਨੀਤੀਆਂ ਤਹਿਤ ਕਰਨਾਲ ਬੰਟ ਪ੍ਰਤੀ ਰੋਧਿਕਤਾ ਰੱਖਣ ਵਾਲੀਆਂ ਇੰਟ੍ਰੋਗ੍ਰੈਸ਼ਨ ਲਾਈਨਾਂ ਦੀ ਵਰਤੋਂ; ਸਰਵੋਤਮ ਕਿਸਮਾਂ ਦੀ ਪਿੱਠ ਭੂਮੀ ਵਿੱਚ ਵੱਧ ਭਾਰ ਅਤੇ ਵੱਧ ਪ੍ਰੋਟੀਨ ਵਾਲੇ ਦਾਨਿਆਂ ਦੀਆਂ ਵਿਸ਼ੇਸ਼ਤਾਈਆ ਦੇ ਨਾਲ-ਨਾਲ ਧਾਰੀਦਾਰ ਕੁੰਗੀ ਪ੍ਰਤੀ ਰੋਧਿਕਤਾ ਰੱਖਣ ਵਾਲੇ ਜੀਨਾਂ ਦੀ ਪਿਰਾਮਿਡਿੰਗ, ਅਤੇ ਕਣਕ ਦੀਆਂ ਘੱਟ ਐਕਰੀਲੇਮਾਈਡ ਵਾਲੀਆਂ ਅਤੇ ਲੇਸ ਪ੍ਰਤੀ ਵੱਧ ਰੋਧਿਕਤਾ ਰੱਖਣ ਵਾਲੀਆਂ ਜੀਨੋ ਕਿਸਮਾਂ ਵਿਕਸਿਤ ਕਰਨ ਲਈ ਜੀਨੋਮ ਐਡਿਟਿੰਗ, ਪਹੁੰਚ ਵਿਧੀਆਂ ਅਪਨਾਉਣਾ ਸ਼ਾਮਲ ਹਨ ।
- ਝੋਨੇ ਵਿੱਚ ਪੌਦੇ ਦੇ ਭੂਰੇ ਟਿੱਡੇ, ਜੜ੍ਹ ਗੰਢ ਨੀਮਾਟੋਡ ਅਤੇ ਝੁਲਸ ਰੋਗ ਪ੍ਰਤੀਰੋਧਿਕਤਾ ਰੱਖਣ ਲਈ ਕਿਊ ਟੀ ਐੱਲ ਦੀ ਨਿਸ਼ਾਨਦੇਹੀ ਕਰਨ ਹਿਤ ਜ਼ੀਨਜ਼ ਨੂੰ ਤਬਦੀਲ ਕਰਨ ਲਈ ਬਾਇਓਤਕਨਾਲੋਜੀਕਲ ਪਹਿਲਕਦਮੀਆਂ ਕੀਤੀਆਂ ਗਈਆਂ।
- ਦਾਲਾਂ ਤੇ ਚਲ ਰਹੀ ਬਾਇਓਤਕਨਾਲੋਜੀਕਲ ਖੋਜ ਵਿੱਚ ਵਿਜਨਾ ਮੂੰਗੋ ਅਤੇ ਵੀ.ਰੇਡੀਏਟਾ ਤੋਂ ਐੱਸ ਐੱਸ ਆਰ ਅਤੇ ਐੱਸ ਐੱਨ ਪੀ ਮਾਰਕਰਜ਼ ਵਿਕਸਿਤ ਕਰਨਾ; ਛੋਲਿਆਂ ਦੀ ਉੱਤਮ ਕਿਸਮ ਵਿੱਚ Cry1Ac ਨੂੰ ਗਤੀਸ਼ੀਲ ਕਰਨ ਲਈ ਐਮ ਏ ਐੱਸ ਦੀ ਵਰਤੋਂ ਅਤੇ ਵਿਗਨਾ ਦੀਆਂ 48 ਜੀਨੋ ਕਿਸਮਾਂ ਵਿੱਚ ਇਨ ਸਿਲੀਕੋ ਪੋਲੀਮਾਰਫਿਕ ਮਾਰਕਰਜ਼ ਦੀ ਅਵੈਧਤਾ ਅਤੇ ਛੋਲਿਆਂ ਵਿੱਚ ਐਸਕੋਚਯਟਾ ਝੁਲਸ ਰੋਗ ਪ੍ਰਤੀਰੋਧਿਕਤਾ ਰੱਖਣ ਵਾਲੇ ਜੀਨਜ਼ ਨੂੰ ਤਬਦੀਲ ਕਰਨਾ ਸ਼ਾਮਲ ਹਨ ।
- ਬਰਾਸਿਕਾ ਤੇਲ ਬੀਜਾਂ ਵਿੱਚ ਤੇਲ ਦੀ ਗੁਣਵਤਾ ਵਧਾਉਣ ਅਤੇ ਚਿੱਟੀ ਕੁੰਗੀ ਪ੍ਰਤੀਰੋਧਿਕਤਾ ਰੱਖਣ ਲਈ ਐਮ ਏ ਐਸ ਨੂੰ ਲਗਾਇਆ ਗਿਆ । ਬੀ. ਫਰੂਟੀਕੁਲੋਸਾ ਤੋਂ ਚੇਪੇ ਨੂੰ ਪ੍ਰਤੀਰੋਧਿਕਤਾ ਰੱਖਣ ਵਾਲੇ ਜੀਨਜ਼ ਤਬਦੀਲ ਕੀਤੇ ਗਏ ।
- ਫ਼ਲਾਂ ਦੀਆਂ ਫ਼ਸਲਾਂ ਵਿੱਚ ਕੀਤੀ ਜਾ ਰਹੀ ਬਾਇਓਤਕਨਾਲੋਜੀਕਲ ਖੋਜ ਵਿੱਚ ਅਮਰੂਦ ਦੀ ਪੌਸ਼ਟਿਕਤਾ ਵਧਾਉਣ ਅਤੇ ਪ੍ਰੋਸੈਸਿੰਗ ਕਰਨ ਲਈ ਜਰੂਰੀ ਵਿਸ਼ੇਸ਼ਤਾਈਆਂ ਦੀ ਨਿਸ਼ਾਨਦੇਹੀ ਕਰਨ ਲਈ ਐੱਸ ਐੱਸ ਆਰ ਅਤੇ ਐੱਸ ਐੱਨ ਪੀ ਮਾਰਕਰਾਂ ਨੂੰ ਵਿਕਸਿਤ ਕਰਨਾ ਅਤੇ ਰਫ਼ ਨਿੰਬੂ ਦੇ ਰੂਟ ਸਟਾਕ ਪ੍ਰਤੀ ਸਹਿਣਸ਼ੀਲ ਕਰਾਸਿਸ ਤੋਂ ਵਿਕਸਿਤ ਕੀਤੇ ਫਾਈਟੋਪੈਥੋਰਾ ਪ੍ਰਤੀ ਸਹਿਣਸ਼ੀਲ ਐਫ 1 ਹਾਈਬ੍ਰਿਡਜ਼ ਦੀ ਪਛਾਣ ਕਰਨਾ ਸ਼ਾਮਲ ਹੈ ।
- ਸਬਜ਼ੀਆਂ ਵਿੱਚ ਚਲ ਰਹੀ ਬਾਇਓਤਕਨਾਲੋਜੀਕਲ ਖੋਜ ਦੌਰਾਨ ਖਰਬੂਜੇ ਵਿੱਚ ਨਰ ਜਣਨਸ਼ਕਤੀ ਅਤੇ ਫਿਊਜ਼ੇਰੀਅਮ ਵਿਲਟ (ਮੁਰਝਾਅ) ਪ੍ਰਤੀਰੋਧਿਕਤਾ ਰੱਖਣ ਵਾਲੇ ਜੀਨਜ਼ ਦੀ ਨਿਸ਼ਾਨਦੇਹੀ ਕਰਨ ਲਈ ਐੱਸ ਐੱਸ ਆਰ ਮਾਰਕਰਜ਼ ਨੂੰ ਲਗਾਇਆ ਗਿਆ; ਭਿੰਡੀ ਦੀਆਂ ਜੀਨੋ ਕਿਸਮਾਂ ਵਿੱਚ ਪੀਲੇ ਵੇਨ ਮੋਜ਼ੇਕ ਵਿਸ਼ਾਣੂੰ ਅਤੇ ਟਮਾਟਰਾਂ ਦੀ ਵਰਤੋਂ ਯੋਗ ਮਿਆਦ ਵਧਾਉਣ ਲਈ ਪੈਕਟੇਟ ਲਾਇਏਜ਼ ਜੀਨ ਨੂੰ ਹਟਾਉਣ ਲਈ ਸੀ ਆਰ ਆਈ ਐੱਸ ਪੀ ਆਰ/ਸੀ ਏ ਐੱਸ 9 ਪਹੁੰਚ ਵਿਧੀ ਅਪਨਾਉਣ ਦੀ ਪਹਿਲਕਦਮੀ ਕੀਤੀ ਗਈ ।

## ਫ਼ਸਲ ਉਤਪਾਦਨ ਤਕਨੀਕਾਂ

| ਮਿੱਥੇ ਹੋਏ ਖੇਤਰ | ਸਿਫ਼ਾਰਿਸ਼ ਕੀਤੀਆਂ ਤਕਨੀਕਾਂ/ਪ੍ਰਮੁੱਖ ਪ੍ਰਾਪਤੀਆਂ |
|---|---|
| ਜੈਵਿਕ ਖਾਦਾਂ | - ਰਾਈਜ਼ੋਬੀਅਮ (ਐੱਲ ਯੂ ਆਰ-6 ਸਟ੍ਰੇਨ) ਬਾਇਓਫਰਟਿਲਾਈਜ਼ਰ ਦੀ ਗਰਮ ਰੁੱਤ ਅਤੇ ਸਾਉਣੀ ਦੀ ਉੜਦਬੀਨ ਲਈ ਸਿਫ਼ਾਰਸ਼ ਕੀਤੀ ਗਈ ।<br>- ਝੋਨੇ ਲਈ ਐਜ਼ੋਸਪੀਰੀਲਮ ਕਲਚਰ ।<br>- ਪੋਪਲਰ ਅਤੇ ਸਫ਼ੈਦੇ ਦੀ ਨਰਸਰੀ ਲਈ ਜੈਵਿਕ ਅਤੇ ਰਸਾਇਣਕ ਖਾਦਾਂ ਦੀ ਰਲਵੀ ਵਰਤੋਂ । |
| ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ | - ਝੋਨੇ ਦੀ ਪਰਾਲੀ ਦੀ ਕੰਪੋਸਟ ਦੀ ਮੱਕੀ ਅਤੇ ਅਮਰੂਦ ਵਿੱਚ ਰੂੜੀ (ਐਫ ਵਾਈ ਐੱਮ) ਦੇ ਬਦਲ ਵਜੋਂ ਵਰਤੋਂ ।<br>- ਝੋਨੇ ਦੀ ਪਰਾਲੀ ਨੂੰ ਤਿੰਨ ਸਾਲ ਦੇ ਸਮੇਂ ਲਈ ਭੂਮੀ ਵਿੱਚ ਰਲਾਉਣ ਨਾਲ ਕਣਕ ਦੇ ਝਾੜ ਵਿੱਚ ਵਾਧਾ ਹੁੰਦਾ ਹੈ ਅਤੇ ਭੂਮੀ ਦੀ ਸਿਹਤ ਵਿੱਚ ਵੀ ਸੁਧਾਰ ਆਉਂਦਾ ਹੈ । |
| ਪੌਸ਼ਟਿਕ ਪ੍ਰਬੰਧਨ | - ਨਿੰਮ ਲੁਪਤ ਯੂਰੀਆ ਦੇ ਵਧੇਰੇ ਅਸਰਦਾਇਕ ਹੋਣ ਕਰਕੇ ਝੋਨੇ ਵਿੱਚ ਭੂਮੀ ਪਰਖ ਦੇ ਆਧਾਰ ਤੇ ਯੂਰੀਆ ਦੇ ਛਿੜਕਾਅ ਦੀ ਮਾਤਰਾ (110 ਕਿਲੋ ਤੋਂ 90 ਕਿਲੋ/ਏਕੜ) ਘੱਟ ਰਹੀ ।<br>- ਸਿੱਧੇ ਬਿਜਾਈ ਕੀਤੇ ਝੋਨੇ ਅਤੇ ਬੀ ਟੀ ਨਰਮੇ ਵਿੱਚ ਪੀਏਯੂ ਪੱਤਾ ਰੰਗ ਚਾਰਟ ਦੀ ਵਰਤੋਂ ।<br>- ਸਿੱਧੇ ਬਿਜਾਈ ਕੀਤੇ ਝੋਨੇ ਵਿੱਚ ਭੂਮੀ ਪਰਖ ਦੇ ਅਸਰ ਤੇ ਐੱਨ ਖਾਦ ਦੇ ਛਿੜਕਾਅ ਦੇ ਸਮੇਂ (ਬਿਜਾਈ ਉਪਰੰਤ 4, 6 ਅਤੇ 9 ਹਫ਼ਤਿਆਂ ਤੇ) ਵਿੱਚ ਤਬਦੀਲੀ । |
| ਸਿੰਚਾਈ ਯੁਕਤ ਪਾਣੀ ਦਾ ਪ੍ਰਬੰਧਨ | - ਨਰਮੇ ਨੂੰ ਸਿੰਜਣ ਲਈ ਨਹਿਰੀ ਪਾਣੀ ਅਤੇ ਸੋਡਿਕ ਪਾਣੀ ਦੀ ਚੱਕਰ ਵਿਧੀ ਵਿੱਚ ਵਰਤੋਂ ਅਤੇ ਆਲੂ ਅਤੇ ਭਿੰਡੀ ਸਿੰਜਣ ਲਈ ਮਲਚ ਵਿਛਾ ਕੇ ਇਸ ਪਾਣੀ ਦੀ ਵਰਤੋਂ ।<br>- ਨਰਮੇ ਦੀ ਬਿਜਾਈ ਨੂੰ ਪਛੜਣ ਤੋਂ ਰੋਕਣ ਲਈ ਕਦੀ-ਕਦਾਈਂ ਬਿਜਾਈ ਤੋਂ ਪਹਿਲਾਂ ਸੋਡਿਕ ਪਾਣੀ ਨਾਲ ਖੇਤ ਦੀ ਸਿੰਚਾਈ । |

| | |
|---|---|
| ਜੈਵਿਕ ਖਾਦਾਂ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ, ਪੌਸ਼ਟਿਕਤਾ ਅਤੇ ਸਿੰਚਾਈ ਯੁਕਤ ਪਾਣੀ ਦੀ ਸਾਂਭ-ਸੰਭਾਲ ਦੀਆਂ ਹੋਰ ਤਕਨੀਕਾਂ | - ਬਰਸੀਮ ਦੀ ਵਧੀਆ ਬੀਜ ਸੈਟਿੰਗ ਲਈ ਸੈਲੀਸਾਇਲਿਕ ਐਸਿਡ (7.5%) ਜਾਂ ਪੋਟਾਸ਼ੀਅਮ ਨਾਈਟ੍ਰੇਟ (2%) ਅਤੇ ਅਰਧ ਨਰਮ ਨਾਸ਼ਪਤੀ ਦੇ ਫ਼ਲ ਦਾ ਵਧੇਰੇ ਝਾੜ ਅਤੇ ਆਕਾਰ ਲੈਣ ਲਈ ਪੋਟਾਸ਼ੀਅਮ ਨਾਈਟ੍ਰੇਟ (1.5%) ਦਾ ਪੱਤਿਆਂ ਤੇ ਛਿੜਕਾਅ ।<br>- ਸਿੱਧੀ ਬਿਜਾਈ ਲਈ ਝੋਨੇ ਦੀ ਘੱਟ ਸਮਾਂ ਲੈਣ ਵਾਲੀ ਪਹਿਲਾਂ ਤੋਂ ਜਾਰੀ ਕੀਤੀ ਪੀ ਆਰ 126 ਕਿਸਮ ਦੀ ਸਿਫ਼ਾਰਸ਼ ।<br>- ਝੋਨੇ ਦੀਆਂ ਪੀ ਆਰ 124 ਅਤੇ ਪੀ ਆਰ 126 ਕਿਸਮਾਂ ਦੀ ਬਿਜਾਈ ਲਈ 25-30 ਦਿਨਾਂ ਦੀ ਪਨੀਰੀ ਅਤੇ ਪੀ ਆਰ 121 ਅਤੇ ਪੀ ਆਰ 122 ਕਿਸਮਾਂ ਦੀ ਬਿਜਾਈ ਲਈ 30-35 ਦਿਨਾਂ ਦੀ ਪਨੀਰੀ ਦੀ ਸਿਫ਼ਾਰਸ਼ ਕੀਤੀ ਗਈ ।<br>- ਕੁਰਕੁਮਿਨ ਤੱਤ ਅਤੇ ਰਾਈਜ਼ੋਮ ਦੇ ਤਾਜ਼ੇ ਅਤੇ ਵਧੇਰੇ ਉਤਪਾਦਨ ਲਈ ਹਲਦੀ ਦੀ ਤੁੜਾਈ ਅਗੇਤੀ ਕਰਨ ਦੀ ਬਜਾਏ ਦਸੰਬਰ ਅਖੀਰ ਵਿੱਚ ਕੀਤੀ ਜਾਵੇ ।<br>- ਆਲੂ (65 ਜਾਂ 75 ਸੈਂਟੀਮੀਟਰ) ਅਤੇ ਬੈਂਗਣ, ਸ਼ਿਮਲਾ ਮਿਰਚ, ਬੰਦ ਗੋਭੀ, ਅਰਬੀ, ਹਲਦੀ ਅਤੇ ਸ਼ਕਰਕੰਦੀ (67.5 ਸੈ.ਮੀ.) ਵਿੱਚ ਕਤਾਰਾਂ ਦੀ ਵਿੱਥ ਵਿੱਚ ਤਬਦੀਲੀ ਦੀ ਸਿਫ਼ਾਰਸ਼ ਕੀਤੀ ਗਈ ਤਾਂ ਜੋ ਖੇਤਾਂ ਵਿੱਚ ਟਰੈਕਟਰ ਚੱਲਣ ਵਿੱਚ ਕੋਈ ਰੁਕਾਵਟ ਨਾ ਆਵੇ । |

## ਫ਼ਸਲ ਸੁਰੱਖਿਆ ਤਕਨੀਕਾਂ

ਸਾਡਾ ਟੀਚਾ ਰਸਾਇਣਾਂ ਦੀ ਲੋੜ ਮੁਤਾਬਿਕ ਸੁਚੱਜੀ/ਢੁੱਕਵੀਂ ਵਰਤੋਂ ਅਤੇ ਹੋਰ ਰਲਵੇਂ-ਮਿਲਵੇਂ ਕਾਰਜਾਂ ਰਾਹੀਂ ਬਿਮਾਰੀਆਂ, ਕੀੜਿਆਂ-ਮਕੌੜਿਆਂ ਅਤੇ ਨਦੀਨਾਂ ਦੀ ਰੋਕਥਾਮ ਲਈ ਵਰਤੇ ਜਾਂਦੇ ਰਸਾਇਣਾਂ ਦੇ ਦੁਰਪ੍ਰਭਾਵਾਂ ਅਤੇ ਵਾਤਾਵਰਣਿਕ ਪ੍ਰਦੂਸ਼ਣ ਨੂੰ ਘੱਟ ਕਰਨਾ ਰਿਹਾ।

| **ਫ਼ਸਲ/ਕਣਕ** | **ਸਿਫ਼ਾਰਿਸ਼ ਕੀਤੀ ਤਕਨੀਕ/ਪ੍ਰਮੁੱਖ ਪ੍ਰਾਪਤੀਆਂ** |
|---|---|
| ਕਣਕ | - ਪੀਲੀ ਕੁੰਗੀ ਦੀ ਰੋਕਥਾਮ ਲਈ ਸੰਯੁਕਤ ਪਹੁੰਚ ਵਿਧੀਆਂ ਜਿਵੇਂ ਕਿ ਰੋਗ ਪ੍ਰਤੀ ਸਹਿਣਸ਼ੀਲਤਾ ਰੱਖਣ ਵਾਲੀਆਂ ਕਿਸਮਾਂ, ਪੋਪਲਰ ਦੇ ਪੌਦਿਆਂ ਵਿੱਚ ਕਣਕ ਦੀ ਅਗੇਤੀ ਬਿਜਾਈ ਨਾ ਕਰਨਾ ਅਤੇ ਸਮੇਂ-ਸਮੇਂ ਸਿਰ ਫ਼ਸਲ ਦੀ ਦੇਖਭਾਲ ਕਰਨਾ।<br>- ਚੇਪੇ ਦੀ ਰੋਕਥਾਮ ਲਈ ਤੇਈਓ (ਥੀਆਮੈਥਕੋਸਮ 25 ਡਬਲਯੂ ਜੀ) ਦਾ ਪੱਤਿਆਂ ਤੇ ਛਿੜਕਾਅ ।<br>- ਰਲਵੇਂ-ਮਿਲਵੇਂ ਨਦੀਨਾਂ ਦੀ ਰੋਕਥਾਮ ਲਈ ਨਦੀਨਾਂ ਦੇ ਉੱਗਣ ਉਪਰੰਤ ਮੈਟ੍ਰੀਬਿਉਜ਼ਿਨ ਅਤੇ ਕਲੋਡੀਨਾਫੋਪ ਪ੍ਰੋਪੈਰੀਜ਼ਿਲ ਦਾ ਮਿਸ਼ਰਣ (ਸ਼ਗੁਨ 21-11) ਅਤੇ ਫਲੈਰਿਸ ਮਾਈਨਰ (ਗੁੱਲੀ ਡੰਡਾ) ਦੀ ਰੋਕਥਾਮ ਲਈ ਇਸ ਦੇ ਉੱਗਣ ਤੋਂ ਪਹਿਲਾਂ ਜੈਕਾਈਮਾ (ਪੈਂਡਾਮੈਥਾਲਿਨ 30 ਈ ਸੀ) ਦਾ ਛਿੜਕਾਅ ।<br>- ਚੌੜੇ ਪੱਤਿਆਂ ਵਾਲੇ ਨਦੀਨਾਂ ਦੀ ਰੋਕਥਾਮ ਲਈ ਮੈਕੋਟੋ (ਮੈਟਸੁਲਫੁਰੋਨ ਮਿਥਾਈਲ) 20 ਡਬਲਯੂ ਪੀ ਦਾ ਪੱਤਿਆਂ ਤੇ ਛਿੜਕਾਅ । |
| ਝੋਨਾ | - ਕਣਕ ਦੀ ਬਜਾਏ ਸਰ੍ਹੋਂ ਦੇ ਫ਼ਸਲੀ ਚੱਕਰ ਨਾਲ ਝੁਲਸ ਰੋਗ ਦੀ ਰੋਕਥਾਮ ਵਿੱਚ ਮਦਦ ਮਿਲ ਸਕਦੀ ਹੈ ।<br>- ਪੌਦੇ ਦੇ ਟਿੱਡਿਆਂ ਦੀ ਰੋਕਥਾਮ ਲਈ ਫ਼ਸਲ ਅਤੇ ਭੂਮੀ ਦੇ ਸਿਸਟਮ ਉੱਤੇ ਬਿਨਾਂ ਕਿਸੇ ਰਹਿੰਦ-ਖੂੰਹਦ ਦੇ ਪ੍ਰਭਾਵ ਲਈ ਚੈੱਸ 50 ਡਬਲਯੂ ਜੀ (ਪਾਈਮੈਟ੍ਰੋਜ਼ਾਈਨ) ਦਾ ਛਿੜਕਾਅ।<br>- ਪ੍ਰਚੱਲਿਤ ਸਿਸਟਮ ਨਾਲੋਂ ਸਰਬਪੱਖੀ ਕੀਟ ਪ੍ਰਬੰਧਨ (ਆਈ ਪੀ ਐੱਮ) ਵਾਲੇ ਆਰਗੈਨਿਕ ਖੇਤਾਂ ਵਿੱਚ ਕੁਦਰਤੀ ਦੁਸ਼ਮਣ ਕੀੜਿਆਂ ਦੀ ਗਿਣਤੀ ਵਧੇਰੇ ਦੇਖਣ ਨੂੰ ਮਿਲੀ ।<br>- ਬਾਇਓ ਇੰਨਟੈਂਸਿਵ ਸਰਬਪੱਖੀ ਕੀਟ ਪ੍ਰਬੰਧਨ (ਬੀ ਆਈ ਪੀ ਐੱਮ) ਨਾਲ ਤਣੇ ਦੇ ਗੜੂੰਏ ਵਿੱਚ 60.7% ਕਮੀ ਹੋਈ ।<br>- ਪੰਜਾਬ ਵਿੱਚ ਬੈਕਟੀਰੀਅਲ ਮੁੱਢ ਦਾ ਗਾਲਾ ਜਾਂ ਇਰਵੀਨੀਆ ਗਾਲਾ ਦੀ ਇੱਕ ਉਭਰ ਰਹੀ ਬਿਮਾਰੀ ਵਜੋਂ ਪਛਾਣ ਹੋਈ । |
| ਨਰਮਾ | - ਪੰਜਾਬ ਵਿੱਚ ਨਰਮੇ ਦੀ ਕਾਸ਼ਤ ਵਾਲੇ ਇਲਾਕਿਆਂ ਵਿੱਚ ਚਿੱਟੀ ਮੱਖੀ ਦੇ ਕੁਦਰਤੀ ਦੁਸ਼ਮਣਾਂ ਦੀਆਂ 10 ਪ੍ਰਜਾਤੀਆਂ ਦੀ ਪਛਾਣ ਕੀਤੀ ਗਈ ਜਿਨ੍ਹਾਂ ਵਿੱਚੋਂ ਕ੍ਰਾਈਸੋਪੇਰੀਆ ਜ਼ਿਆਦਾ ਹਮਲਾਵਰ ਹੈ ।<br>- ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਵੱਖੋ-ਵੱਖਰੇ ਖੇਤਰਾਂ ਵਿੱਚ ਚਿੱਟੀ ਮੱਖੀ ਦੀ ਪ੍ਰਜਾਤੀਆਂ ਦੇ ਮੋਲੀਕਿਊਲਰ (ਮਿਤੋਚੋਂਡਰੀਅਲ ਸਾਈਟ੍ਰੋਕ੍ਰੋਮ ਆਕਸੀਡੇਸ-1 ਜੀਨ) ਪਛਾਣ (ਐਸੀਇਲ-1) ਕੀਤੀ ਗਈ ।<br>- ਬੀ ਆਈ ਪੀ ਐੱਮ ਮੋਡਿਊਲ ਨਾਲ ਚਿੱਟੀ ਮੱਖੀ ਦੀ ਗਿਣਤੀ ਵਿੱਚ 38.3% ਦੀ ਕਮੀ ਆਈ ।<br>- ਜੂੰਆਂ ਨੂੰ ਰਸ ਚੂਸਣ ਵਾਲੇ ਕੀੜਿਆਂ ਵਜੋਂ ਅਤੇ ਇਹਨਾਂ ਦੀ ਰੋਕਥਾਮ ਨੂੰ ਪੈਕੇਜ ਆਫ਼ ਪ੍ਰੈਕਟਿਸਿਸ ਵਿੱਚ ਸ਼ਾਮਲ ਕੀਤਾ ਗਿਆ ।<br>- ਤੇਲੇ ਅਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਨਵੇਂ ਸਿਸਟਮਿਕ ਕੀਟਨਾਸ਼ਕ ਓਸ਼ੀਨ 20 ਐਸ ਜੀ (ਡਾਈਨੋਟਫਿਊਰਾਨ) ਦੀ ਸਿਫ਼ਾਰਸ਼ ਕੀਤੀ ਗਈ । |
| ਮੱਕੀ | ਤਣੇ ਦੇ ਗੜੂੰਏਂ ਦੀ ਰੋਕਥਾਮ ਲਈ ਟ੍ਰਾਈਕੋਗਰਾਮਾ ਚਿਲੋਨਿਸ ਦੇ ਦੋ ਛਿੜਕਾਅ ਕਰਨ ਦੀ ਸਿਫ਼ਾਰਸ਼ ਕੀਤੀ ਗਈ । |
| ਫ਼ਲਾਂ ਦੇ ਰੁੱਖ | - ਸਿਉਂਕ ਦੀ ਰੋਕਥਾਮ ਲਈ 24 ਮੋਰੀਆਂ ਵਾਲਾ ਮਿੱਟੀ ਦੇ ਘੜੇ ਵਿੱਚ ਮੱਕੀ ਦੀ ਛੱਲੀ ਦੇ ਟੁੱਕੇ ਪਾ ਕੇ ਜਾਲ ਬਨਾਉਣ ਦੀ ਸਿਫ਼ਾਰਿਸ਼ ਕੀਤੀ ਗਈ । |

| | |
|---|---|
| | – ਨਿੰਬੂ ਜਾਤੀ ਦੇ ਫ਼ਲ ਦੇ ਗਾਲੇ/ਗੁਮੋਸਿਸ ਦੀ ਰੋਕਥਾਮ ਸੋਡੀਅਮ ਹਾਈਪੋਕਲੋਰਾਈਟ (5%) ਦੇ ਛਿੜਕਾਅ ਨਾਲ ਹੋ ਸਕਦੀ ਹੈ ।<br>– ਨਿੰਬੂ ਜਾਤੀ ਦੀ ਨਰਸਰੀ ਵਿੱਚ ਮੁੱਢ ਦੇ ਗਾਲੇ ਦੀ ਰੋਕਥਾਮ ਟ੍ਰਾਈਕੋਦਰਮਾ ਦੇ ਸੱਤ ਨਵੇਂ ਮਿਊਟੈਂਟ ਸਟ੍ਰੇਨਜ਼ ਨਾਲ ਕੀਤੀ ਜਾ ਸਕਦੀ ਹੈ। |
| ਸਬਜ਼ੀਆਂ ਦੀਆਂ ਫ਼ਸਲਾਂ | – ਖੀਰੇ ਵਿੱਚ ਜੜ੍ਹ ਗੰਢ ਨੀਮਾਟੋਡ ਲਈ ਸਰ੍ਹੋਂ ਦੀ ਖਲ, ਨਿੰਮ ਕੇਕ ਅਤੇ ਐਫ ਵਾਈ ਐੱਮ ਦੀ ਰਲਵੀਂ-ਮਿਲਵੀਂ ਵਰਤੋਂ ਅਸਰਦਾਇਕ ਰਹੀ ।<br>– ਟਮਾਟਰ ਵਿੱਚ ਫ਼ਲ ਦੇ ਗੜੂੰਏਂ ਦੀ ਰੋਕਥਾਮ ਕਲੋਰੇਂਟੇਨੀਲੀਪੋਰਸ 18.5 ਐੱਸ ਸੀ ਅਤੇ ਬੈਂਗਣ ਵਿੱਚ ਤਣੇ ਅਤੇ ਫ਼ਲ ਦੇ ਗੜੂੰਏ ਦੀ ਰੋਕਥਾਮ ਈਮੈਮਿਕਟਿਨ ਬੈਂਜ਼ੋਏਟ 5 ਐੱਸ ਜੀ ਅਤੇ ਕਲੋਰੇਂਟਨੀਲੀਪਰੋਲ 18.5 ਐੱਸ ਸੀ ਨਾਲ ਹੋ ਸਕਦੀ ਹੈ ।<br>– ਭਿੰਡੀ ਵਿੱਚ ਤੇਲੇ ਦੀ ਰੋਕਥਾਮ ਲਈ ਇਮੀਡਾਕਲੋਪਰਿਡ 17.8 ਐੱਸ ਐੱਲ ਅਤੇ ਥੀਆਮੈਥੋਕਸਮ 25 ਡਬਲਯੂ ਜੀ ਨਾਲ ਅਤੇ ਗੋਭੀ ਦੀਆਂ ਫ਼ਸਲਾਂ ਦੇ ਡਾਇਆਮੰਡ ਬੈਕ ਕੀੜੇ ਦੀ ਰੋਕਥਾਮ ਈ ਜੀ ਏ ਓ 5 ਐੱਸ ਜੀ ਨਾਲ ਕੀਤੀ ਜਾ ਸਕਦੀ ਹੈ ।<br>– ਮਿਰਚਾਂ ਵਿੱਚ ਫ਼ਲ ਨੂੰ ਖਾਸ ਤੌਰ ਤੇ ਨਮੀਂ/ਗਿੱਲੀਆਂ ਹਾਲਤਾਂ ਵਿੱਚ ਗਲਣ ਤੋਂ ਬਚਾਉਣ ਲਈ ਸਿਸਟਮਿਕ ਉੱਲੀਨਾਸ਼ਕ ਫੋਲੀਕਰ 25 ਈ ਸੀ (ਟੈਬੂਕੋਨਾਜ਼ੋਲ) ਦੀ ਸਿਫ਼ਾਰਸ਼ ਕੀਤੀ ਗਈ ।<br>– ਆਲੂ ਵਿੱਚ ਨਦੀਨਾਂ ਦੀ ਰੋਕਥਾਮ ਲਈ ਇਹਨਾਂ ਦੇ ਉੱਗਣ ਤੋਂ ਪਹਿਲਾਂ ਟੈਨੋਸ਼ੀ 70 ਡਬਲਯੂ ਪੀ (ਮੈਟ੍ਰੀਬਿਊਜ਼ਿਨ) ਦੇ ਛਿੜਕਾਅ ਦੀ ਸਿਫ਼ਾਰਸ਼ ਕੀਤੀ ਗਈ । |
| ਚੂਹਿਆਂ ਅਤੇ ਪੰਛੀਆਂ ਤੋਂ ਬਚਾਓ | -ਹੈਪੀਸੀਡਰ ਨਾਲ ਬੀਜੀ ਕਣਕ ਦੇ ਖੇਤਾਂ ਨੂੰ ਚੂਹਿਆਂ ਦੀ ਮਾਰ ਤੋਂ ਬਚਾਉਣ ਲਈ ਜ਼ਿੰਕ ਫਾਸਫਾਈਡ 2% ਨਾਲ ਖੁੱਡਾਂ ਤੇ ਦੂਹਰੀ ਖੁਰਾਕ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ।<br>– ਸਟੋਰ ਕੀਤੀ ਕਣਕ ਨੂੰ ਚੂਹਿਆਂ ਦੀ ਮਾਰ ਤੋਂ ਬਚਾਉਣ ਲਈ ਮਾਈਕ੍ਰੋ-ਇਨਕੈਪਸੂਲੇਟਿਡ 2.5% ਮਿਥਾਈਲ ਐਂਥਰਾਨੀਲੇਟ ਦੀ ਵਰਤੋਂ ਦੀ ਸਿਫ਼ਾਰਸ਼ ਕੀਤੀ ਗਈ । |
| ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਦਾ ਮੁਲਾਂਕਣ | – ਮਲੇਰਕੋਟਲਾ ਮੋਗਾ ਅਤੇ ਲੁਧਿਆਣਾ ਦੇ ਇਲਾਕਿਆਂ ਵਿੱਚੋਂ ਵੱਖੋ-ਵੱਖ ਭੋਜ ਪਦਾਰਥਾਂ ਦੇ ਇਕੱਠੇ ਕੀਤੇ 960 ਨਮੂਨਿਆਂ ਵਿੱਚੋਂ 106 ਨਮੂਨੇ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨਾਲ ਦੂਸ਼ਿਤ ਪਾਏ ਗਏ ਅਤੇ 27 ਨਮੂਨਿਆਂ ਵਿੱਚ ਇਹ ਰਹਿੰਦ-ਖੂੰਹਦ ਵੱਧੋ-ਵੱਧ ਰਹਿੰਦ-ਖੂੰਹਦ ਪੱਧਰਾ (ਐੱਮ ਆਰ ਐੱਲ'ਜ਼) ਤੋਂ ਵੀ ਵੱਧ ਪਾਈ ਗਈ ।<br>– ਸਬਜ਼ੀ ਦੇ ਨਮੂਨਿਆਂ ਵਿੱਚੋਂ 1.7% ਵਿੱਚ ਇਥੀਆਨ, ਕਲੋਰਪਾਇਰੀਫੋਸ ਅਤੇ ਮੋਨੋਕ੍ਰੋਟੋਫੋਸ ਆਪਣੇ ਕ੍ਰਮਵਾਰ ਐੱਮਆਰਐੱਲ'ਜ਼ ਤੋਂ ਵੱਧ ਪਾਏ ਗਏ । |

## ਬੀਜ ਅਤੇ ਨਰਸਰੀ ਉਤਪਾਦਨ

- ਸਾਲ 2017-18 ਦੌਰਾਨ ਯੂਨੀਵਰਸਿਟੀ ਵੱਲੋਂ ਖੇਤ ਫ਼ਸਲਾਂ ਦਾ 59,137 ਕੁਇੰਟਲ ਬੀਜ ਅਤੇ ਸਬਜ਼ੀਆਂ ਦੀਆਂ ਫ਼ਸਲਾਂ ਦਾ 9,296.1 ਕੁਇੰਟਲ ਬੀਜ ਪੈਦਾ ਕੀਤਾ ਗਿਆ।
- ਫ਼ਲਾਂ ਦੇ ਉੱਚ ਗੁਣਵੱਤਾ ਵਾਲੇ ਲਗਭਗ 4.75 ਲੱਖ ਨਰਸਰੀ ਪੌਦੇ ਕਿਸਾਨਾਂ ਨੂੰ ਮੁਹੱਈਆ ਕਰਨ ਲਈ ਤਿਆਰ ਕੀਤੇ ਗਏ।
- ਵੱਖੋ-ਵੱਖ ਦਰਖਤਾਂ ਜਿਵੇਂ ਕਿ ਪੋਪਲਰ, ਸਫ਼ੈਦਾ, ਡੇਕ, ਟਾਹਲੀ, ਸੋਹਾਂਜਣਾ ਅਤੇ ਨਿੰਮ ਦੇ 1.22 ਲੱਖ ਬੂਟੇ ਕਿਸਾਨਾਂ ਨੂੰ ਮੁਹੱਈਆ ਕੀਤੇ ਗਏ ।

## ਫੂਡ ਸਾਇੰਸ ਤਕਨਾਲੋਜੀ ਅਤੇ ਪ੍ਰੋਸੈਸਿੰਗ

- ਗੰਨੇ ਦੇ ਰਸ ਦੀ ਪ੍ਰੋਸੈਸਿੰਗ ਲਈ ਦੋ ਤਕਨੀਕਾਂ ਦੀ ਸਿਫ਼ਾਰਸ਼ ਕੀਤੀ ਗਈ । ਇੱਕ ਤਕਨੀਕ ਗੰਨੇ ਅਤੇ ਸੇਬ ਦਾ ਸਿਰਕਾ (1:1 ਅਨੁਪਾਤ) ਤਿਆਰ ਕਰਨ ਲਈ ਜਿਸ ਨੂੰ 25L ਸਕੇਲ ਤੇ ਖਮੀਰ ਕੀਤਾ ਗਿਆ ਅਤੇ ਦੂਜੀ ਚੌਲ, ਗੰਨੇ ਦਾ ਰਸ ਅਤੇ ਪਾਣੀ ਨੂੰ 1:4:5 ਦੀ ਅਨੁਪਾਤ ਵਿੱਚ ਖੀਰ ਤਿਆਰ ਕਰਨ ਲਈ ਸਿਫ਼ਾਰਸ਼ ਕੀਤੀ ਗਈ ।
- ਆਲੂ ਦੀਆਂ ਆਮ ਵਰਤੋਂ ਵਾਲੀਆਂ ਕਿਸਮਾਂ ਤੋਂ ਆਲੂ ਭੁਜੀਆ, ਆਲੂ ਚਕਲੀ ਅਤੇ ਆਲੂ ਵੜੀ ਤਿਆਰ ਕਰਨ ਦੀਆਂ ਤਕਨੀਕਾਂ ਦਾ ਮਿਆਰੀਕਰਨ ਕੀਤਾ ਗਿਆ ।
- ਜਾਮਣ ਦਾ ਸਿਰਕਾ ਤਿਆਰ ਕਰਨ ਵਾਲੀ ਤਕਨੀਕ ਨੂੰ 25L ਸਕੇਲ ਤੇ ਸਫ਼ਲਤਾਪੂਰਵਕ ਪਰਖਿਆ ਗਿਆ ।
- ਸ਼ਹਿਦ ਤੋਂ ਬਣਨ ਵਾਲੇ ਉਤਪਾਦਨ ਜਿਵੇਂ ਕਿ ਸ਼ਹਿਦ ਦੇ ਮਲਟੀਗ੍ਰੇਨ ਬਿਸਕੁਟ, ਅਦਰਕ ਨਿੰਬੂ ਦਾ ਡਰਿੰਕ ਅਤੇ ਅਨਾਜ ਦੀ ਹੈਲਥ ਬਾਰ ਵਿਕਸਿਤ ਕੀਤੀ ਗਈ ।

## ਕਟਾਈ ਉਪਰੰਤ ਤਕਨੀਕਾਂ

- ਕਟਾਈ ਉਪਰੰਤ ਕਈ ਤਕਨੀਕਾਂ ਜਿਵੇਂ ਕਿ ਪਿਆਜ ਦੀ ਸਾਂਭ-ਸੰਭਾਲ ਲਈ ਮਕੈਨੀਕਲੀ ਹਵਾਦਾਰ ਢਾਂਚਾ ਜਿਸ ਵਿੱਚ ਤਾਜੇ ਤੋੜੇ ਪਿਆਜ ਨੂੰ NaCl ਨਾਲ ਪਹਿਲਾਂ ਸੋਧ ਕੇ ਸੁਕਾਉਣਾ; 50 ਕਿਲੋ ਸਮਰਥਾ ਵਾਲਾ ਸੂਰਜੀ ਊਰਜਾ ਨਾਲ ਚੱਲਣ ਵਾਲਾ ਹਲਦੀ ਸੁਕਾਵਾ; ਕੁਆਰਗੰਦਲ (ਐਲੋਵੇਰਾ) ਦੀ ਜੈੱਲ ਕੱਢਣ ਵਾਲੀ ਮਸ਼ੀਨ; ਆਲੂਆਂ ਦੀ ਸਸਤੇ ਲਿਫ਼ਾਫ਼ਿਆਂ ਵਿੱਚ ਪੈਕਿੰਗ; ਲੀਚੀ ਅਤੇ ਕਿਨੂੰ ਦੇ ਫ਼ਲ ਦੀ ਡੱਬਾਬੰਦੀ ਲਈ ਝਿਰੀਦਾਰ (ਵੱਟਦਾਰ) ਰੇਸ਼ੇ ਵਾਲੇ ਬਕਸੇ; ਤਾਜ਼ੇ ਬੀਜ ਰਹਿਤ ਖੀਰਿਆਂ, ਪੀਲੀਆਂ ਸ਼ਿਮਲਾ ਮਿਰਚਾਂ ਅਤੇ ਕਾਲੀਆਂ ਗਾਜਰਾਂ ਦੀ ਵਰਤੋਂ ਯੋਗ ਮਿਆਦ ਵਧਾਉਣ ਲਈ ਐੱਲ ਡੀ ਪੀ ਈ ਫਿਲਮਾਂ ਨਾਲ ਪੈਕਿੰਗ ਅਤੇ ਗੋਮਫਰੀਨਾ ਫੁੱਲ, ਗੋਲਡਨਰਾਡ (ਸਾਲਿਡੇਗੋ) ਦੇ ਪੁਸ਼ਪ-ਗੁੱਛੇ ਅਤੇ ਗੋਲਡਨ ਰੇਨ ਦਰਖਤ ਦੀ ਫੁੱਲ ਡੰਡੀ ਨੂੰ ਸੁਕਾਉਣਾ, ਵਿਕਸਿਤ ਕੀਤੀਆਂ ਗਈਆਂ ।

## ਮਧੂ ਮੱਖੀ ਪਾਲਣ ਅਤੇ ਖੁੰਬ ਉਤਪਾਦਨ

- ਏਪਿਸ ਮੈਲੀਫੇਰਾ ਵੱਲੋਂ ਅਫਰੀਕਨ ਸਰ੍ਹੋਂ (ਬਰਾਸਿਕਾ ਕੈਰੀਨੇਟਾ) ਦਾ ਪਰ-ਪਰਾਗਣ 80-95 ਪ੍ਰਤੀਸ਼ਤ ਬੀਜ ਨੂੰ ਸੈੱਟ ਕਰਨ ਲਈ ਜ਼ਿੰਮੇਵਾਰ ਮੰਨਿਆ ਗਿਆ ਜਿਸਦਾ ਅੰਦਾਜ਼ਾ ਅਲੱਗ ਅਲੱਗ ਕੀਤੇ ਨੈੱਟ ਚੈਂਬਰਜ਼ ਵਿਚਲੇ ਉਤਪਾਦਨ ਤੋਂ ਲੱਗਾ ।
- ਖੁੰਭਾਂ ਤੇ ਕੀਤੀ ਜਾ ਰਹੀ ਖੋਜ ਵਿੱਚ ਸੱਤ ਜੰਗਲੀ ਖੁੰਭਾਂ ਦੇ ਅਕਸੈਸ਼ਨ ਇਕੱਠੇ ਕਰਨਾ; ਪਲਿਊਰੋਟਸ ਐਰਿੰਜੀ ਜੋ ਕਿ

ਖੁਸ਼ਬੂਦਾਰ ਗੁੱਦੇ ਵਾਲੀ ਖੁੰਭ ਹੈ, ਦੀ ਕਾਸ਼ਤ ਨੂੰ ਪੰਜਾਬ ਦੀਆਂ ਵਾਤਾਵਰਣਕ ਸਥਿਤੀਆਂ ਅਧੀਨ ਸਥਾਨਕ ਖੇਤੀ ਰਹਿੰਦ-ਖੂੰਹਦ ਵਰਤਦਿਆਂ ਮਿਆਰੀਕਰਨ ਕਰਨ; ਅਗੈਰੀਕਸ ਬਾਈਸਪੋਰਸ ਦੀ ਕਾਸ਼ਤ ਲਈ ਕੰਪੋਸਟ ਤਿਆਰ ਕਰਨ ਦਾ ਸੰਖੇਪ ਢੰਗ ਅਤੇ ਕੰਪੋਸਟ ਵਿੱਚ ਨਿੰਮ ਪਾਊਡਰ (0.5%) ਰਲਾਉਣਾ, ਬਟਨ ਖੁੰਭ ਦੇ ਝਾੜ ਵਿੱਚ ਵਾਧਾ (30%) ਕਰਨ ਲਈ ਅਜ਼ੋਟੋਬੈਕਟਰ ਦੀ ਵਰਤੋਂ ਅਤੇ ਪਹਿਲੀ ਅਤੇ ਦੂਜੀ ਤੁੜਾਈ ਦੇ ਸਮੇਂ ਇੰਡੋਲ-3-ਐਸਿਟਿਕ ਐਸਿਡ ਦਾ ਛਿੜਕਾਅ ਕਰਨਾ ਸ਼ਾਮਲ ਹੈ ।

## ਖੇਤ ਮਸ਼ੀਨਰੀ

ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਖੇਤ ਇੰਜੀਨੀਅਰਾਂ ਵੱਲੋਂ ਕਈ ਮਸ਼ੀਨਾਂ ਵਿਕਸਿਤ ਕੀਤੀਆਂ, ਨਵਿਆਈਆਂ ਅਤੇ ਪਰਖੀਆਂ ਗਈਆਂ ।

- ਨਵੀਂ ਵਿਕਸਿਤ ਕੀਤੀ ਖੇਤੀ ਮਸ਼ੀਨਰੀ ਵਿੱਚ ਬਾਗਾਂ ਅਤੇ ਵਣ-ਖੇਤੀ ਵਿੱਚ ਮੁਢਲੀ ਵਹਾਈ ਅਤੇ ਇੰਟਰਕਲਚਰ ਕਾਰਜਾਂ ਲਈ ਹਾਈਡ੍ਰੋਲਿਕ ਪਾਵਰ ਸਾਈਡ ਸ਼ਿਫਟ ਆਫਸੈੱਟ ਰੋਟਾਵੇਟਰ, ਚੌੜੀਆਂ ਕਤਾਰਾਂ ਵਾਲੀਆਂ ਫ਼ਸਲਾਂ ਖਾਸ ਤੌਰ ਤੇ ਕਮਾਦ ਲਈ ਟਰੈਕਟਰ ਨਾਲ ਚੱਲਣ ਵਾਲਾ ਰੋਟਰੀ ਵੀਡਰ; ਕਣਕ ਦੀ ਨਾੜ ਇਕੱਠਾ ਕਰਨ ਲਈ ਟਰੈਕਟਰ ਨਾਲ ਚੱਲਣ ਵਾਲੀ ਮਸ਼ੀਨ; ਦੋ ਕਤਾਰੀ ਅਰਧ ਸਵੈ-ਚਾਲਕ ਨੁਮਾ ਵੈਜੀਟੇਬਲ ਪਲਾਂਟਰ ਅਤੇ ਹੱਥ ਨਾਲ ਚੱਲਣ ਵਾਲਾ ਗਲੈਡੀਓਲਸ ਪਲਾਂਟਰ ਸ਼ਾਮਲ ਹਨ।
- ਚਾਰੇ ਵਾਲੀ ਜਵੀਂ ਦੀ ਬਿਜਾਈ ਲਈ ਪੀਏਯੂ ਹੈਪੀ ਸੀਡਰ ਦੀ ਸਿਫ਼ਾਰਸ਼ ਕੀਤੀ ਗਈ।
- ਉਚੇਰੀ ਫੀਡ ਦਰ ਹਾਸਲ ਕਰਨ ਲਈ ਐਕਸੀਅਲ ਫਲੋਅ ਪੈਡੀ ਥਰੈਸ਼ਰ ਵਿੱਚ ਪੀਏਯੂ ਮਲਟੀਪਰਪਜ਼ ਹਾਈ ਕਲੀਅਰੈਂਸ ਸਪਰੇਅਰ ਵਿੱਚ ਸੋਧਾਂ ਕੀਤੀਆਂ ਗਈਆਂ ਤਾਂ ਜੋ ਇਸ ਨੂੰ ਆਪੇ-ਘੁੰਮਣ ਵਾਲੇ ਹਾਈ ਕਲੀਅਰੈਂਸ ਸਪਰੇਅਰ ਜਿਸ ਨਾਲ ਘੱਟ ਚੌੜੇ ਟਾਇਰਾਂ ਵਾਲੀ ਚਾਰ-ਪਹੀਆ ਡਰਾਈਵ ਕੀਤੀ ਜਾ ਸਕੇ, ਬਣਾਇਆ ਗਿਆ ।

## ਬਾਇਓਮਾਸ ਅਧਾਰਿਤ ਊਰਜਾ ਅਤੇ ਧਰਤੀ ਹੇਠਲਾ ਪਾਣੀ ਰੀਚਾਰਜ ਕਰਨਾ

- ਊਰਜਾ ਦੀ ਸਾਂਭ-ਸੰਭਾਲ ਹਿਤ ਕੀਤੀਆਂ ਖੋਜ ਪਹਿਲਕਦਮੀਆਂ ਵਿੱਚ ਪੋਲਟਰੀ ਦੀਆਂ ਵਿੱਠਾਂ ਤੋਂ ਬਣਾਏ ਜੈਵਿਕ ਘੋਲ ਤੋਂ ਪ੍ਰੋਟੀਏਜ਼ ਐਨਜ਼ਾਈਮ, ਜਿਸ ਦੀ ਵੱਡੇ ਪੱਧਰ ਤੇ ਉਦਯੋਗਿਕ ਵਰਤੋਂ ਹੋ ਸਕਦੀ ਹੈ, ਦਾ ਉਤਪਾਦਨ ਅਤੇ ਮਿਸ਼ਰਤ ਬਾਇਓਮਾਸ ਬਰਿਕਿਟਸ ਲਈ ਬਿਨਾਂ ਰਾਖ ਦੇ ਮਿਆਰੀਕਰਨ ਸ਼ਾਮਲ ਹੈ।
- ਵਿਰਾਨ ਪਏ ਖੂਹਾਂ ਰਾਹੀਂ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਲਈ ਵਰਤਣਾ ਜਿਸ ਦੇ ਤਹਿਤ ਨਹਿਰਾਂ ਵਿਚਲਾ ਪਾਣੀ ਜੋ ਬਰਸਾਤਾਂ ਦੌਰਾਨ ਜਮ੍ਹਾ ਹੋਇਆ ਹੋਵੇ ਜਾਂ ਆਫ਼ ਸੀਜ਼ਨ ਅਤੇ ਖੇਤੀ ਦੇ ਰੋੜ੍ਹ ਰਾਹੀਂ ਇਕੱਠਾ ਹੋਇਆ ਹੋਵੇ, ਦੀ ਸਿਫ਼ਾਰਸ਼ ਕੀਤੀ ਗਈ ।

## ਐਪਰਿਲਜ਼ ਅਤੇ ਟੈਕਸਟਾਇਲਜ਼

- ਐਪਰਿਲਜ਼ ਅਤੇ ਟੈਕਸਟਾਈਲਜ਼ ਦੇ ਖੇਤਰ ਵਿੱਚ ਕੀਤੀ ਖੋਜ ਵਿੱਚ ਹਿਮਾਲਿਅਨ ਨਿਟਲ (ਗਿਰਾਰਦੀਨੀਆ ਡਾਇਵਰਸੀਫੋਲੀਆ ਤੋਂ ਹਾਸਲ ਕੀਤਾ ਫਾਈਬਰ ਜਿਸ ਦੀ ਵਰਤੋਂ ਕੁਸ਼ਨ ਕਵਰ, ਜੈਕਟਾਂ ਅਤੇ ਟੇਬਲ ਰਨਰਜ਼ ਬਣਾਉਣ ਲਈ ਕੀਤੀ ਜਾਂਦੀ ਹੈ, ਸ਼ਾਮਲ ਹਨ। ਪੇਟ ਦੇ ਉਪਰਲੇ ਹਿੱਸੇ ਦੀ ਦਰਦ ਨੂੰ ਅਰਾਮ ਦੇਣ ਵਾਲੀਆਂ ਰੀਚਾਰਜ ਹੋਣ ਯੋਗ ਥਰਮੋ ਜੈਕਟਾਂ ਡਿਜ਼ਾਈਨ ਕੀਤੀਆਂ ਗਈਆਂ।

## ਤਕਨੀਕਾਂ ਦਾ ਵਪਾਰੀਕਰਨ

- ਯੂਨੀਵਰਸਿਟੀ ਨੇ 136 ਉੱਦਮੀਆਂ ਨੂੰ 15 ਤਕਨੀਕਾਂ ਦਾ ਵਪਾਰੀਕਰਨ ਕਰਨ ਦੇ ਗੈਰ ਰਾਖਵੇਂ ਅਧਿਕਾਰ ਦਿੱਤੇ ਜਿਨ੍ਹਾਂ ਵਿੱਚ ਹਾਈਬ੍ਰਿਡ ਬੀਜ ਉਤਪਾਦਨ (8); ਫ਼ਸਲਾਂ ਦੀ ਰਹਿੰਦ-ਖੂੰਹਦ ਲਈ ਖੇਤ ਮਸ਼ੀਨਰੀ (120); ਪ੍ਰੋਸੈਸਿੰਗ ਤਕਨੀਕਾਂ (6); ਨਾਈਟ੍ਰੋਜਨ ਖਾਦ ਦਾ ਪ੍ਰਬੰਧਣ (1) ਅਤੇ ਪੀਣ ਵਾਲੇ ਪਾਣੀ ਦੀ ਪਰਖ (1) ਸ਼ਾਮਲ ਹਨ ।

## ਸਿੱਖਿਆ ਅਤੇ ਮਾਨਵ ਸਰੋਤ ਵਿਕਾਸ

- ਸਾਲ 2017-18 ਦੌਰਾਨ ਯੂਨੀਵਰਸਿਟੀ ਵੱਲੋਂ 9 ਅੰਡਰਗ੍ਰੈਜੂਏਟ, 44 ਮਾਸਟਰਜ਼, 29 ਡਾਕਟਰੇਟ ਅਤੇ 2 ਡਿਪਲੋਮਾ ਪ੍ਰੋਗਰਾਮਾਂ ਵਿੱਚ ਸਿੱਖਿਆ ਮੁਹੱਈਆ ਕੀਤੀ ਗਈ । ਸਾਲ 2017-18 ਦੇ ਅਕਾਦਮਿਕ ਸੈਸ਼ਨ ਦੌਰਾਨ ਕੁੱਲ 3654 ਵਿਦਿਆਰਥੀਆਂ ਨੇ ਦਾਖਲਾ ਲਿਆ । ਯੂਨੀਵਰਸਿਟੀ ਦੇ ਵੱਖੋ-ਵੱਖ ਅਕਾਦਮਿਕ ਪ੍ਰੋਗਰਾਮਾਂ ਵਿੱਚ 34 ਅੰਤਰਰਾਸ਼ਟਰੀ ਵਿਦਿਆਰਥੀ ਸਿੱਖਿਆ ਹਾਸਲ ਕਰ ਰਹੇ ਹਨ । ਵੱਖੋ-ਵੱਖ ਅੰਡਰਗ੍ਰੈਜੂਏਟ ਅਤੇ ਪੋਸਟਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਦਾਖਲਾ ਪ੍ਰਵੇਸ਼ ਪ੍ਰੀਖਿਆਵਾਂ ਰਾਹੀਂ ਕੀਤਾ ਗਿਆ । ਵੱਖੋ-ਵੱਖ ਪ੍ਰੋਗਰਾਮਾਂ ਦੇ ਲਗਭਗ 1050 ਵਿਦਿਆਰਥੀਆਂ ਨੂੰ ਵਜ਼ੀਫੇ ਅਤੇ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ।
- ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੀ 15 ਦਸੰਬਰ 2017 ਨੂੰ ਹੋਈ ਸਲਾਨਾ ਕਨਵੋਕੇਸ਼ਨ ਮੌਕੇ 61 ਵਿਦਿਆਰਥੀਆਂ ਨੂੰ ਪੀ ਐੱਚ ਡੀ ਦੀ ਡਿਗਰੀ ਅਤੇ 397 ਮਾਸਟਰਜ਼ (ਐੱਮ ਐੱਸ ਸੀ, ਐੱਮ ਟੈੱਕ, ਐਮ ਸੀ ਏ, ਐਮ ਬੀ ਏ, ਐਮ ਬੀ ਏ (ਐਗਰੀ ਬਿਜਨੈੱਸ) ਅਤੇ ਐਮ ਜੇ ਐਮ ਸੀ) ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ । ਇਸ ਤੋਂ ਇਲਾਵਾ 117 ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਅਤੇ ਮੈਡਲ ਪ੍ਰਦਾਨ ਕੀਤੇ ਗਏ ।
- ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ 45 ਵਿਦਿਆਰਥੀਆਂ ਨੇ ਯੂ ਜੀ ਸੀ/ਆਈ ਸੀ ਏ ਆਰ/ਸੀ ਐੱਸ ਆਈ ਆਰ/ਨੈੱਟ ਪ੍ਰੀਖਿਆਵਾਂ ਪਾਸ ਕੀਤੀਆਂ ।
- 17 ਵਿਦਿਆਰਥੀਆਂ ਨੇ ਖੋਜ ਵਿੱਚ ਅੰਤਰਰਾਸ਼ਟਰੀ ਸਹਿਯੋਗ ਲਈ ਸਫ਼ਲਤਾ ਹਾਸਲ ਕੀਤੀ; ਵੱਕਾਰੀ ਫੈਲੋਸ਼ਿਪਜ਼ ਅਤੇ ਮੈਡਲ ਹਾਸਲ ਕੀਤੇ ਅਤੇ ਸਰਵੋਤਮ ਪੋਸਟਰ/ਪ੍ਰਸਤੁਤੀਕਰਨ ਸਨਮਾਨ ਹਾਸਲ ਕੀਤੇ ।
- ਸਪੋਰਟਸ ਵਿੱਚ ਪੀਏਯੂ ਨੂੰ ਯੂਨੀਵਰਸਿਟੀ ਆਫ਼ ਐਗਰੀਕਲਚਰਲ ਸਾਇੰਸਜ਼, ਬੰਗਲੌਰ ਵਿਖੇ 30 ਜਨਵਰੀ ਤੋਂ 3 ਫ਼ਰਵਰੀ 2018 ਦੌਰਾਨ ਹੋਈ XVIII ਸਰਵ ਭਾਰਤੀ ਅੰਤਰ-ਐਗਰੀਕਲਚਰਲ ਯੂਨੀਵਰਸਿਟੀ ਸਪੋਰਟਸ ਅਤੇ ਗੇਮਜ਼ ਮੀਟ ਮੌਕੇ ਟੀਮ ਗੇਮਜ਼ (ਲੜਕੇ) ਵਿਚ ਰਨਰਜ਼ ਅੱਪ ਐਲਾਨਿਆ ਗਿਆ । ਯੂਨੀਵਰਸਿਟੀ ਨੇ ਟੀਮ ਗੇਮਜ਼ (ਲੜਕੇ ਅਤੇ ਲੜਕੀਆਂ) ਵਿੱਚ ਇੱਕ ਸੋਨ ਤਗਮਾ ਅਤੇ ਇੱਕ ਚਾਂਦੀ ਦਾ ਤਗਮਾ ਜਿੱਤਿਆ ।

ਇਸ ਤੋਂ ਇਲਾਵਾ ਪੀਏਯੂ ਸਪੋਰਟਸ ਅਤੇ ਯੁਵਕ ਗਤੀਵਿਧੀਆਂ ਕੌਂਸਲ ਵੱਲੋਂ ਸੈਸ਼ਨ 2016-17 ਦੌਰਾਨ ਸਪੋਰਟਸ, ਗੇਮਜ਼, ਸਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਵਿੱਚ ਸਰਵੋਤਮਤਾ ਦਿਖਾਉਣ ਵਾਲੇ ਹੋਣਹਾਰ ਖਿਡਾਰੀਆਂ/ਕਲਾਕਾਰਾਂ ਨੂੰ 46 ਮੈਰਿਟ ਸਰਟੀਫਿਕੇਟ, 15 ਯੂਨੀਵਰਸਿਟੀ ਕਲਰ ਅਤੇ 6 ਰੋਲ ਆਫ਼ ਆਨਰ ਪ੍ਰਦਾਨ ਕੀਤੇ ਗਏ ।

- ਸਭਿਆਚਾਰਕ ਗਤੀਵਿਧੀਆਂ ਵਿੱਚ ਪੀਏਯੂ ਨੇ ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਵੱਲੋਂ ਸ੍ਰੀ ਵੈਂਕੇਟਿਸਵਰਾ ਵੈਟਰਨਰੀ ਯੂਨੀਵਰਸਿਟੀ ਤ੍ਰਿਪੁਤੀ, ਆਂਧਰਾ ਪ੍ਰਦੇਸ਼ ਵਿਖੇ ਕਰਵਾਏ "18ਵੇਂ ਸਰਵ ਭਾਰਤੀ ਅੰਤਰ-ਐਗਰੀਕਲਚਰਲ ਯੂਨੀਵਰਸਿਟੀਜ਼ ਯੁਵਕ ਮੇਲੇ" ਦੌਰਾਨ ਸਮੂਹ ਗਾਇਨ (ਭਾਰਤੀ) ਵਿੱਚ ਸੋਨ ਤਗਮਾ, ਪੋਸਟਰ ਬਣਾਉਣ ਅਤੇ ਲਾਈਟ ਵੋਕਲ ਵਿੱਚ ਕਾਂਸੇ ਦਾ ਤਗਮਾ ਅਤੇ ਮਾਈਮ ਅਤੇ ਕਾਰਟੂਨਿੰਗ ਵਿੱਚ ਚੌਥਾ ਸਥਾਨ ਹਾਸਲ ਕੀਤਾ। ਪੀਏਯੂ ਦੇ ਵਿਦਿਆਰਥੀਆਂ ਨੇ ਐਸੋਸੀਏਸ਼ਨ ਆਫ਼ ਇੰਡੀਅਨ ਯੂਨੀਵਰਸਿਟੀਜ਼, ਨਵੀਂ ਦਿੱਲੀ ਵੱਲੋਂ ਮਹਾਂਰਿਸ਼ੀ ਮਾਰਕੰਡੇਸ਼ਵਰ ਯੂਨੀਵਰਸਿਟੀ, ਮੌਲਾਨਾ, ਅੰਬਾਲਾ, ਹਰਿਆਣਾ ਵਿਖੇ 12-16 ਜਨਵਰੀ 2018 ਦੌਰਾਨ ਕਰਵਾਏ "33ਵੇਂ ਨਾਰਥ ਜ਼ੋਨ ਇੰਟਰ-ਯੂਨੀਵਰਸਿਟੀ ਯੁਵਕ ਮੇਲਾ 2017-18" ਮੌਕੇ ਬਹਿਸ (ਵਿਚਾਰ-ਵਟਾਂਦਰਾ) ਅਤੇ ਸਕਿੱਟ ਮੁਕਾਬਲਿਆਂ ਵਿੱਚ ਪ੍ਰੋਤਸਾਹਨ ਇਨਾਮ ਹਾਸਲ ਕੀਤੇ।

## ਪਸਾਰ

- ਯੂਨੀਵਰਸਿਟੀ ਵੱਲੋਂ ਅਨੇਕਾਂ ਪਸਾਰ ਵਿਧੀਆਂ ਰਾਹੀਂ ਕਿਸਾਨਾਂ ਤੱਕ ਨਵੀਆਂ ਤਕਨੀਕਾਂ ਪਹੁੰਚਾਉਣ ਦਾ ਕਾਰਜ ਕੀਤਾ ਜਾਂਦਾ ਹੈ। ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਯੂਨੀਵਰਸਿਟੀ ਵੱਲੋਂ ਸਤੰਬਰ 2017 ਅਤੇ ਮਾਰਚ 2018 ਦੌਰਾਨ 14 ਕਿਸਾਨ ਮੇਲੇ ਲਗਾਏ ਗਏ । ਇਨ੍ਹਾਂ ਮੇਲਿਆਂ ਵਿੱਚ ਪੰਜਾਬ ਅਤੇ ਗੁਆਂਢੀ ਸੂਬਿਆਂ ਜਿਵੇਂ ਕਿ ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਅਤੇ ਕਸ਼ਮੀਰ ਅਤੇ ਰਾਜਸਥਾਨ ਤੋਂ ਵੱਡੀ ਗਿਣਤੀ ਕਿਸਾਨਾਂ, ਕਿਸਾਨ ਬੀਬੀਆਂ ਅਤੇ ਖੇਤੀ ਨਾਲ ਜੁੜੇ ਲੋਕਾਂ ਨੇ ਸ਼ਿਰਕਤ ਕੀਤੀ । ਉਨ੍ਹਾਂ ਨੇ ਇਨ੍ਹਾਂ ਮੇਲਿਆਂ ਵਿੱਚ ਮਾਹਿਰਾਂ ਤੋਂ ਖੇਤੀ ਸੰਬੰਧਿਤ ਸਮੱਸਿਆਵਾਂ ਦੇ ਹੱਲ ਸੁਝਾਏ, ਸੁਧਰੇ ਬੀਜ ਅਤੇ ਖੇਤੀ ਸਾਹਿਤ ਦੀ ਖਰੀਦੋ ਫਰੋਖਤ ਕੀਤੀ ਅਤੇ ਫ਼ਸਲੀ ਮੁਕਾਬਲਿਆਂ ਵਿੱਚ ਹਿੱਸਾ ਲਿਆ ।
- ਪੀਏਯੂ ਕੈਂਪਸ ਲੁਧਿਆਣਾ ਵਿਖੇ ਲਗਾਏ ਕਿਸਾਨ ਮੇਲਿਆਂ ਦੌਰਾਨ ਖੇਤੀਬਾੜੀ, ਬਾਗਬਾਨੀ ਅਤੇ ਸਹਾਇਕ ਧੰਦਿਆਂ ਵਿੱਚ ਉੱਘਾ ਯੋਗਦਾਨ ਪਾਉਣ ਵਾਲੇ 9 ਅਗਾਂਹ ਵਧੂ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ ।
- ਯੂਨੀਵਰਸਿਟੀ ਵੱਲੋਂ ਕਿਸਾਨਾਂ ਦੀ ਭਲਾਈ ਲਈ 300 ਖੇਤ ਦਿਵਸ ਮਨਾਏ ਗਏ; 542 ਅਨੁਕੂਲਨਸ਼ੀਲ ਤਜ਼ਰਬੇ; 139 ਆਨ-ਫਾਰਮ ਤਜ਼ਰਬੇ; 3156 ਕਲਸਟਰ ਫਰੰਟ ਲਾਈਨ ਪ੍ਰਦਰਸ਼ਨੀਆਂ; 2191 ਵਿਧੀਵਤ ਪ੍ਰਦਰਸ਼ਨੀਆਂ; 1469 ਸਿਖਲਾਈ ਪ੍ਰੋਗਰਾਮ (1047 ਥੋੜ੍ਹੇ ਸਮੇਂ ਵਾਲੀਆਂ, 267 ਵੋਕੇਸ਼ਨਲ, 120 ਇਨ-ਸਰਵਿਸ ਅਤੇ 35 ਵਿਤੀ ਸਹਾਇਤਾ ਪ੍ਰਾਪਤ); 803 ਨੁਮਾਇਸ਼ਾਂ ਅਤੇ 4 ਖੋਜ ਅਤੇ ਪਸਾਰ ਮਾਹਿਰਾਂ ਦੀਆਂ ਕਾਰਜਸ਼ਾਲਾਵਾਂ ਲਗਾਈਆ ਗਈਆਂ।
- ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸਾਂਭ-ਸੰਭਾਲ, ਨਰਮੇ ਵਿੱਚ ਚਿੱਟੀ ਮੱਖੀ ਦੀ ਰੋਕਥਾਮ, ਕਣਕ ਵਿੱਚ ਪੀਲੀ ਕੁੰਗੀ ਦੀ ਰੋਕਥਾਮ, ਸਿਫ਼ਾਰਸ਼ ਕਿਸਮਾਂ ਨੂੰ ਬੀਜਣ, ਗਾਜਰ ਬੂਟੀ ਦਾ ਖਾਤਮਾ ਅਤੇ ਜੈਵਿਕ ਖਾਦਾਂ ਅਤੇ ਬਾਇਓਏਜੰਟਸ ਨੂੰ ਅਪਨਾਉਣ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਗਈਆਂ। ਇਨ੍ਹਾਂ ਮੁਹਿੰਮਾਂ ਸਦਕਾ ਪੰਜਾਬ ਦੇ ਵੱਖੋ-ਵੱਖ ਜ਼ਿਲ੍ਹਿਆਂ ਦੇ 36 ਪਿੰਡਾਂ ਨੂੰ ਰਹਿੰਦ-ਖੂੰਹਦ ਸਾੜਨ ਤੋਂ ਮੁਕਤ ਅਤੇ 47 ਪਿੰਡਾਂ ਨੂੰ ਗਾਜਰ ਬੂਟੀ ਤੋਂ ਮੁਕਤ ਕਰਵਾਇਆ ਗਿਆ। ਪਸਾਰ ਗਤੀਵਿਧੀਆਂ ਰਾਹੀਂ ਝੋਨੇ ਅਤੇ ਕਣਕ ਦੀਆਂ ਸੋਧੀਆਂ ਕਿਸਮਾਂ ਅਧੀਨ ਰਕਬਾ ਕ੍ਰਮਵਾਰ 68.7 ਅਤੇ 96.9 ਪ੍ਰਤੀਸ਼ਤ ਹੋਇਆ; ਨਰਮੇ ਵਿੱਚ ਕੀਟਨਾਸ਼ਕਾਂ ਅਤੇ ਰੋਗਾਂ ਦੀ ਰੋਕਥਾਮ ਕਰਨ ਵਾਲੇ ਰਸਾਇਣਾਂ ਦੀ ਵਰਤੋਂ ਵਿੱਚ ਕਮੀ ਆਈ ਅਤੇ ਕਣਕ ਵਿੱਚ ਜੈਵਿਕ ਖਾਦਾਂ ਦੀ ਵਰਤੋਂ ਅਧੀਨ ਰਕਬਾ 52,000 ਏਕੜ (2016-17) ਤੋਂ 56,000 ਏਕੜ (2017-18) ਵਧਿਆ।
- ਕਿਸਾਨਾਂ ਤੱਕ ਅਤਿ ਆਧੁਨਿਕ ਤਕਨੀਕਾਂ ਪਹੁੰਚਾਉਣ ਲਈ ਖੇਤੀ ਸੰਦੇਸ਼ (ਡਿਜ਼ੀਟਲ ਅਖਬਾਰ) ਸ਼ੁਰੂ ਕੀਤਾ ਗਿਆ । ਇਸ ਅਖਬਾਰ ਨੂੰ 5 ਲੱਖ ਤੋਂ ਵੱਧ ਕਿਸਾਨ ਵਟਸਐੱਪ ਰਾਹੀਂ ਹਾਸਲ ਕਰ ਰਹੇ ਹਨ । ਇਸ ਤੋਂ ਇਲਾਵਾ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਖੇਤੀ ਸਲਾਹਕਾਰੀ ਸੇਵਾ ਕੇਂਦਰਾਂ ਵਿੱਚ ਸੇਵਾ ਨਿਭਾਅ ਰਹੇ ਵਿਗਿਆਨੀਆਂ ਵੱਲੋਂ ਕਿਸਾਨਾਂ ਤੱਕ ਖੇਤ ਤਕਨੀਕਾਂ ਪਹੁੰਚਾਉਣ ਲਈ 121 ਵਟਸਐੱਪ ਗਰੁੱਪ ਬਣਾਏ ਗਏ ।
- ਯੂਨੀਵਰਸਿਟੀ ਵੱਲੋਂ ਪੰਜਾਬ ਦੇ ਵੱਖੋ-ਵੱਖ ਪਿੰਡਾਂ ਵਿੱਚ 764 ਪੀਏਯੂ ਦੂਤ ਸ਼ਾਮਲ ਕੀਤੇ ਗਏ ਤਾਂ ਜੋ ਖੇਤ ਤਕਨੀਕਾਂ ਨੂੰ ਈ-ਮੇਲ ਰਾਹੀਂ ਛੋਟੀ ਤੋਂ ਛੋਟੀ ਕਿਸਾਨਾਂ ਤੱਕ ਪਹੁੰਚਾਇਆ ਜਾ ਸਕੇ। ਹੁਣ ਤੱਕ 5873 ਕਿਸਾਨਾਂ ਨੂੰ ਪੀਏਯੂ ਦੂਤ ਵਜੋਂ ਸ਼ਾਮਲ ਕੀਤਾ ਜਾ ਚੁੱਕਾ ਹੈ ।
- ਯੂਨੀਵਰਸਿਟੀ ਵੱਲੋਂ 3,03,361 ਕਿਸਾਨਾਂ ਨੂੰ ਮੌਸਮ ਅਧਾਰਿਤ ਖੇਤੀ ਮਸ਼ਵਰੇ ਪ੍ਰਦਾਨ ਕਰਨ ਲਈ ਸ਼ਾਮਲ ਕੀਤਾ ਗਿਆ ।
- ਸੰਚਾਰ ਕੇਂਦਰ ਵੱਲੋਂ ਕਿਸਾਨਾਂ ਤੱਕ ਖੇਤ ਤਕਨੀਕਾਂ ਦੇ ਤੁਰੰਤ ਪਸਾਰ ਲਈ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਨਾਲ ਲਗਾਤਾਰ ਰਾਬਤਾ ਕਾਇਮ ਰੱਖਿਆ ਜਾਂਦਾ ਹੈ । ਰਿਪੋਰਟ ਅਧੀਨ ਆਉਂਦੇ ਸਮੇਂ ਦੌਰਾਨ ਕੇਂਦਰ ਵੱਲੋਂ ਮਹੀਨਾਵਾਰ ਖੇਤੀ ਰਸਾਲੇ ਪ੍ਰੋਗਰੈਸਿਵ ਫਾਰਮਿੰਗ ਅਤੇ ਚੰਗੀ ਖੇਤੀ ਦੇ 12-12 ਅੰਕ ਜਾਰੀ ਕੀਤੇ ਗਏ । ਇਨ੍ਹਾਂ ਖੇਤੀ ਰਸਾਲਿਆਂ ਦੀ ਸਾਂਝੀ ਸਾਲਾਨਾ ਸਰਕੂਲੇਸ਼ਨ 1,79,800 ਹੈ । ਕੇਂਦਰ ਵੱਲੋਂ ਪੈਕੇਜ ਆਫ਼ ਪ੍ਰੈਕਟਿਸਿਜ਼ ਦੇ ਨਵੇਂ ਐਡੀਸ਼ਨ (ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ) ਅਤੇ 54 ਨਵੇਂ/ਸੋਧੇ ਹੋਏ ਖੇਤ ਬੁਲੇਟਿਨਜ਼ ਪ੍ਰਕਾਸ਼ਿਤ ਕਰਵਾਏ ਗਏ । ਇਸ ਤੋਂ ਇਲਾਵਾ ਕੇਂਦਰ ਵੱਲੋਂ ਅੰਗਰੇਜ਼ੀ ਅਤੇ ਪੰਜਾਬੀ ਦੇ ਵੱਖੋ-ਵੱਖ ਅਖਬਾਰਾਂ ਵਿੱਚ ਪ੍ਰਕਾਸ਼ਨਾ ਹਿਤ ਪ੍ਰੈਸ ਨੋਟ (876) ਅਤੇ ਵਿਗਿਆਨੀਆਂ ਵੱਲੋਂ ਲਿਖੇ ਲੇਖ ਵੱਖ-ਵੱਖ ਰਸਾਲਿਆਂ ਵਿੱਚ ਪ੍ਰਕਾਸ਼ਿਤ ਕਰਵਾਏ ਗਏ। ਕੇਂਦਰ ਨੇ ਪੀਏਯੂ ਵਿਗਿਆਨੀਆਂ ਦੀਆਂ 692 ਟੀ ਵੀ/ਰੇਡੀਓ ਟਾਕਜ਼ ਵੀ ਕਰਵਾਈਆਂ ।
- ਕਿਸਾਨਾਂ ਦੇ ਹਿਤ ਵਾਸਤੇ ਸੋਧੀਆਂ ਹੋਈਆਂ ਖੇਤ ਤਕਨੀਕਾਂ ਜਿਨ੍ਹਾਂ ਵਿੱਚ ਫ਼ਸਲਾਂ ਦੀਆਂ ਕਿਸਮਾਂ, ਸੰਯੁਕਤ ਕੀਟ ਪ੍ਰਬੰਧਨ

ਤਕਨੀਕਾਂ, ਪਰਾਲੀ ਦੀ ਸਾਂਭ-ਸੰਭਾਲ ਦੀਆਂ ਤਕਨੀਕਾਂ ਆਦਿ ਉੱਤੇ ਮੋਬਾਇਲ ਫੋਨਾਂ ਲਈ 22 ਵੀਡੀਓ ਕੈਪਸੂਲਜ਼ ਵੀ ਤਿਆਰ ਕੀਤੇ ਗਏ ।

### ਸਮਝੌਤੇ ਦੇ ਯਾਦ ਪੱਤਰ

ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ/ਸੰਗਠਨਾਂ ਨਾਲ ਆਪਣੇ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਪੀਏਯੂ ਨੇ ਸਾਲ 2017-18 ਦੌਰਾਨ ਹੇਠ ਲਿਖੇ ਸੰਗਠਨਾਂ ਨਾਲ ਸਮਝੌਤੇ ਦੇ ਛੇ ਯਾਦ ਪੱਤਰ ਸਹੀਬੱਧ ਕੀਤੇ :

- ਆਰ ਪੀ ਆਰ ਓ ਅਤੇ ਜੀ ਆਈ ਜ਼ੈੱਡ, ਜਰਮਨੀ
- ਖੁਸ਼ਕ ਇਲਾਕਿਆਂ ਵਿੱਚ ਖੇਤੀ ਖੋਜ ਲਈ ਅੰਤਰਰਾਸ਼ਟਰੀ ਕੇਂਦਰ (ਆਈ ਸੀ ਏ ਆਰ ਡੀ ਏ)
- ਡਾ. ਵਾਈ ਐੱਸ ਪਰਮਾਰ ਯੂਨੀਵਰਸਿਟੀ ਆਫ਼ ਹਾਰਟੀਕਲਚਰ ਐਂਡ ਫਾਰਿਸਟਰੀ, ਨੌਨੀ, ਸੋਲਨ
- ਭਾਰਤੀ ਖੇਤੀ ਖੋਜ ਪ੍ਰੀਸ਼ਦ (ਆਈ ਸੀ ਏ ਆਰ)-ਮੱਕੀ ਖੋਜ ਦਾ ਭਾਰਤੀ ਸੰਸਥਾਨ (ਆਈ ਆਈ ਐਮ ਆਰ), ਲੁਧਿਆਣਾ
- ਭਾਰਤੀ ਖੇਤੀ ਖੋਜ ਪ੍ਰੀਸ਼ਦ-ਸੀਫ਼ੇਟ, ਲੁਧਿਆਣਾ
- ਡਿਪਾਰਟਮੈਂਟ ਆਫ਼ ਇੰਡਸਟ੍ਰੀਜ਼ ਐਂਡ ਕਾਮਰਸ, ਚੰਡੀਗੜ੍ਹ

### ਮਾਣ-ਸਨਮਾਨ

- ਭਾਰਤੀ ਖੇਤੀ ਖੋਜ ਪ੍ਰੀਸ਼ਦ, ਨਵੀਂ ਦਿੱਲੀ ਵੱਲੋਂ ਸਾਲ 2017 ਦੌਰਾਨ ਖੇਤੀਬਾੜੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਨਾਂ ਦੀ ਕੀਤੀ ਦਰਜਾਬੰਦੀ ਵਿੱਚ ਪੀਏਯੂ ਨੂੰ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਵਿੱਚੋਂ ਪਹਿਲਾ ਅਤੇ ਖੋਜ ਸੰਸਥਾਨਾਂ ਵਿੱਚੋਂ ਤੀਜਾ ਦਰਜਾ ਦਿੱਤਾ ਗਿਆ ।
- ਇੰਡੀਆ ਟੂਡੇ ਮੈਗਜ਼ੀਨ ਵੱਲੋਂ ਅਜ਼ਾਦੀ ਦੇ 70 ਸਾਲ ਦੇ ਵਿਸ਼ੇਸ਼ ਅੰਕ (ਅਗਸਤ 2017) ਵਿੱਚ ਪੀਏਯੂ ਨੂੰ ਆਧੁਨਿਕ ਭਾਰਤ ਦਾ ਚਾਨਣ ਮੁਨਾਰਾ ਐਲਾਨਿਆ ਗਿਆ । "ਹਾਰਵੈਸਟ ਆਫ਼ ਰਿਚਿਜ਼" ਸਿਰਲੇਖ ਅਧੀਨ ਹਰੀ ਕ੍ਰਾਂਤੀ ਲਿਆਉਣ ਵਿੱਚ ਪੀਏਯੂ ਦੀ ਭੂਮਿਕਾ ਜਿਸਦੇ ਤਹਿਤ ਭਾਰਤ ਅੰਨ ਭੰਡਾਰ ਵਿੱਚ ਸਵੈ-ਨਿਰਭਰ ਹੋ ਸਕਿਆ, ਨੂੰ ਖੂਬ ਸਲਾਹਿਆ ਗਿਆ।
- ਕਮਾਦ ਉੱਤੇ ਸਰਵ ਭਾਰਤੀ ਕੋਆਰਡੀਨੇਟਿਡ ਖੋਜ ਪ੍ਰੋਜੈਕਟ (ਏ ਆਈ ਸੀ ਆਰ ਪੀ) ਅਧੀਨ ਪੀਏਯੂ ਦੇ ਖੇਤਰੀ ਖੋਜ ਸਟੇਸ਼ਨ ਕਪੂਰਥਲਾ ਨੂੰ "ਸਰਵੋਤਮ ਕਮਾਦ ਖੋਜ ਕੇਂਦਰ 2017-18" ਵਜੋਂ ਸਨਮਾਨਿਆ ਗਿਆ ।
- ਪੀਏਯੂ ਦੇ ਸਰਵ-ਭਾਰਤੀ ਕੋਆਰਡੀਨੇਟਿਡ ਖੋਜ ਪ੍ਰੋਜੈਕਟ-ਰਾਸ਼ਟਰੀ ਬੀਜ ਪ੍ਰੋਜੈਕਟ ਦੇ ਕੇਂਦਰ ਨੂੰ ਸਾਲ 2018 ਵਿੱਚ ਬਰੀਡਰ ਬੀਜ ਉਤਪਾਦਨ ਵਿੱਚ ਸਰਵੋਮਤਾ ਦਿਖਾਣ ਲਈ ਸਨਮਾਨਿਆ ਗਿਆ ।
- ਯੂਨੀਵਰਸਿਟੀ ਦੇ ਵਣ ਖੇਤੀ ਉੱਤੇ ਸਰਵ ਭਾਰਤੀ ਕੋਆਰਡੀਨੇਟਿਡ ਖੋਜ ਪ੍ਰੋਜੈਕਟ ਨੇ "ਬੈਸਟ ਸੈਂਟਰ ਐਵਾਰਡ 2017" ਹਾਸਲ ਹੋਇਆ ।
- ਯੂਨੀਵਰਸਿਟੀ ਨੂੰ "ਪਿਆਜ ਅਤੇ ਲਸਣ ਦੀ ਖੋਜ ਲਈ ਸਰਵੋਤਮ ਕੇਂਦਰ 2017-18" ਐਲਾਨਿਆ ਗਿਆ ।
- ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਅਤੇ ਐਗਰੀਕਲਚਰਲ ਬਾਇਓਟੈਕਨੋਲਜੀ ਵਿਭਾਗ ਦੇ ਵਿਗਿਆਨੀਆਂ ਨੂੰ "ਜੀਨ ਸਟੀਵਾਰਡਸ਼ਿਪ ਐਵਾਰਡ 2018" ਹਾਸਲ ਹੋਇਆ ।

# ਸਾਲਾਨਾ ਰਿਪੋਰਟ

## 2017-18

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀ 2017-18 ਦੀ ਸਾਲਾਨਾ ਰਿਪੋਰਟ

**ਤਸਦੀਕ ਕੀਤੀ**

ਚੰਡੀਗੜ੍ਹ, ਮਿਤੀ

ਹਸਤਾਖਰ

**ਮੁੱਖ ਮੰਤਰੀ, ਪੰਜਾਬ**
ਮੰਤਰਾਲਾ ਇੰਚਾਰਜ,
ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ